Watch
PUNJAB MAIL USA
TV Channel
On IP box, App, Website
For Advertisment
916-320-9444

A Voice of NRI's
ਸੈਕਰਾਮੈਂਟੋ ਤੋਂ ਪ੍ਰਕਾਸ਼ਤ ਹੋਣ ਵਾਲਾ ਪਹਿਲਾ ਪੰਜਾਬੀ ਅਖ਼ਬਾਰ

# ਪੰਜਾਬ ਮੇਲ

ਯੂ. ਐੱਸ. ਏ.

Chief Editor: Gurjatinder Singh Randhawa

Punjab Mail USA




Vol. 19, Issue- 840, 06 to 12 Feb., 2025, Ph: 916-320-9444, E-mail: punjabmailusa@yahoo.com, Web: punjabmailusa.com

# ਅਮਰੀਕਾ ਤੋਂ ਡਿਪੋਰਟ ਹੋਏ 205 ਗੈਰ ਕਾਨੂੰਨੀ ਪ੍ਰਵਾਸੀ ਭਾਰਤੀ ਅੰਮ੍ਰਿਤਸਰ ਇੰਟਰਨੈਸ਼ਨਲ ਏਅਰਪੋਰਟ 'ਤੇ ਪਹੁੰਚੇ

## 18,000 ਗੈਰ ਕਾਨੂੰਨੀ ਅਮਰੀਕਾ 'ਚ ਰਹਿ ਰਹੇ ਪ੍ਰਵਾਸੀਆਂ 'ਤੇ ਵੀ ਲਟਕੀ ਤਲਵਾਰ





**ਅੰਮ੍ਰਿਤਸਰ/ਨਵੀਂ ਦਿੱਲੀ, (ਪੰਜਾਬ ਮੇਲ)-** ਅਮਰੀਕਾ ਦੇ ਨਵੇਂ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਗ਼ੈਰ-ਕਾਨੂੰਨੀ ਪ੍ਰਵਾਸੀਆਂ ਖ਼ਿਲਾਫ਼ ਸਖ਼ਤ ਸਮੂਹਿਕ ਦੇਸ਼ ਨਿਕਾਲੇ ਦੀ ਮੁਹਿੰਮ ਤਹਿਤ ਇਕ ਅਮਰੀਕੀ ਫੌਜੀ ਸੀ-17 ਜਹਾਜ਼ 205 ਗ਼ੈਰ-ਕਾਨੂੰਨੀ ਪ੍ਰਵਾਸੀ ਭਾਰਤੀਆਂ ਨੂੰ ਲੈ ਕੇ ਅੰਮ੍ਰਿਤਸਰ ਕੌਮਾਂਤਰੀ ਹਵਾਈ ਅੱਡੇ 'ਤੇ ਪਹੁੰਚ ਚੁੱਕਿਆ ਹੈ। ਸੂਤਰਾਂ ਮੁਤਾਬਕ ਇਨ੍ਹਾਂ ਵਿਚੋਂ ਕ੍ਰਿਮੀਨਲ ਰਿਕਾਰਡ ਵਾਲੇ ਲੋਕਾਂ ਨੂੰ ਏਅਰਪੋਰਟ 'ਤੇ ਹੀ ਗ੍ਰਿਫ਼ਤਾਰ ਕੀਤਾ ਜਾ ਸਕਦਾ ਹੈ। ਪਹਿਲਾਂ ਇਹ ਜਹਾਜ਼ ਦਿੱਲੀ ਅੰਤਰਰਾਸ਼ਟਰੀ ਹਵਾਈ ਅੱਡੇ 'ਤੇ ਉਤਰਨਾ ਸੀ।

ਵਾਪਸ ਲਿਆਂਦੇ ਗਏ 205 ਭਾਰਤੀਆਂ ਵਿਚੋਂ 104 ਦੀ ਲਿਸਟ ਸਾਹਮਣੇ ਆਈ ਹੈ, ਜਿਨ੍ਹਾਂ ਵਿਚੋਂ 30 ਪੰਜਾਬ ਤੋਂ ਹਨ, 2 ਚੰਡੀਗੜ੍ਹ ਤੋਂ, ਜਦਕਿ 33 ਹਰਿਆਣਾ ਦੇ ਰਹਿਣ ਵਾਲੇ ਹਨ। ਇਸ ਤੋਂ ਇਲਾਵਾ 33 ਗੁਜਰਾਤ ਤੋਂ, 3 ਉੱਤਰ ਪ੍ਰਦੇਸ਼ ਅਤੇ 3 ਮਹਾਰਾਸ਼ਟਰ ਤੋਂ ਹਨ। ਸੂਤਰਾਂ ਮੁਤਾਬਕ ਇਨ੍ਹਾਂ ਵਿਚ 13 ਨਾਬਾਲਗ ਵੀ ਸ਼ਾਮਲ ਹਨ, ਜੋ ਗੈਰ-ਕਾਨੂੰਨੀ ਢੰਗ ਨਾਲ ਅਮਰੀਕਾ ਗਏ ਸਨ।

ਲਿਸਟ ਵਿਚ ਸ਼ਾਮਲ ਪੰਜਾਬੀਆਂ 'ਚ ਜ਼ਿਆਦਾਤਰ ਲੋਕ ਦੋਆਬੇ ਨਾਲ ਸਬੰਧਤ ਹਨ, ਜਿਨ੍ਹਾਂ 'ਚੋਂ 4 ਲੋਕ ਜਲੰਧਰ ਨਾਲ ਸਬੰਧਤ ਦੱਸੇ ਜਾ ਰਹੇ ਹਨ। ਇਸ ਦੇ ਨਾਲ ਹੀ ਭੁਲੱਥ, ਕਪੂਰਥਲਾ, ਪਟਿਆਲਾ, ਅੰਮ੍ਰਿਤਸਰ, ਜਗਰਾਓਂ ਤੇ ਹੋਰ ਇਲਾਕਿਆਂ ਦੇ ਲੋਕ ਵੀ ਜਹਾਜ਼ ਵਿਚ ਸ਼ਾਮਲ ਹਨ। ਇਨ੍ਹਾਂ ਵਿਚ ਤਿੰਨ ਕੁੜੀਆਂ ਵੀ ਸ਼ਾਮਲ ਹਨ। ਇਹ ਤਿੰਨੋ ਅੰਮ੍ਰਿਤਸਰ, ਜਗਰਾਓਂ ਅਤੇ ਭੁਲੱਥ ਨਾਲ ਸਬੰਧਤ ਹਨ। ਖ਼ਾਸ ਗੱਲ ਇਹ ਹੈ ਕਿ ਇਨ੍ਹਾਂ ਤਿੰਨਾਂ ਦੀ ਉਮਰ ਹੀ 30 ਸਾਲ ਤੋਂ ਘੱਟ ਹੈ। ਭੁਲੱਥ ਦਾ ਹੀ 10 ਸਾਲ ਦਾ ਬੱਚਾ ਵੀ ਸ਼ਾਮਲ ਹੈ। ਇਸ ਦੇ ਨਾਲ ਹੀ ਕਪੂਰਥਲਾ ਦੇ 6, ਅੰਮ੍ਰਿਤਸਰ 5, ਜਲੰਧਰ ਤੇ ਪਟਿਆਲਾ ਦੇ 4-4 ਤੇ ਹੁਸ਼ਿਆਰਪੁਰ ਦੇ 2 ਲੋਕ ਸ਼ਾਮਲ ਹਨ।

ਪੰਜਾਬ ਪੁਲਿਸ ਨੇ ਅਪਰਾਧਿਕ ਪਿਛੋਕੜ ਵਾਲੇ ਕਰੀਬ 100 ਲੋੜੀਂਦੇ ਅਪਰਾਧੀਆਂ ਦੀ ਸੂਚੀ ਤਿਆਰ ਕੀਤੀ ਹੈ, ਜਿਨ੍ਹਾਂ ਵਿਚੋਂ 20 ਜਣਿਆਂ ਦੇ ਅਮਰੀਕਾ ਵਿਚ ਲੁਕੇ ਹੋਣ ਦਾ ਖ਼ਦਸ਼ਾ ਹੈ। ਪੰਜਾਬ ਪੁਲਿਸ ਨੇ ਇਹ ਦਾਅਵਾ ਅਜਿਹੇ ਮੌਕੇ ਕੀਤਾ ਹੈ, ਜਦੋਂ ਗੈਰਕਾਨੂੰਨੀ ਭਾਰਤੀ ਪ੍ਰਵਾਸੀਆਂ ਨੂੰ ਲੈ ਕੇ ਅਮਰੀਕੀ ਫੌਜੀ ਮਾਲਵਾਹਕ ਜਹਾਜ਼ ਭਾਰਤ ਪਹੁੰਚਿਆ ਹੈ। ਪੰਜਾਬ ਪੁਲਿਸ ਕੋਲ ਹਾਲਾਂਕਿ ਵਾਪਸ ਭਾਰਤ ਭੇਜੇ ਗਏ ਗ਼ੈਰਕਾਨੂੰਨੀ ਪ੍ਰਵਾਸੀਆਂ ਦੀ ਪਛਾਣ ਬਾਰੇ ਕੋਈ ਜਾਣਕਾਰੀ ਨਹੀਂ ਹੈ। ਪੁਲਿਸ ਪ੍ਰਵਾਸੀਆਂ ਦੀ ਪਛਾਣ ਅਤੇ ਡਿਪੋਰਟੇਸ਼ਨ ਦੀ ਪ੍ਰਕਿਰਿਆ ਦੇ ਸਬੰਧ ਵਿਚ ਵਿਦੇਸ਼ ਤੇ ਗ੍ਰਹਿ ਮੰਤਰਾਲਿਆਂ ਦੇ ਨਾਲ ਕੌਮੀ ਜਾਂਚ ਏਜੰਸੀ (ਐੱਨ.ਆਈ.ਏ.) ਦੇ ਸੰਪਰਕ ਵਿਚ ਹੈ।

ਅਮਰੀਕੀ ਦੂਤਾਵਾਸ ਦੇ ਬੁਲਾਰੇ ਨੇ ਕਿਹਾ ਕਿ ਇਹ ਘਟਨਾ ਇੱਕ ਸਪੱਸ਼ਟ ਸੰਦੇਸ਼ ਦਿੰਦੀ ਹੈ ਕਿ ਅਮਰੀਕਾ ਗੈਰ-ਕਾਨੂੰਨੀ ਇਮੀਗ੍ਰੇਸ਼ਨ ਨਾਲ ਕੋਈ ਜ਼ੋਖਮ ਨਹੀਂ ਲੈਣ ਵਾਲਾ। ਉਨ੍ਹਾਂ ਕਿਹਾ, "ਮੈਨੂੰ ਭਾਰਤ ਭੇਜੇ ਜਾਣ ਵਾਲੇ ਜਹਾਜ਼ ਦੀਆਂ ਰਿਪੋਰਟਾਂ 'ਤੇ ਕਈ ਪੁੱਛਗਿੱਛਾਂ ਮਿਲੀਆਂ ਹਨ। ਮੈਂ ਉਨ੍ਹਾਂ ਦੀਆਂ ਪੁੱਛਗਿੱਛਾਂ 'ਤੇ ਕੋਈ ਵੇਰਵਾ ਸਾਂਝਾ ਨਹੀਂ ਕਰ ਸਕਦਾ, ਪਰ ਮੈਂ ਰਿਕਾਰਡ 'ਤੇ ਇਹ ਸਾਂਝਾ ਕਰ ਸਕਦਾ ਹਾਂ ਕਿ ਅਮਰੀਕਾ ਆਪਣੀ ਸਰਹੱਦ, ਇਮੀਗ੍ਰੇਸ਼ਨ ਅਤੇ ਹੋਰ ਏਜੰਸੀਆਂ ਦੀ ਸਖ਼ਤੀ ਨਾਲ ਰੱਖਿਆ ਕਰ ਰਿਹਾ ਹੈ।"

ਇਕ ਰਿਪੋਰਟ ਅਨੁਸਾਰ, ਅਮਰੀਕਾ ਵਿਚ 18000 ਤੋਂ ਵੱਧ ਭਾਰਤੀ ਗੈਰ-ਕਾਨੂੰਨੀ ਤੌਰ 'ਤੇ ਰਹਿ ਰਹੇ ਹਨ। ਅਜਿਹੇ ਭਾਰਤੀਆਂ ਦੇ ਵੀਜ਼ੇ ਜਾਂ ਤਾਂ ਖਤਮ ਹੋ ਗਏ ਹਨ ਜਾਂ ਉਹ ਗੈਰ-ਕਾਨੂੰਨੀ ਢੰਗ ਨਾਲ ਅਮਰੀਕਾ ਵਿਚ ਦਾਖਲ ਹੋਏ ਹਨ। ਇਹ ਡਰ ਹੈ ਕਿ ਅਮਰੀਕਾ ਭਵਿੱਖ ਵਿਚ ਹੋਰ ਬਹੁਤ ਸਾਰੇ ਭਾਰਤੀਆਂ ਨੂੰ ਵਾਪਸ ਭੇਜਣ ਵਾਲਾ ਹੈ। ਅਮਰੀਕਾ ਵਿਚ ਜਿਨ੍ਹਾਂ ਭਾਰਤੀਆਂ ਦੇ ਸਿਰ 'ਤੇ ਡਿਪੋਰਟੇਸ਼ਨ ਦੀ ਤਲਵਾਰ ਲਟਕ ਰਹੀ ਹੈ, ਉਨ੍ਹਾਂ ਵਿਚੋਂ ਬਹੁਤੇ 'ਡੰਕੀ ਰੂਟ' ਰਾਹੀਂ ਜਾਂ ਗੈਰਕਾਨੂੰਨੀ ਤਰੀਕੇ ਨਾਲ ਲੱਖਾਂ ਰੁਪਏ ਖਰਚ ਕੇ ਅਮਰੀਕਾ ਦਾਖ਼ਲ ਹੋਏ ਸਨ।

ਦੱਸ ਦੇਈਏ ਕਿ ਟਰੰਪ ਨੇ ਪਿਛਲੇ ਮਹੀਨੇ ਪੱਤਰਕਾਰਾਂ ਨੂੰ ਕਿਹਾ ਸੀ, "ਇਤਿਹਾਸ ਵਿਚ ਪਹਿਲੀ ਵਾਰ, ਅਸੀਂ ਗੈਰ-ਕਾਨੂੰਨੀ ਵਿਦੇਸ਼ੀਆਂ ਦਾ ਪਤਾ ਲਗਾ ਰਹੇ ਹਾਂ ਅਤੇ ਉਨ੍ਹਾਂ ਨੂੰ ਫੌਜੀ ਜਹਾਜ਼ਾਂ ਵਿਚ ਉਨ੍ਹਾਂ ਦੇ ਦੇਸ਼ ਵਾਪਸ ਭੇਜ ਰਹੇ ਹਾਂ।" ਭਾਰਤ ਨੇ ਕਿਹਾ ਹੈ ਕਿ ਉਹ ਇਸ ਮੁੱਦੇ 'ਤੇ ਅਮਰੀਕੀ ਪ੍ਰਸ਼ਾਸਨ ਦੀ ਮਦਦ ਕਰੇਗਾ। ਹਾਲ ਹੀ ਵਿਚ, ਵਿਦੇਸ਼ ਮੰਤਰੀ ਐੱਸ. ਜੈਸ਼ੰਕਰ ਨੇ ਕਿਹਾ ਸੀ ਕਿ ਭਾਰਤ ਇਸ ਮਾਮਲੇ ਵਿਚ ਅਮਰੀਕਾ ਦੀ ਮਦਦ ਕਰਨ ਲਈ ਤਿਆਰ ਹੈ।

ਅਮਰੀਕੀ ਵਿਦੇਸ਼ ਮੰਤਰੀ ਮਾਰਕੋ ਰੁਬੀਓ ਨੇ ਪਿਛਲੇ ਮਹੀਨੇ ਵਾਸ਼ਿੰਗਟਨ 'ਚ ਵਿਦੇਸ਼ ਮੰਤਰੀ ਐੱਸ. ਜੈਸ਼ੰਕਰ ਨਾਲ ਆਪਣੀ ਪਹਿਲੀ ਦੋ-ਪੱਖੀ ਬੈਠਕ ਦੌਰਾਨ 'ਅਨਿਯਮਿਤ ਮਾਈਗ੍ਰੇਸ਼ਨ' 'ਤੇ ਚਿੰਤਾ ਪ੍ਰਗਟਾਈ ਸੀ। ਇਸ ਕੜੀ 'ਚ ਟਰੰਪ ਪ੍ਰਸ਼ਾਸਨ ਨੇ ਗ਼ੈਰ-ਕਾਨੂੰਨੀ ਪ੍ਰਵਾਸੀਆਂ ਨੂੰ ਉਨ੍ਹਾਂ ਦੇ ਦੇਸ਼ਾਂ 'ਚ ਵਾਪਸ ਭੇਜਣਾ ਸ਼ੁਰੂ ਕਰ ਦਿੱਤਾ ਹੈ ਅਤੇ ਪ੍ਰਵਾਸੀਆਂ ਨੂੰ ਵਾਪਸ ਭੇਜਣ ਲਈ ਫੌਜੀ ਜਹਾਜ਼ਾਂ ਦੀ ਵਰਤੋਂ ਕੀਤੀ ਜਾ ਰਹੀ ਹੈ। ਨਾਲ ਹੀ, ਪ੍ਰਵਾਸੀਆਂ ਨੂੰ ਰੱਖਣ ਲਈ ਮਿਲਟਰੀ ਬੇਸ ਖੋਲ੍ਹ ਰਿਹਾ ਹੈ।

ਰਿਪੋਰਟ 'ਚ ਕਿਹਾ ਗਿਆ ਹੈ ਕਿ ਹੁਣ ਤੱਕ ਅਮਰੀਕੀ ਫੌਜੀ ਜਹਾਜ਼ਾਂ ਨੇ ਪ੍ਰਵਾਸੀਆਂ ਨੂੰ ਗਵਾਟੇਮਾਲਾ, ਪੇਰੂ ਅਤੇ ਹੋਂਡੂਰਾਸ ਪਹੁੰਚਾਇਆ ਹੈ। ਧਿਆਨਯੋਗ ਹੈ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ 12 ਜਾਂ 13 ਫਰਵਰੀ ਨੂੰ ਅਮਰੀਕਾ ਦਾ ਦੌਰਾ ਕਰਨ ਅਤੇ ਰਾਸ਼ਟਰਪਤੀ ਡੋਨਾਲਡ ਟਰੰਪ ਨਾਲ ਮੁਲਾਕਾਤ ਕਰਨ ਦੇ ਪ੍ਰੋਗਰਾਮ ਦਰਮਿਆਨ ਗ਼ੈਰ-ਕਾਨੂੰਨੀ ਭਾਰਤੀ ਪ੍ਰਵਾਸੀਆਂ ਨੂੰ ਭਾਰਤ ਵਾਪਸ ਭੇਜਣ ਦੀ ਗੱਲ ਸਾਹਮਣੇ ਆਈ ਹੈ।

ਅੰਮ੍ਰਿਤਸਰ ਐਡਮਨਿਸਟ੍ਰੇਸ਼ਨ ਨਾਲ ਜੁੜੇ ਸੂਤਰਾਂ ਅਨੁਸਾਰ, ਅਮਰੀਕੀ ਜਹਾਜ਼ 'ਚ ਆ ਰਹੇ ਸਾਰੇ ਲੋਕਾਂ ਦੇ ਅੰਮ੍ਰਿਤਸਰ ਹਵਾਈ ਅੱਡੇ 'ਤੇ ਦਸਤਾਵੇਜ਼ ਚੈੱਕ ਕੀਤੇ ਜਾਣਗੇ। ਇਮੀਗ੍ਰੇਸ਼ਨ ਆਦਿ ਤੋਂ ਇਲਾਵਾ ਇਨ੍ਹਾਂ ਲੋਕਾਂ ਦਾ ਪੂਰਾ ਬੈਕਗਰਾਊਂਡ, ਖਾਸ ਕਰ ਕੇ ਕ੍ਰਿਮੀਨਲ ਰਿਕਾਰਡ ਵੀ ਚੈੱਕ ਕੀਤਾ ਜਾਵੇਗਾ। ਜੇ ਕਿਸੇ ਦਾ ਕ੍ਰਿਮੀਨਲ ਰਿਕਾਰਡ ਨਿਕਲਿਆ ਤਾਂ ਉਸ ਨੂੰ ਏਅਰਪੋਰਟ 'ਤੇ ਹੀ ਗ੍ਰਿਫਤਾਰ ਕਰ ਲਿਆ ਜਾਵੇਗਾ। ਇਸ ਪ੍ਰਕਿਰਿਆ 'ਚ ਪੂਰਾ ਦਿਨ ਲੱਗ ਸਕਦਾ ਹੈ। ਸੂਤਰਾਂ ਅਨੁਸਾਰ, ਅਮਰੀਕਾ ਤੋਂ ਡਿਪੋਰਟ ਹੋਏ ਇਨ੍ਹਾਂ ਭਾਰਤੀਆਂ 'ਚ ਕੁਝ ਲੋਕ ਅਜਿਹੇ ਹੋ ਸਕਦੇ ਹਨ, ਜੋ ਭਾਰਤ 'ਚ ਕੋਈ ਨਾ ਕੋਈ ਅਪਰਾਧ ਕਰਕੇ ਅਮਰੀਕਾ ਨਿਕਲ ਗਏ ਹੋਣ।

### ਅਮਰੀਕਾ ਇਮੀਗ੍ਰੇਸ਼ਨ ਕਾਨੂੰਨਾਂ ਨੂੰ ਕਰ ਰਿਹਾ ਸਖ਼ਤ : ਅਮਰੀਕੀ ਦੂਤਘਰ

ਗ਼ੈਰ-ਕਾਨੂੰਨੀ ਪ੍ਰਵਾਸੀਆਂ ਨੂੰ ਭਾਰਤ ਵਾਪਸ ਭੇਜੇ ਜਾਣ ਦੀਆਂ ਖਬਰਾਂ ਦਰਮਿਆਨ ਇਥੇ ਅਮਰੀਕੀ ਦੂਤਘਰ ਨੇ ਕਿਹਾ ਕਿ ਅਮਰੀਕਾ ਇਮੀਗ੍ਰੇਸ਼ਨ ਕਾਨੂੰਨਾਂ ਨੂੰ ਸਖ਼ਤ ਕਰ ਰਿਹਾ ਹੈ। ਡੋਨਾਲਡ ਟਰੰਪ ਦੇ ਦੂਜੇ ਕਾਰਜਕਾਲ ਲਈ ਅਮਰੀਕਾ ਦਾ ਰਾਸ਼ਟਰਪਤੀ ਬਣਨ ਤੋਂ ਲਗਭਗ 2 ਹਫ਼ਤਿਆਂ ਬਾਅਦ ਗ਼ੈਰ-ਕਾਨੂੰਨੀ ਭਾਰਤੀ ਨਾਗਰਿਕਾਂ ਨੂੰ ਦੇਸ਼ 'ਚੋਂ ਕੱਢਣ ਦਾ ਪਹਿਲਾ ਦੌਰ ਸ਼ੁਰੂ ਹੋਇਆ ਹੈ। ਟਰੰਪ ਨੇ ਅਮਰੀਕਾ 'ਚ ਰਹਿਣ ਵਾਲੇ ਗ਼ੈਰ-ਕਾਨੂੰਨੀ ਪ੍ਰਵਾਸੀਆਂ ਨਾਲ ਨਜਿੱਠਣ ਲਈ ਸਖ਼ਤ ਨੀਤੀਗਤ ਦ੍ਰਿਸ਼ਟੀਕੋਣ ਅਪਣਾਉਣ ਦਾ ਵਾਅਦਾ ਕੀਤਾ ਹੈ ਅਤੇ ਉਹ ਪਹਿਲਾਂ ਹੀ ਇਮੀਗ੍ਰੇਸ਼ਨ ਨਾਲ ਸਬੰਧਤ ਕਈ ਸਰਕਾਰੀ ਹੁਕਮਾਂ 'ਤੇ ਦਸਤਖ਼ਤ ਕਰ ਚੁੱਕੇ ਹਨ।

# ਵਰਕ ਪਰਮਿਟਾਂ ਦੀ ਆਟੋਮੈਟਿਕ ਰਿਨਿਊਅਲ ਦੀ ਮਿਆਦ ਸੰਬੰਧੀ ਨਿਯਮ ਰੱਦ ਕਰਨ ਦੀ ਮੰਗ

**■ ਬਾਇਡਨ ਪ੍ਰਸ਼ਾਸਨ ਦੇ ਇਕ ਹੋਰ ਨਿਯਮ ਨੂੰ ਰੱਦ ਕਰਨ ਲਈ ਸੈਨੇਟਰਾਂ ਵੱਲੋਂ ਮਤਾ ਪੇਸ਼**

ਵਾਸ਼ਿੰਗਟਨ, (ਪੰਜਾਬ ਮੇਲ)- ਇਮੀਗ੍ਰੇਸ਼ਨ ਅਤੇ ਐੱਚ-1ਬੀ ਵੀਜ਼ਾ ’ਤੇ ਚੱਲ ਰਹੀ ਬਹਿਸ ਦਰਮਿਆਨ 2 ਰਿਪਬਲਿਕਨ ਸੈਨੇਟਰਾਂ ਨੇ ਬਾਇਡਨ ਪ੍ਰਸ਼ਾਸਨ ਦੇ ਉਸ ਨਿਯਮ ਨੂੰ ਰੱਦ ਕਰਨ ਲਈ ਇੱਕ ਮਤਾ ਪੇਸ਼ ਕੀਤਾ ਹੈ, ਜਿਸ ਵਿਚ ਵਰਕ ਪਰਮਿਟਾਂ ਦੀ ਆਟੋਮੈਟਿਕ ਰਿਨਿਊਅਲ ਦੀ ਮਿਆਦ 180 ਦਿਨਾਂ ਤੋਂ ਵਧਾ ਕੇ 540 ਦਿਨ ਕਰ ਦਿੱਤੀ ਗਈ ਸੀ। 13 ਜਨਵਰੀ ਨੂੰ ਅਮਰੀਕੀ ਗ੍ਰਹਿ ਸੁਰੱਖਿਆ ਵਿਭਾਗ (ਡੀ.ਐੱਚ.ਐੱਸ.) ਦੁਆਰਾ ਅੰਤਿਮ ਰੂਪ ਦਿੱਤਾ ਗਿਆ, ਇਹ ਨਿਯਮ ਪ੍ਰਵਾਸੀ, ਸ਼ਰਨਾਰਥੀ, ਗ੍ਰੀਨ ਕਾਰਡ ਧਾਰਕ ਅਤੇ ਐੱਚ-1ਬੀ ਅਤੇ ਐੱਲ-1 ਵੀਜ਼ਾ ਧਾਰਕਾਂ ਦੇ ਜੀਵਨ ਸਾਥੀ ਸਮੇਤ ਇੱਕ ਵਿਸ਼ਾਲ ਸਮੂਹ ਨੂੰ ਲਾਭ ਪਹੁੰਚਾਉਂਦਾ ਹੈ। ਇਹ ਵਿਸਥਾਰ ਬਹੁਤ ਸਾਰੇ ਵਿਦੇਸ਼ੀ ਪੇਸ਼ੇਵਰਾਂ, ਖਾਸ ਕਰਕੇ ਭਾਰਤੀ ਨਾਗਰਿਕਾਂ ਲਈ ਵਿਸ਼ੇਸ਼ ਤੌਰ ’ਤੇ ਲਾਭਦਾਇਕ ਰਿਹਾ ਹੈ, ਜੋ ਅਮਰੀਕਾ ਵਿਚ ਆਪਣੀ ਰੁਜ਼ਗਾਰ ਸਥਿਤੀ ਨੂੰ ਬਣਾਈ ਰੱਖਣ ਲਈ ਇਨ੍ਹਾਂ ਵਰਕ ਆਥਰਾਈਜੇਸ਼ਨ ’ਤੇ ਨਿਰਭਰ ਕਰਦੇ ਹਨ। ਸੈਨੇਟਰ ਜੌਨ ਕੈਨੇਡੀ ਅਤੇ ਰਿਕ ਸਕਾਟ ਨੇ ਵੀਰਵਾਰ ਨੂੰ ਕਾਂਗਰੇਸ਼ਨਲ ਰਿਵਿਊ ਐਕਟ ਪ੍ਰਕਿਰਿਆਵਾਂ ਦੇ ਤਹਿਤ ਮਤਾ ਪੇਸ਼ ਕੀਤਾ, ਜਿਸ ਵਿਚ ਇਸ ਵਿਸਥਾਰ ਨੂੰ ਉਲਟਾਉਣ ਦੀ ਮੰਗ ਕੀਤੀ ਗਈ।

ਰਿਪਬਲਿਕਨ ਸੈਨੇਟਰ ਕੈਨੇਡੀ ਅਤੇ ਸਕਾਟ ਦਾ ਦਾਅਵਾ ਹੈ ਕਿ ਇਹ ਨਿਯਮ ਇਮੀਗ੍ਰੇਸ਼ਨ ਕਾਨੂੰਨਾਂ ਦੀ ਨਿਗਰਾਨੀ ਕਰਨਾ ਅਤੇ ਸੁਰੱਖਿਆ ਬਣਾਈ ਰੱਖਣਾ ਔਖਾ ਬਣਾਉਂਦਾ ਹੈ ਕਿਉਂਕਿ ਇਸ ਨਾਲ ਪ੍ਰਵਾਸੀਆਂ ਨੂੰ ਅਮਰੀਕੀ ਅਧਿਕਾਰੀਆਂ ਨੂੰ ਰਿਪੋਰਟ ਕਰਨ ਤੋਂ ਬਚਣ ਲਈ ਵਧੇਰੇ ਸਮਾਂ ਮਿਲ ਜਾਂਦਾ ਹੈ। ਸੈਨੇਟਰ ਕੈਨੇਡੀ ਨੇ ਇਸ ਰਣਨੀਤੀ ਨੂੰ “ਖਤਰਨਾਕ” ਕਿਹਾ ਅਤੇ ਦਾਅਵਾ ਕੀਤਾ ਕਿ ਇਸ ਨਾਲ ਟਰੰਪ ਪ੍ਰਸ਼ਾਸਨ ਦੀ ਇਮੀਗ੍ਰੇਸ਼ਨ ਲਾਗੂ ਕਰਨ ਦੀ ਰਣਨੀਤੀ ਖਤਰੇ ਵਿਚ ਪੈ ਜਾਵੇਗੀ। ਸੈਨੇਟਰਾਂ ਨੇ ਚੇਤਾਵਨੀ ਦਿੱਤੀ ਕਿ ਵਰਕ ਪਰਮਿਟ ਨਵਿਆਉਣ ਦੀ ਮਿਆਦ ਵਧਾਉਣ ਨਾਲ ਉਨ੍ਹਾਂ ਲੋਕਾਂ ਦੀ ਨਿਗਰਾਨੀ ਕਰਨੀ ਮੁਸ਼ਕਲ ਹੋ ਜਾਵੇਗੀ, ਜੋ ਦੇਸ਼ ਵਿਚ ਗੈਰ-ਕਾਨੂੰਨੀ ਤੌਰ ’ਤੇ ਰਹਿ ਰਹੇ ਅਤੇ ਕੰਮ ਕਰ ਰਹੇ ਹਨ।

# ਅਮਰੀਕਾ ’ਚ ਵਾਪਰੇ ਭਿਆਨਕ ਜਹਾਜ਼-ਹੈਲੀਕਾਪਟਰ ਹਾਦਸੇ ਦੇ ਸਾਰੇ 67 ਪੀੜਤਾਂ ਦੀਆਂ ਲਾਸ਼ਾਂ ਬਰਾਮਦ

**ਅਰਲਿੰਗਟਨ (ਅਮਰੀਕਾ), (ਪੰਜਾਬ ਮੇਲ)-** ਅਮਰੀਕਾ ਵਿਚ ਪਿਛਲੇ ਹਫ਼ਤੇ ਵਾਪਰੇ ਭਿਆਨਕ ਜਹਾਜ਼ ਹਾਦਸੇ ਦੇ ਸਾਰੇ 67 ਪੀੜਤਾਂ ਦੀਆਂ ਲਾਸ਼ਾਂ ਬਰਾਮਦ ਕਰ ਲਈਆਂ ਗਈਆਂ ਹਨ। ਅਧਿਕਾਰੀਆਂ ਨੇ ਮੰਗਲਵਾਰ ਨੂੰ ਇਹ ਜਾਣਕਾਰੀ ਦਿੱਤੀ। ਰੀਗਨ ਨੈਸ਼ਨਲ ਏਅਰਪੋਰਟ ਦੇ ਨੇੜੇ ਇੱਕ ਜਹਾਜ਼ ਅਤੇ ਹੈਲੀਕਾਪਟਰ ਵਿਚਕਾਰ ਹਵਾ ਵਿਚ ਟੱਕਰ ਹੋ ਗਈ ਸੀ। ਪੋਟੋਮੈਕ ਨਦੀ ਦੇ ਨੇੜੇ ਵਾਪਰੇ ਇਸ ਹਾਦਸੇ ਵਿਚ ਹਾਦਸਾਗ੍ਰਸਤ ਜਹਾਜ਼ ਦਾ ਮਲਬਾ ਨਦੀ ਵਿਚ ਡਿੱਗ ਗਿਆ। ਅਧਿਕਾਰੀਆਂ ਦੇ ਹਵਾਲੇ ਨਾਲ ਇੱਕ ਨਿਊਜ਼ ਰਿਲੀਜ਼ ਵਿਚ ਕਿਹਾ ਗਿਆ ਹੈ ਕਿ ਮੁੱਖ ਮੈਡੀਕਲ ਜਾਂਚਕਰਤਾ ਅਜੇ ਵੀ ਕੁਝ ਲਾਸ਼ਾਂ ਦੀ ਪਛਾਣ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। ਮੰਗਲਵਾਰ ਨੂੰ ਪੋਟੋਮੈਕ ਨਦੀ ਤੋਂ ਮਲਬਾ ਹਟਾਉਣ ਦਾ ਕੰਮ ਜਾਰੀ ਰਿਹਾ, ਜਿੱਥੇ ਪਿਛਲੇ ਹਫ਼ਤੇ ਬੁੱਧਵਾਰ ਰਾਤ ਨੂੰ ਜਹਾਜ਼ ਹਾਦਸਾਗ੍ਰਸਤ ਹੋਇਆ ਸੀ। ਇਹ ਹਾਦਸਾ ਉਸ ਸਮੇਂ ਵਾਪਰਿਆ, ਜਦੋਂ ਅਮਰੀਕਨ ਏਅਰਲਾਈਨਜ਼ ਦਾ ਜਹਾਜ਼ ਨੇੜਲੇ ਰੋਨਾਲਡ ਰੀਗਨ ਰਾਸ਼ਟਰੀ ਹਵਾਈ ਅੱਡੇ ’ਤੇ ਉਤਰਨ ਵਾਲਾ ਸੀ।

# ਜੇ ਮੇਰਾ ਕਤਲ ਹੁੰਦੈ, ਤਾਂ ਈਰਾਨ ਨੂੰ ਤਬਾਹ ਕਰ ਦਿਓ : ਟਰੰਪ

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਮੰਗਲਵਾਰ ਨੂੰ ਕਿਹਾ ਕਿ ਉਨ੍ਹਾਂ ਨੇ ਆਪਣੇ ਸਲਾਹਕਾਰਾਂ ਨੂੰ ਨਿਰਦੇਸ਼ ਦਿੱਤੇ ਹਨ ਕਿ ਜੇਕਰ ਈਰਾਨ ਉਨ੍ਹਾਂ ਦਾ ਕਤਲ ਕਰਦਾ ਹੈ, ਤਾਂ ਉਸ ਨੂੰ ਤਬਾਹ ਕਰ ਦਿੱਤਾ ਜਾਵੇ। ਈਰਾਨ ’ਤੇ ਵੱਧ ਤੋਂ ਵੱਧ ਦਬਾਅ ਪਾਉਣ ਲਈ ਕਾਰਜਕਾਰੀ ਆਦੇਸ਼ ’ਤੇ ਦਸਤਖਤ ਕਰਦੇ ਹੋਏ ਟਰੰਪ ਨੇ ਪੱਤਰਕਾਰਾਂ ਨੂੰ ਕਿਹਾ, “ਜੇਕਰ ਉਸ ਨੇ (ਈਰਾਨ ਨੇ) ਅਜਿਹਾ (ਉਨ੍ਹਾਂ ਦਾ ਕਤਲ) ਕੀਤਾ, ਤਾਂ ਉਸ ਨੂੰ ਤਬਾਹ ਕਰ ਦਿੱਤਾ ਜਾਵੇਗਾ। ਮੈਂ ਆਪਣੇ ਸਲਾਹਕਾਰਾਂ ਨੂੰ ਨਿਰਦੇਸ਼ ਦਿੱਤੇ ਹਨ, ਜਿਸ ਤੋਂ ਬਾਅਦ ਕੁਝ ਵੀ ਨਹੀਂ ਬਚੇਗਾ।”

ਅਮਰੀਕੀ ਨਿਆਂ ਵਿਭਾਗ ਨੇ ਨਵੰਬਰ ਵਿਚ ਦੋਸ਼ ਲਗਾਏ ਸਨ ਕਿ ਰਾਸ਼ਟਰਪਤੀ ਚੋਣਾਂ ਤੋਂ ਪਹਿਲਾਂ ਈਰਾਨ ਨੇ ਟਰੰਪ ਦਾ ਕਤਲ ਕਰਨ ਦੀ ਸਾਜ਼ਿਸ਼ ਰਚੀ ਸੀ, ਜਿਸ ਨੂੰ ਨਾਕਾਮ ਕਰ ਦਿੱਤਾ ਗਿਆ। ਵਿਭਾਗ ਨੇ ਦੋਸ਼ ਲਗਾਇਆ ਸੀ ਕਿ ਈਰਾਨੀ ਅਧਿਕਾਰੀਆਂ ਨੇ ਸਤੰਬਰ ਵਿਚ ਫਰਹਾਦ ਸ਼ਕੇਰੀ (51) ਨਾਮ ਦੇ ਇੱਕ ਵਿਅਕਤੀ ਨੂੰ ਟਰੰਪ ਦੀ ਨਿਗਰਾਨੀ ਕਰਨ ਅਤੇ ਉਨ੍ਹਾਂ ਦਾ ਕਤਲ ਕਰਨ ਦਾ ਨਿਰਦੇਸ਼ ਦਿੱਤਾ ਸੀ। ਸ਼ਕੇਰੀ ਅਜੇ ਵੀ ਇਰਾਨ ਵਿਚ ਹੈ।

# ਗਾਜ਼ਾ ਪੱਟੀ ’ਤੇ ਆਪਣਾ ਅਧਿਕਾਰ ਜਤਾਵਾਂਗੇ : ਟਰੰਪ

**■ ਕਿਹਾ : ਅਮਰੀਕਾ ਗਾਜ਼ਾ ਪੱਟੀ ’ਤੇ ਕਬਜ਼ਾ ਕਰਕੇ ਇਸ ਦਾ ਵਿਕਾਸ ਕਰੇਗਾ**
**■ ਇਜ਼ਰਾਈਲੀ ਪ੍ਰਧਾਨ ਮੰਤਰੀ ਨੇਤਨਯਾਹੂ ਨਾਲ ਵ੍ਹਾਈਟ ਹਾਊਸ ’ਚ ਕੀਤੀ ਮੁਲਾਕਾਤ**

ਵਾਸ਼ਿੰਗਟਨ, (ਪੰਜਾਬ ਮੇਲ)- ਇਜ਼ਰਾਈਲ ਦੇ ਪ੍ਰਧਾਨ ਮੰਤਰੀ ਨੇਤਨਯਾਹੂ ਅਮਰੀਕੀ ਰਾਸ਼ਟਰਪਤੀ



ਡੋਨਾਲਡ ਟਰੰਪ ਨੂੰ ਮਿਲਣ ਲਈ ਵ੍ਹਾਈਟ ਹਾਊਸ ਪਹੁੰਚੇ। ਇਸ ਦੌਰਾਨ ਦੋਹਾਂ ਨੇਤਾਵਾਂ ਵਿਚਾਲੇ ਲੰਬੀ ਗੱਲਬਾਤ ਹੋਈ। ਇਸ ਸਾਲ 20 ਜਨਵਰੀ ਨੂੰ ਦਫਤਰ ਪਰਤਣ ਤੋਂ ਬਾਅਦ ਕਿਸੇ ਵਿਦੇਸ਼ੀ ਨੇਤਾ ਨਾਲ ਟਰੰਪ ਦੀ ਇਹ ਪਹਿਲੀ ਮੁਲਾਕਾਤ ਸੀ। ਮੁਲਾਕਾਤ ਤੋਂ ਬਾਅਦ ਦੋਵਾਂ ਨੇ ਸਾਂਝੀ ਪ੍ਰੈੱਸ ਕਾਨਫਰੰਸ ਕੀਤੀ। ਇਸ ਦੌਰਾਨ ਡੋਨਾਲਡ ਟਰੰਪ ਨੇ ਕਿਹਾ ਕਿ ਅਸੀਂ ਚਾਹੁੰਦੇ ਹਾਂ ਕਿ ਅਮਰੀਕਾ ਗਾਜ਼ਾ ਪੱਟੀ ਦੀ ਮਲਕੀਅਤ ਲੈ ਕੇ ਇਸ ਦਾ ਵਿਕਾਸ ਕਰੇ। ਉਨ੍ਹਾਂ ਕਿਹਾ ਕਿ ਅਮਰੀਕਾ ਯੁੱਧਗ੍ਰਸਤ ਫਲਸਤੀਨੀ ਖੇਤਰ ਗਾਜ਼ਾ ਪੱਟੀ ’ਤੇ ਕਬਜ਼ਾ ਕਰਕੇ ਇਸ ਦਾ ਵਿਕਾਸ ਕਰੇਗਾ। ਅਤੇ ਮਾਲਕੀ ਹੱਕ ਵੀ ਬਰਕਰਾਰ ਰੱਖੇਗਾ।

ਟਰੰਪ ਨਾਲ ਗੱਲ ਕਰਦੇ ਹੋਏ ਇਜ਼ਰਾਈਲ ਦੇ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਨੇ ਕਿਹਾ ਕਿ ਰਿਪਬਲਿਕਨ ਨੇਤਾ ਦਾ ਵਿਚਾਰ ਅਜਿਹਾ ਹੈ, ਜੋ ਇਤਿਹਾਸ ਨੂੰ ਬਦਲ ਸਕਦਾ ਹੈ ਅਤੇ ਟਰੰਪ ਗਾਜ਼ਾ ਲਈ ਇੱਕ ਵੱਖਰੇ ਭਵਿੱਖ ਦੀ ਕਲਪਨਾ ਕਰਦੇ ਹਨ।

ਅਮਰੀਕੀ ਰਾਸ਼ਟਰਪਤੀ ਨੇ ਕਿਹਾ, “ਅਸੀਂ ਗਾਜ਼ਾ ’ਤੇ ਆਪਣਾ ਅਧਿਕਾਰ ਜਤਾਵਾਂਗੇ ਅਤੇ ਸਾਈਟ ’ਤੇ ਮੌਜੂਦ ਸਾਰੇ ਖਤਰਨਾਕ ਬੰਬਾਂ ਅਤੇ ਹੋਰ ਹਥਿਆਰਾਂ ਨੂੰ ਤਬਾਹ ਕਰਨ ਦੀ ਜ਼ਿੰਮੇਵਾਰੀ ਲਵਾਂਗੇ। ਅਸੀਂ ਤਬਾਹ ਹੋਈਆਂ ਇਮਾਰਤਾਂ ਨੂੰ ਢਾਹ ਦੇਵਾਂਗੇ ਅਤੇ ਇੱਕ ਆਰਥਿਕ ਵਿਕਾਸ ਦਾ ਨਿਰਮਾਣ ਕਰਾਂਗੇ, ਜੋ ਖੇਤਰ ਦੇ ਲੋਕਾਂ ਨੂੰ ਬੇਅੰਤ ਨੌਕਰੀਆਂ ਅਤੇ ਰਿਹਾਇਸ਼ ਪ੍ਰਦਾਨ ਕਰੇਗਾ। ਖਿੱਤੇ ਵਿਚ ਕਿਸੇ ਵੀ ਸੁਰੱਖਿਆ ਖਲਾਅ ਨੂੰ ਭਰਨ ਲਈ ਫੌਜਾਂ ਦੀ ਤਾਇਨਾਤੀ ਦੀ ਸੰਭਾਵਨਾ ਬਾਰੇ ਪੁੱਛੇ ਜਾਣ ’ਤੇ ਉਨ੍ਹਾਂ ਕਿਹਾ ਕਿ ਅਸੀਂ ਉਹ ਕਰਾਂਗੇ ਜੋ ਜ਼ਰੂਰੀ ਹੈ। ਜੇ ਇਹ ਜ਼ਰੂਰੀ ਹੋਇਆ ਤਾਂ ਅਸੀਂ ਉਹ ਕਰਾਂਗੇ।”

ਟਰੰਪ ਨੇ ਕਿਹਾ ਕਿ ਉਹ ਆਪਣੀ ਵਿਕਾਸ ਯੋਜਨਾ ਤੋਂ ਬਾਅਦ ਗਾਜ਼ਾ ਵਿਚ ਰਹਿਣ ਵਾਲੇ ਦੁਨੀਆਂ ਭਰ ਦੇ ਲੋਕਾਂ ਦੀ ਕਲਪਨਾ ਕਰਦੇ ਹਨ। ਉਨ੍ਹਾਂ ਕਿਹਾ ਕਿ ਉਹ ਮੱਧ ਪੂਰਬ ਦੀ ਆਪਣੀ ਭਵਿੱਖੀ ਯਾਤਰਾ ਦੌਰਾਨ ਗਾਜ਼ਾ, ਇਜ਼ਰਾਈਲ ਅਤੇ ਸਾਊਦੀ ਅਰਬ ਦਾ ਦੌਰਾ ਕਰਨ ਦੀ ਯੋਜਨਾ ਬਣਾ ਰਿਹਾ ਹੈ। ਹਾਲਾਂਕਿ ਉਨ੍ਹਾਂ ਨੇ ਕੋਈ ਸਮਾਂ ਨਹੀਂ ਦੱਸਿਆ।




# ਰਾਸ਼ਟਰਪਤੀ ਟਰੰਪ ਵੱਲੋਂ 'ਲੇਕਨ ਰੀਲੇਅ ਐਕਟ' 'ਤੇ ਦਸਤਖਤ


■ ਗੈਰ ਕਾਨੂੰਨੀ ਪ੍ਰਵਾਸੀਆਂ ਵਿਰੁੱਧ ਕਾਰਵਾਈ ਲਈ ਇਮੀਗ੍ਰੇਸ਼ਨ ਅਫਸਰਾਂ ਨੂੰ ਮਿਲੇ ਅਧਿਕਾਰ



ਵ੍ਹਾਈਟ ਹਾਊਸ 'ਚ ਕਾਨੂੰਨ ਉਪਰ ਸਹੀ ਪਾਉਣ ਤੋਂ ਪਹਿਲਾਂ ਡੋਨਾਲਡ ਟਰੰਪ ਲੇਕਨ ਰੀਲੇਅ ਦੀ ਮਾਂ ਐਲੀਸਨ ਫਿਲਿਪਸ ਨੂੰ ਮਿਲਦੇ ਹੋਏ।

**ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)**- ਰਾਸ਼ਟਰਪਤੀ ਡੋਨਾਲਡ ਟਰੰਪ ਨੇ ਬਹੁਤ ਹੀ ਚਰਚਿਤ 'ਲੇਕਨ ਰੀਲੇਅ ਐਕਟ' ਉਪਰ ਦਸਤਖਤ ਕਰ ਦਿੱਤੇ ਹਨ। 20 ਜਨਵਰੀ ਨੂੰ ਆਪਣਾ ਕਾਰਜਕਾਲ ਸੰਭਾਲਣ ਉਪਰੰਤ ਇਹ ਪਹਿਲਾ ਕਾਨੂੰਨ ਹੈ, ਜਿਸ ਉਪਰ ਟਰੰਪ ਨੇ ਸਹੀ ਪਾਈ ਹੈ। ਹੁਣ ਇਸ ਕਾਨੂੰਨ ਤਹਿਤ ਇਮੀਗ੍ਰੇਸ਼ਨ ਅਫਸਰ ਗੈਰ ਕਾਨੂੰਨੀ ਪ੍ਰਵਾਸੀ ਨੂੰ ਉਸ ਵੇਲੇ ਆਪਣੀ ਹਿਰਾਸਤ ਵਿਚ ਲੈ ਸਕਣਗੇ, ਜਦੋਂ ਉਹ ਕਿਸੇ ਅਪਰਾਧ ਤਹਿਤ ਪੁਲਿਸ ਅਫਸਰਾਂ ਵੱਲੋਂ ਗ੍ਰਿਫਤਾਰ ਕੀਤਾ ਜਾਵੇਗਾ। ਉਸ ਵਿਰੁੱਧ ਮੁਕੱਦਮੇ ਦੀ ਬਜਾਏ ਉਸ ਨੂੰ ਸਿੱਧਾ ਦੇਸ਼ ਨਿਕਾਲਾ ਦਿੱਤਾ ਜਾਵੇਗਾ। ਇਸ ਤੋਂ ਪਹਿਲਾਂ ਵ੍ਹਾਈਟ ਹਾਊਸ ਵਿਚ ਸੰਬੋਧਨ ਕਰਦਿਆਂ ਟਰੰਪ ਨੇ ਕਿਹਾ ਕਿ ਇਹ ਇਕ ਇਤਿਹਾਸਕ ਕਾਨੂੰਨ ਹੈ, ਜਿਸ ਉਪਰ ਅੱਜ ਸਹੀ ਪਾਉਣ ਜਾ ਰਹੇ ਹਾਂ। ਇਸ ਨਾਲ ਅਣਗਿਣਤ ਨਿਰਦੋਸ਼ ਅਮਰੀਕੀ ਨਾਗਰਿਕਾਂ ਦੇ ਜੀਵਨ ਬਚ ਜਾਣਗੇ। ਇਸ ਕਾਨੂੰਨ ਦਾ ਨਾਂ 22 ਸਾਲਾ ਨਰਸਿੰਗ ਵਿਦਿਆਰਥਣ ਲੇਕਨ ਰਿਲੇਅ ਦੇ ਨਾਂ 'ਤੇ ਰਖਿਆ ਗਿਆ ਹੈ, ਜਿਸ ਦੀ 22 ਫਰਵਰੀ 2024 ਨੂੰ ਇਕ ਵੈਂਜ਼ੂਏਲੀਅਨ ਨਾਗਰਿਕ ਦੁਆਰਾ ਐਥਨਜ, ਜਾਰਜੀਆ ਵਿਚ ਹੱਤਿਆ ਕਰ ਦਿੱਤੀ ਗਈ ਸੀ। ਇਹ ਵੈਂਜ਼ੂਏਲਨ ਨਾਗਰਿਕ ਗੈਰ ਕਾਨੂੰਨੀ ਸੀ ਤੇ ਇਸ ਤੋਂ ਪਹਿਲਾਂ ਉਹ ਦੁਕਾਨ ਤੋਂ ਚੋਰੀ ਕਰਨ ਦੇ ਮਾਮਲੇ ਵਿਚ ਫੜਿਆ ਗਿਆ ਸੀ। ਲੇਕਨ ਰੀਲੇਅ 2024 ਦੀਆਂ ਚੋਣਾਂ ਵਿਚ ਚੋਣ ਪ੍ਰਚਾਰ ਦੌਰਾਨ ਟਰੰਪ ਦੇ ਭਾਸ਼ਣਾਂ ਦਾ ਕੇਂਦਰ ਬਿੰਦੂ ਰਹੀ ਸੀ। ਚੋਣ ਪ੍ਰਚਾਰ ਦੌਰਾਨ ਟਰੰਪ ਨੇ ਕਿਹਾ ਸੀ ਕਿ "ਅਮਰੀਕਾ ਲੇਕਨ ਰੀਲੇਅ ਨੂੰ ਕਦੀ ਵੀ ਨਹੀਂ ਭੁੱਲੇਗਾ। ਇਸ ਕਿਸਮ ਦੇ ਭਿਆਨਕ ਅੱਤਿਆਚਾਰ ਅਮਰੀਕਾ ਦੀ ਧਰਤੀ ਉਪਰ ਨਹੀਂ ਹੋਣ ਦੇਵਾਂਗੇ।" ਵ੍ਹਾਈਟ ਹਾਊਸ ਵਿਚ ਲੇਕਨ ਰੀਲੇਅ ਕਾਨੂੰਨ ਉਪਰ ਦਸਤਖਤ ਕਰਨ ਵੇਲੇ ਲੇਕਨ ਰੀਲੇਅ ਦੀ ਮਾਂ ਐਲੀਸਨ ਫਿਲਿਪਸ ਵੀ ਮੌਜੂਦ ਸੀ, ਜੋ ਸਾਹਮਣੀ ਕਤਾਰ ਵਿਚ ਉਪ ਰਾਸ਼ਟਰਪਤੀ ਜੇ.ਡੀ. ਵੈਂਸ ਤੋਂ ਅਗਲੀ ਸੀਟ ਉਪਰ ਬੈਠੀ ਸੀ। ਕਾਨੂੰਨ ਉਪਰ ਸਹੀ ਪਾਉਣ ਲਈ ਫਿਲਿਪਸ ਨੇ ਟਰੰਪ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਹ ਜ਼ੁਬਾਨ ਦਾ ਪੱਕਾ ਹੈ, ਜੋ ਉਸ ਨੇ ਕਿਹਾ ਸੀ, ਉਹ ਕਰ ਵਿਖਾਇਆ ਹੈ। ਇਸ ਕਾਨੂੰਨ ਤਹਿਤ ਯੂ.ਐੱਸ. ਇਮੀਗ੍ਰੇਸ਼ਨ ਐਂਡ ਕਸਟਮਜ ਇਨਫੋਰਸਮੈਂਟ ਦੇ ਅਧਿਕਾਰੀ ਉਨ੍ਹਾਂ ਲੋਕਾਂ ਨੂੰ ਆਪਣੀ ਹਿਰਾਸਤ ਵਿਚ ਲੈ ਸਕਣਗੇ, ਜੋ ਬਿਨਾਂ ਦਸਤਾਵੇਜ਼ ਗੈਰ ਕਾਨੂੰਨੀ ਤੌਰ 'ਤੇ ਅਮਰੀਕਾ ਵਿਚ ਟਿਕੇ ਹੋਏ ਹਨ। ਜੋ ਵੀ ਗੈਰ ਕਾਨੂੰਨੀ ਪ੍ਰਵਾਸੀ ਕਿਸੇ ਅਪਰਾਧ ਤਹਿਤ ਫੜਿਆ ਗਿਆ ਹੈ ਜਾਂ ਫੜਿਆ ਜਾਵੇਗਾ, ਉਸ ਵਿਰੁੱਧ ਅਦਾਲਤ ਵਿਚ ਮੁਕੱਦਮਾ ਚਲਾਉਣ ਦੀ ਲੋੜ ਨਹੀਂ ਹੋਵੇਗੀ। ਉਸ ਨੂੰ ਵਾਪਸ ਉਸ ਦੇ ਮੂਲ ਦੇਸ਼ ਭੇਜ ਦਿੱਤਾ ਜਾਵੇਗਾ।

## RJ'S Travel plaza ਵਾਲੇ ਰਣਜੀਤ ਸਿੰਘ ਨਾਗਰਾ ਨੂੰ ਪਿਤਾ ਦੇ ਦੇਹਾਂਤ ਕਾਰਨ ਸਦਮਾ



ਸਵ. ਸ. ਸਰਬੰਸ ਸਿੰਘ ਜੀ ਨਾਗਰਾ

**ਫਰਿਜ਼ਨੋ, (ਮਾਛੀਕੇ/ਧਾਲੀਆਂ/ਪੰਜਾਬ ਮੇਲ)**- ਕਿੰਗਜ਼ਬਰਗ ਨਿਵਾਸੀ RJ'S Travel plaza ਵਾਲੇ ਬਾਈ ਰਣਜੀਤ ਸਿੰਘ ਨਾਗਰਾ ਅਤੇ ਪਰਿਵਾਰ ਨੂੰ ਉਨ੍ਹਾਂ ਦੇ ਸਤਿਕਾਰਯੋਗ ਪਿਤਾ ਜੀ ਸ. ਹਰਬੰਸ ਸਿੰਘ ਨਾਗਰਾ (ਨੰਬਰਦਾਰ) ਦੇ ਅਕਾਲ ਚਲਾਣੇ ਕਾਰਨ ਅਸਹਿ ਸਦਮਾ ਪਹੁੰਚਿਆ। ਬਾਪੂ ਜੀ 94 ਸਾਲ ਦੀ ਬਹੁਤ ਸੋਹਣੀ ਉਮਰ ਭੋਗਕੇ ਇਸ ਸੰਸਾਰ ਨੂੰ ਅਲਵਿਦਾ ਕਹਿ ਗਏ। ਬਾਪੂ ਜੀ ਦੀ ਦੇਹ ਦਾ ਸਸਕਾਰ ਮਿਤੀ 7 ਫਰਵਰੀ 2025 ਦਿਨ ਸ਼ੁੱਕਰਵਾਰ ਨੂੰ ਸਵੇਰ 11 ਤੋਂ ਦੁਪਹਿਰ 1 ਵਜੇ ਦਰਮਿਆਨ ਸ਼ਾਂਤ ਭਵਨ ਫਿਊਨਰਲ ਹੋਮ ਫਾਊਲਰ ਵਿਖੇ ਹੋਵੇਗਾ। ਉਪਰੰਤ ਭੋਗ ਗੁਰਦੁਆਰਾ ਸਿੱਖ ਸੈਂਟਰ ਆਫ ਦੀ ਪੈਸੇਫਿਕ ਕੋਸਟ, ਸੈਲਮਾ ਵਿਖੇ ਪਵੇਗਾ। ਦੁੱਖ ਸਾਂਝਾ ਕਰਨ ਲਈ ਬਾਈ ਰਣਜੀਤ ਸਿੰਘ ਨਾਗਰਾ ਨੂੰ (559) 302-7061 'ਤੇ ਸੰਪਰਕ ਕੀਤਾ ਜਾ ਸਕਦਾ ਹੈ।

## ਟਰੰਪ ਨੇ ਯੂ.ਐੱਸ.ਏ.ਆਈ.ਡੀ. ਬੰਦ ਕਰਨ 'ਤੇ ਜਤਾਈ ਸਹਿਮਤੀ

**ਵਾਸ਼ਿੰਗਟਨ, (ਪੰਜਾਬ ਮੇਲ)**- ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਸਲਾਹਕਾਰ ਅਤੇ ਟੇਸਲਾ ਦੇ ਮੁੱਖ ਕਾਰਜਕਾਰੀ ਅਧਿਕਾਰੀ (ਸੀ.ਈ.ਓ) ਐਲੋਨ ਮਸਕ ਦਾ ਕਹਿਣਾ ਹੈ ਕਿ ਅਮਰੀਕੀ ਅੰਤਰਰਾਸ਼ਟਰੀ ਵਿਕਾਸ ਏਜੰਸੀ (ਯੂ.ਐੱਸ.ਏ.ਆਈ.ਡੀ.) ਬੰਦ ਹੋਣ ਦੀ ਕਗਾਰ 'ਤੇ ਹੈ। ਮਸਕ ਨੇ ਸੋਮਵਾਰ ਨੂੰ 'ਐਕਸ' 'ਤੇ ਕਿਹਾ ਕਿ ਉਸਨੇ ਯੂ.ਐੱਸ.ਏ.ਆਈ.ਡੀ. ਬਾਰੇ ਰਾਸ਼ਟਰਪਤੀ ਨਾਲ ਵਿਸਥਾਰ ਨਾਲ ਗੱਲ ਕੀਤੀ ਹੈ। ਮਸਕ ਨੇ ਕਿਹਾ, "ਟਰੰਪ ਨੇ ਸਹਿਮਤੀ ਜਤਾਈ ਕਿ ਸਾਨੂੰ ਇਸਨੂੰ ਬੰਦ ਕਰ ਦੇਣਾ ਚਾਹੀਦਾ ਹੈ।" ਮਸਕ ਨੇ ਇਹ ਵੀ ਕਿਹਾ ਕਿ ਇਹ ਸਪੱਸ਼ਟ ਹੋ ਗਿਆ ਹੈ ਕਿ ਏਜੰਸੀ ਦੇ ਕੰਮਕਾਜ ਨੂੰ ਠੀਕ ਨਹੀਂ ਕੀਤਾ ਜਾ ਸਕਦਾ। ਉਸਨੇ ਕਿਹਾ, "ਸਾਨੂੰ ਇਸ ਤੋਂ ਛੁਟਕਾਰਾ ਪਾਉਣਾ ਪਵੇਗਾ। ਅਸੀਂ ਇਸਨੂੰ ਬੰਦ ਕਰ ਰਹੇ ਹਾਂ।" ਉਨ੍ਹਾਂ ਦੀਆਂ ਟਿੱਪਣੀਆਂ ਪ੍ਰਸ਼ਾਸਨ ਵੱਲੋਂ ਦੋ ਚੋਟੀ ਦੇ ਯੂ.ਐੱਸ.ਏ.ਆਈ.ਡੀ. ਸੁਰੱਖਿਆ ਮੁਖੀਆਂ ਨੂੰ ਛੁੱਟੀ 'ਤੇ ਭੇਜਣ ਤੋਂ ਬਾਅਦ ਆਈਆਂ।

ਛੁੱਟੀ 'ਤੇ ਭੇਜੇ ਗਏ ਅਧਿਕਾਰੀਆਂ ਨੇ ਮਸਕ ਦੀ ਸਰਕਾਰੀ ਨਿਰੀਖਣ ਟੀਮ ਨੂੰ ਪਾਬੰਦੀਸ਼ੁਦਾ ਖੇਤਰਾਂ ਬਾਰੇ ਗੁਪਤ ਸਮੱਗਰੀ ਸੌਂਪਣ ਤੋਂ ਇਨਕਾਰ ਕਰ ਦਿੱਤਾ ਸੀ। ਇੱਕ ਅਧਿਕਾਰੀ ਨੇ ਦੱਸਿਆ ਕਿ ਮਸਕ ਦੇ ਸਰਕਾਰੀ ਕੁਸ਼ਲਤਾ ਵਿਭਾਗ ਦੇ ਮੈਂਬਰਾਂ, ਜਿਨ੍ਹਾਂ ਨੂੰ 'DOGE' ਵਜੋਂ ਜਾਣਿਆ ਜਾਂਦਾ ਹੈ, ਨੇ ਅੰਤ ਵਿਚ ਸ਼ਨੀਵਾਰ ਨੂੰ ਸਹਾਇਤਾ ਏਜੰਸੀ ਦੀ ਵਰਗੀਕ੍ਰਿਤ ਜਾਣਕਾਰੀ, ਜਿਸ ਵਿਚ ਖੁਫੀਆ ਰਿਪੋਰਟਾਂ ਵੀ ਸ਼ਾਮਲ ਹਨ, ਤੱਕ ਪਹੁੰਚ ਪ੍ਰਾਪਤ ਕਰ ਲਈ। ਮਸਕ ਦੀ 'ਡੌਗ' ਟੀਮ ਕੋਲ ਜਾਣਕਾਰੀ ਤੱਕ ਪਹੁੰਚ ਕਰਨ ਲਈ ਲੋੜੀਂਦੀ ਸੁਰੱਖਿਆ ਮਨਜ਼ੂਰੀ ਨਹੀਂ ਸੀ, ਇਸ ਲਈ ਯੂ.ਐੱਸ.ਏ.ਆਈ.ਡੀ. ਦੇ ਦੋ ਸੁਰੱਖਿਆ ਅਧਿਕਾਰੀਆਂ ਜੌਨ ਵੂਰਹੀਸ ਅਤੇ ਬ੍ਰਾਇਨ ਮੈਕਗਿਲ ਨੇ ਕਾਨੂੰਨੀ ਤੌਰ 'ਤੇ ਜਾਣਕਾਰੀ ਪ੍ਰਦਾਨ ਕਰਨ ਤੋਂ ਇਨਕਾਰ ਕਰ ਦਿੱਤਾ।

ਐਤਵਾਰ ਨੂੰ ਐਕਸ 'ਤੇ ਆਈ ਖ਼ਬਰ 'ਤੇ ਪ੍ਰਤੀਕਿਰਿਆ ਦਿੰਦੇ ਹੋਏ ਮਸਕ ਨੇ ਕਿਹਾ, "ਯੂ.ਐੱਸ.ਏ.ਆਈ.ਡੀ. ਇੱਕ ਅਪਰਾਧਿਕ ਸੰਗਠਨ ਹੈ। ਇਸਨੂੰ ਖਤਮ ਕਰਨ ਦਾ ਸਮਾਂ ਆ ਗਿਆ ਹੈ।" ਫਿਰ ਉਸਨੇ 'ਐਕਸ' 'ਤੇ ਏਜੰਸੀ ਬਾਰੇ ਕਈ ਪੋਸਟਾਂ ਕੀਤੀਆਂ। ਮਸਕ ਨੇ ਟਰੰਪ ਪ੍ਰਸ਼ਾਸਨ ਦੇ ਸਹਿਯੋਗ ਨਾਲ 'ਡੀ.ਓ.ਜੀ.ਈ.' ਬਣਾਇਆ, ਜਿਸਦਾ ਦੱਸਿਆ ਗਿਆ ਟੀਚਾ ਸੰਘੀ ਕਰਮਚਾਰੀਆਂ ਨੂੰ ਕੱਢਣਾ, ਪ੍ਰੋਗਰਾਮਾਂ ਵਿਚ ਕਟੌਤੀ ਕਰਨਾ ਅਤੇ ਸੰਘੀ ਨਿਯਮਾਂ ਨੂੰ ਬਦਲਣਾ ਹੈ। ਯੂ.ਐੱਸ.ਏ.ਆਈ.ਡੀ. ਉਨ੍ਹਾਂ ਸੰਘੀ ਏਜੰਸੀਆਂ ਵਿਚੋਂ ਇੱਕ ਰਹੀ ਹੈ, ਜਿਸਨੂੰ ਟਰੰਪ ਪ੍ਰਸ਼ਾਸਨ ਨੇ ਸੰਘੀ ਸਰਕਾਰ ਅਤੇ ਇਸਦੇ ਕਈ ਪ੍ਰੋਗਰਾਮਾਂ ਨੂੰ ਸੰਭਾਲਣ ਦੇ ਮਾਮਲੇ ਵਿਚ ਸਭ ਤੋਂ ਵੱਧ ਨਿਸ਼ਾਨਾ ਬਣਾਇਆ ਹੈ। ਸੰਯੁਕਤ ਰਾਜ ਅਮਰੀਕਾ ਮਾਨਵਤਾਵਾਦੀ ਸਹਾਇਤਾ ਲਈ ਦੁਨੀਆਂ ਦਾ ਸਭ ਤੋਂ ਵੱਡਾ ਦੇਸ਼ ਹੈ ਅਤੇ ਯੂ.ਐੱਸ.ਏ.ਆਈ.ਡੀ. 100 ਤੋਂ ਵੱਧ ਦੇਸ਼ਾਂ ਨੂੰ ਮਾਨਵਤਾਵਾਦੀ, ਵਿਕਾਸ ਅਤੇ ਸੁਰੱਖਿਆ ਸਹਾਇਤਾ ਵਿਚ ਅਰਬਾਂ ਡਾਲਰ ਪ੍ਰਦਾਨ ਕਰਦਾ ਹੈ।

**ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ : www.punjabmailusa.com**

## ਟਰੰਪ ਵੱਲੋਂ ਗੈਰ ਕਾਨੂੰਨੀ ਪ੍ਰਵਾਸੀਆਂ ਦੇ ਹਿਰਾਸਤੀ ਕਾਨੂੰਨ 'ਤੇ ਦਸਤਖ਼ਤ

**ਵਾਸ਼ਿੰਗਟਨ, (ਪੰਜਾਬ ਮੇਲ)**- ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਗ਼ੈਰਕਾਨੂੰਨੀ ਪ੍ਰਵਾਸੀਆਂ ਦੀ ਸੁਣਵਾਈ ਤੋਂ ਪਹਿਲਾਂ ਹਿਰਾਸਤ ਦੀ ਆਗਿਆ ਦੇਣ ਵਾਲੇ ਕਾਨੂੰਨ (ਲੇਕਨ ਰਾਇਲੀ ਐਕਟ) 'ਤੇ ਦਸਤਖ਼ਤ ਕਰ ਦਿੱਤੇ ਹਨ। ਇਹ ਕਾਨੂੰਨ ਚੋਰੀ ਜਾਂ ਹੋਰ ਅਪਰਾਧਾਂ 'ਚ ਸ਼ਾਮਲ ਗ਼ੈਰਕਾਨੂੰਨੀ ਪ੍ਰਵਾਸੀਆਂ ਨੂੰ ਸੁਣਵਾਈ ਤੋਂ ਪਹਿਲਾਂ ਹਿਰਾਸਤ 'ਚ ਰੱਖਣ ਦੀ ਆਗਿਆ ਦਿੰਦਾ ਹੈ। ਟਰੰਪ ਨੇ 20 ਜਨਵਰੀ ਨੂੰ ਕਾਰਜਭਾਰ ਸੰਭਾਲਣ ਮਗਰੋਂ ਪਹਿਲਾਂ ਬਿੱਲ ਵਜੋਂ ਇਸ 'ਤੇ ਦਸਤਖ਼ਤ ਕੀਤੇ ਸਨ। ਟਰੰਪ ਨੇ ਲੇਕਨ ਰਾਇਲੀ ਇੰਮੀਗ੍ਰੇਸ਼ਨ ਐਕਟ 'ਤੇ ਦਸਤਖ਼ਤ ਕਰਦਿਆਂ ਕਿਹਾ, "ਇਸ ਕਾਨੂੰਨ ਜਿਸ 'ਤੇ ਮੈਂ ਦਸਤਖ਼ਤ ਕਰ ਰਿਹਾ ਹਾਂ, ਤਹਿਤ ਗ੍ਰਹਿ ਸੁਰੱਖਿਆ ਵਿਭਾਗ ਨੂੰ ਉਨ੍ਹਾਂ ਸਾਰੇ ਗ਼ੈਰਕਾਨੂੰਨੀ ਪ੍ਰਵਾਸੀਆਂ ਨੂੰ ਹਿਰਾਸਤ 'ਚ ਲੈਣ ਦਾ ਅਧਿਕਾਰ ਹੋਵੇਗਾ, ਜਿਹੜੇ ਚੋਰੀ, ਸੰਨ੍ਹ ਲਾਉਣ, ਡਕੈਤੀ, ਪੁਲਿਸ ਅਧਿਕਾਰੀ 'ਤੇ ਹਮਲਾ, ਹੱਤਿਆ ਜਾਂ ਗੰਭੀਰ ਸੱਟ ਨਾਲ ਸਬੰਧਤ ਅਪਰਾਧਾਂ ਲਈ ਗ੍ਰਿਫ਼ਤਾਰ ਕੀਤੇ ਗਏ ਹਨ।" ਇਹ ਕਾਨੂੰਨ ਜੌਰਜੀਆ ਦੀ 22 ਵਰ੍ਹਿਆਂ ਦੀ ਨਰਸਿੰਗ ਦੀ ਵਿਦਿਆਰਥਣ ਲੇਕਨ ਰਾਇਲੀ ਦੇ ਨਾਮ 'ਤੇ ਰੱਖਿਆ ਗਿਆ ਹੈ, ਜਿਸ ਦੀ ਇੱਕ ਗ਼ੈਰਕਾਨੂੰਨੀ ਪ੍ਰਵਾਸੀ ਨੇ ਹੱਤਿਆ ਕਰ ਦਿੱਤੀ ਸੀ।

## ਟਰੰਪ ਦੀ ਸਖਤੀ ਕਾਰਨ ਗੈਰ-ਕਾਨੂੰਨੀ ਢੰਗ ਨਾਲ ਅਮਰੀਕਾ ਪਹੁੰਚੇ ਲੋਕਾਂ ਲਈ ਲੁੱਕਣਾ ਵੀ ਹੋਇਆ ਮੁਸ਼ਕਲ

**ਵਾਸ਼ਿੰਗਟਨ, (ਪੰਜਾਬ ਮੇਲ)**- ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਪਿਛਲੇ ਕਈ ਦਿਨਾਂ ਤੋਂ ਗੈਰ-ਕਾਨੂੰਨੀ ਪ੍ਰਵਾਸੀਆਂ ਵਿਰੁੱਧ ਸਖ਼ਤ ਕਾਰਵਾਈ ਕਰ ਰਹੇ ਹਨ। ਇੰਨੀ ਸਖਤੀ ਨਾਲ ਕਾਰਵਾਈ ਹੁੰਦਿਆਂ ਵੇਖ ਗੈਰ-ਕਾਨੂੰਨੀ ਢੰਗ ਨਾਲ ਅਮਰੀਕਾ ਪਹੁੰਚੇ ਲੋਕਾਂ ਲਈ ਲੁਕਣਾ ਵੀ ਮੁਸ਼ਕਲ ਹੋ ਗਿਆ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਪ੍ਰਸ਼ਾਸਨ ਵੱਲੋਂ ਜ਼ੋਰਦਾਰ ਤਲਾਸ਼ੀ ਮੁਹਿੰਮ ਚਲਾਈ ਜਾ ਰਹੀ ਹੈ। ਛੋਟੇ ਰੈਸਟੋਰੈਂਟਾਂ ਅਤੇ ਛੋਟੇ ਕਾਰੋਬਾਰੀ ਅਦਾਰਿਆਂ ਅੰਦਰ ਵੀ ਜਾਂਚ ਮੁਹਿੰਮਾਂ ਚਲਾਈਆਂ ਗਈਆਂ ਹਨ। ਅਜਿਹੀ ਸਥਿਤੀ 'ਚ ਇਮੀਗ੍ਰੇਸ਼ਨ ਰਾਹੀਂ ਅਮਰੀਕਾ ਪਹੁੰਚੇ ਹਜ਼ਾਰਾਂ ਭਾਰਤੀਆਂ ਦਾ ਭਵਿੱਖ ਵੀ ਖ਼ਤਰੇ ਵਿਚ ਹੈ।

ਅਮਰੀਕੀ ਇਮੀਗ੍ਰੇਸ਼ਨ ਅਤੇ ਕਸਟਮਜ਼ ਇਨਫੋਰਸਮੈਂਟ ਅਤੇ ਹੋਮਲੈਂਡ ਸੁਰੱਖਿਆ ਵਿਭਾਗ ਕਾਫ਼ੀ ਸਖ਼ਤ ਹੋ ਗਏ ਹਨ। ਛੋਟੇ ਰੈਸਟੋਰੈਂਟਾਂ ਅਤੇ ਛੋਟੇ ਕਾਰੋਬਾਰੀਆਂ ਦਾ ਨਿਰੀਖਣ ਕੀਤਾ ਜਾ ਰਿਹਾ ਹੈ ਕਿ ਕੋਈ ਨਾਗਰਿਕ ਗੈਰ-ਕਾਨੂੰਨੀ ਢੰਗ ਨਾਲ ਅਮਰੀਕਾ ਪਹੁੰਚ ਕੇ ਕੰਮ ਤਾਂ ਨਹੀਂ ਕਰ ਰਿਹਾ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਛੋਟੇ ਕਾਰੋਬਾਰੀ ਖੁੱਲ੍ਹ ਕੇ ਨਹੀਂ ਬੋਲ ਰਹੇ ਹਨ ਅਤੇ ਉਹ ਕਹਿ ਰਹੇ ਹਨ ਕਿ ਉਨ੍ਹਾਂ ਨੂੰ ਆਪਣੇ ਅਦਾਰਿਆਂ ਵਿਚ ਕਾਮਿਆਂ ਦੀ ਵੱਡੀ ਘਾਟ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਕੰਮ ਚਲਾਉਣੇ ਵੀ ਮੁਸ਼ਕਲ ਹੋ ਗਏ ਹਨ। ਅਜਿਹੀ ਸਥਿਤੀ 'ਚ ਜਿਨ੍ਹਾਂ ਕੋਲ ਵਰਕ ਪਰਮਿਟ ਹੈ ਅਤੇ ਉਹ ਹੋਰ ਤਰੀਕਿਆਂ ਨਾਲ ਅਮਰੀਕਾ ਵਿਚ ਹਨ, ਉਹ ਵੀ ਕਾਨੂੰਨੀ ਇਮੀਗ੍ਰੇਸ਼ਨ ਬਾਰੇ ਚਿੰਤਤ ਹਨ।

ਇਹ ਧਿਆਨ ਦੇਣ ਯੋਗ ਹੈ ਕਿ ਅਮਰੀਕੀ ਪ੍ਰਸ਼ਾਸਨ ਨੇ ਗੈਰ-ਕਾਨੂੰਨੀ ਇਮੀਗ੍ਰੇਸ਼ਨ ਨੂੰ ਨਿਸ਼ਾਨਾ ਬਣਾਇਆ ਹੈ, ਜਿਸ ਨੇ ਹਲਚਲ ਮਚਾ ਦਿੱਤੀ ਹੈ। ਮਿਲੀ ਜਾਣਕਾਰੀ ਮੁਤਾਬਕ ਅਮਰੀਕਾ 'ਚ ਛੋਟੇ ਰੈਸਟੋਰੈਂਟਾਂ ਤੇ ਕਾਰੋਬਾਰ ਚਲਾ ਰਹੇ ਅਪ੍ਰਵਾਸੀ ਭਾਰਤੀ ਵੀ ਕਾਮੇ ਨਾ ਮਿਲਣ ਕਾਰਨ ਬਹੁਤ ਪ੍ਰੇਸ਼ਾਨ ਹਨ। ਯੂ.ਐੱਸ. ਇਮੀਗ੍ਰੇਸ਼ਨ ਐਂਡ ਕਸਟਮਜ਼ ਇਨਫੋਰਸਮੈਂਟ ਲਗਾਤਾਰ ਉਨ੍ਹਾਂ ਲੋਕਾਂ ਦੀ ਪਛਾਣ ਕਰ ਰਿਹਾ ਹੈ, ਜਿਨ੍ਹਾਂ ਕੋਲ ਵੈਧ ਦਸਤਾਵੇਜ਼ ਨਹੀਂ ਹਨ। ਅਜਿਹੇ ਵਿਚ ਮੰਨਿਆ ਜਾ ਰਿਹਾ ਹੈ ਕਿ ਵੱਡੀ ਗਿਣਤੀ 'ਚ ਭਾਰਤੀਆਂ ਦੀ ਘਰ ਵਾਪਸੀ ਹੋ ਸਕਦੀ ਹੈ। ਅਮਰੀਕਾ ਵਿਚ ਅਜਿਹੇ ਕਈ ਭਾਰਤੀ ਹਨ, ਜੋ ਜਾਂ ਤਾਂ ਵੀਜ਼ਾ ਦੀ ਮਿਆਦ ਖਤਮ ਹੋਣ ਤੋਂ ਬਾਅਦ ਵੀ ਉਥੇ ਰਹਿ ਰਹੇ ਹਨ ਜਾਂ ਜਿਨ੍ਹਾਂ ਦੇ ਦਸਤਾਵੇਜ਼ ਅਧੂਰੇ ਹਨ। ਅਮਰੀਕੀ ਗ੍ਰਹਿ ਸੁਰੱਖਿਆ ਵਿਭਾਗ (ਡੀ.ਐੱਚ.ਐੱਸ.) ਨੇ ਗੈਰ-ਕਾਨੂੰਨੀ ਤੌਰ 'ਤੇ ਪਹੁੰਚੇ ਲੋਕਾਂ ਨੂੰ ਦੇਸ਼ ਨਿਕਾਲਾ ਦੇਣ ਦੀ ਪ੍ਰਕਿਰਿਆ ਤੇਜ਼ ਕਰ ਦਿੱਤੀ ਹੈ।


**Editorial**

**Chief Editor**
Gurjatinder S. Randhawa

**Distributor**
Jai Singh

**Website**
Madhu Shardha

**Sub Editors**
Sandeep Kumar
Amit Saini
Ishu Hallan
Vijay
Surbhi Sharma
Sanjeev Khanna



**Punjab Mail USA**
9883 Novara Way,
Elk Grove, CA 95757
Ph: 916-320-9444
Email : punjabmailusa@yahoo.com
Web : ww.punjabmailusa.com
App : Punjab Mail USA
Youtube : Punjab Mail USA
Facebook : Punjab Mail USA


Punjab Mail USA News Paper and Staff Associated with. it are not responsible for any claims made by the advertisers and do not endorse any product or advertised in the Punjab Mail. All concerns are advised to Consult the Attorney at Law. All Disputes to Sacramento Jurisdiction. ਲੇਖਕ ਦੇ ਵਿਚਾਰਾਂ ਨਾਲ ਪੰਜਾਬ ਮੇਲ ਦੇ ਸੰਪਾਦਕ ਅਤੇ ਇਸ ਦੇ ਸਟਾਫ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# ਪੰਜਾਬੀ ਸਾਹਿਤ ਸਭਾ ਸਟਾਕਟਨ ਦੀ ਮੀਟਿੰਗ ਸ਼ਾਨਦਾਰ ਸਫਲਤਾ ਨਾਲ ਸਪੰਨ

**ਸਟਾਕਟਨ, (ਪੰਜਾਬ ਮੇਲ)-** ਪੰਜਾਬੀ ਸਾਹਿਤ ਸਭਾ ਸਟਾਕਟਨ ਵਲੋਂ ਬੀਤੇ ਸ਼ਨਿੱਚਰਵਾਰ ਸਭਾ ਦੇ ਪ੍ਰਧਾਨ ਹਰਜਿੰਦਰ ਪੰਧੇਰ ਦੀ ਪ੍ਰਧਾਨਗੀ ਹੇਠ ਸਟਾਕਟਨ ਵਿਖੇ ਨਵੇਂ ਵਰ੍ਹੇ ਦੀ ਪਲੇਠੀ ਮੀਟਿੰਗ ਕੀਤੀ ਗਈ, ਜਿਸ ਦਾ ਆਰੰਭ ਸਭਾ ਦੀ ਜਨਰਲ ਸੈਕਟਰੀ ਪ੍ਰੋ. ਲਖਵਿੰਦਰ ਕੌਰ 'ਲੱਕੀ' ਦੁਆਰਾ, ਪਤਵੰਤੇ ਸਾਹਿਤਕਾਰਾਂ ਨੂੰ, 'ਵੁਹ ਆਏ ਘਰ ਹਮਾਰੇ ਖ਼ੁਦਾ ਕੀ ਕੁਦਰਤ, ਕਭੀ ਹਮ ਉੱਨ੍ਹ ਕੋ ਕਭੀ ਅਪਨੇ ਘਰ ਕੋ ਦੇਖਤੇ ਹੈਂ।' ਸ਼ੇਅਰ ਦੁਆਰਾ ਜੀ ਆਇਆਂ ਆਖਦਿਆਂ ਬਹੁਤ ਹੀ ਖ਼ੂਬਸੂਰਤ ਢੰਗ ਨਾਲ ਕੀਤਾ ਗਿਆ। ਇਸ ਉਪਰੰਤ ਹਰਜਿੰਦਰ ਪੰਧੇਰ ਵਲੋਂ ਨਵੇਂ ਵਰ੍ਹੇ ਨੂੰ ਜੀ ਆਇਆਂ ਆਖਦੀ ਆਪਣੀ ਕਵਿਤਾ ਦੇ ਬੋਲ 'ਸੱਦ ਮੁਬਾਰਕ ਨਵੇਂ ਵਰ੍ਹੇ ਨੂੰ' ਸਰੋਤਿਆਂ ਨਾਲ ਸਾਂਝੇ ਕੀਤੇ। ਅਭਿਨਾਸ਼ ਸਿੰਘ ਰਠੌਰ ਨੇ ਸਭਾ ਵਿਚ ਪਹਿਲੀ ਵਾਰ ਸ਼ਿਰਕਤ ਦੇ ਮੌਕੇ 'ਤੇ ਹੀ ਆਪਣੀ ਅਨੁਭਵੀ ਕਾਵਿ-ਕਲਾ ਦਾ ਸਿੱਕਾ ਜਮਾ ਦਿਤਾ। ਉਨ੍ਹਾਂ ਦੀ ਹਰ ਕਵਿਤਾ 'ਚੜ੍ਹਦੀ ਕਲਾ' ਵਾਲੇ ਮਨੁੱਖੀ ਜੀਵਨ ਵੱਲ ਸੇਧਤ ਸੀ। ਮਾਨ ਸਿੰਘ ਮਾਨ ਨੇ ਆਪਣਾ ਨਵਾਂ ਲਿਖਿਆ ਗੀਤ, 'ਤੇਰਾ ਜਨਮ ਸਾਰਥਕ ਹੋ ਜਾਊ, ਜੇ ਗੱਲ ਮੰਨੇ ਗੁਰਬਾਣੀ ਦੀ, ਮਨ ਨੀਵਾਂ ਕਰਕੇ ਦੇਖ ਮਨਾਂ, ਜ਼ਿੰਦਗੀ ਦੀ ਅਸਲ ਕਹਾਣੀ ਕੀ।' ਅਮਰਪਾਲ ਕੰਬੋਜ ਨੇ 'ਦੋਹਾਂ ਦੇ ਕਿਰਦਾਰਾਂ ਅੰਦਰ ਫਰਕ ਕੁਦਰਤੀ ਪੈਣਾ ਹੁੰਦਾ, ਇੱਕ ਨੇ ਇੱਕ ਥਾਂ ਜ਼ਿੰਦਗੀ ਕੱਟੀ, ਇੱਕ ਨੇ ਜੱਗ ਨੂੰ ਗਾਹਿਆ ਹੁੰਦਾ।' ਵਰਗੇ ਖੂਬਸੂਰਤ ਸ਼ੇਅਰਾਂ ਭਰਪੂਰ ਗਜ਼ਲ ਸੁਣਾਉਂਦਿਆਂ ਵਾਹਵਾ ਖੱਟੀ। ਪ੍ਰੋ. ਲੱਖਵਿੰਦਰ ਕੌਰ ਲੱਕੀ ਦੀ ਤਰੰਨੁਮ ਰਾਹੀਂ ਗਾਈ ਗ਼ਜ਼ਲ 'ਮੈ ਤੇਰੇ ਪਾਕਿ ਸਰਵਰ ਦੀ ਖੁਦਾਇਆ ਮੀਨ ਹੋ ਜਾਵਾਂ।' ਸੁਣਕੇ ਹਰ ਕੋਈ ਆਪਣੇ ਆਪ ਨੂੰ ਕਿਸੇ ਵੱਖਰੀ ਹੀ ਦੁਨੀਆਂ ਵਿਚ ਮਹਿਸੂਸ ਕਰ ਰਿਹਾ ਸੀ। ਜਸਵੰਤ ਸਿੰਘ ਸੈਦੋਕੇ ਨੇ ਆਪਣੀ ਕਵਿਤਾ 'ਪੈਸਾ', ਕੁਲਵੰਤ ਸਿੰਘ ਅਟਵਾਲ ਦੁਆਰਾ, 'ਨਜ਼ਰ ਨੇ ਨਜ਼ਰ ਸੇ ਮੁਲਾਕਾਤ ਕਰ ਲਈ, ਰਹੇ ਦੋਨੋਂ ਖਾਮੋਸ਼ ਫਿਰ ਵੀ ਬਾਤ ਕਰ ਲਈ।' ਭਾਵਪੂਰਤ ਰੰਗੀਨ ਸ਼ੇਅਰਾਂ ਦੀ ਖ਼ੂਬਸੂਰਤ ਗ਼ਜ਼ਲ ਸੁਣਾਈ ਗਈ। ਗੁਰਚਰਨ ਸਿੰਘ ਢਿੱਲੋਂ ਨੇ ਚੁਫੇਰੇ ਲੱਗੀਆਂ ਅੱਗਾਂ ਨੂੰ ਕਾਵਿ ਰੂਪ ਵਿਚ ਬੰਨ੍ਹਦਿਆਂ ਸੁਣਾਇਆ, 'ਬੇਖਬਰ ਹੈਂ ਤੂੰ ਕਿ ਕੀ ਹੋ ਰਿਹੈ, ਨਿਕਲਦੀਆਂ ਨੇ ਲਪਟਾਂ ਧੂਆਂ ਅਸਮਾਨੀ ਛੋਹ ਰਿਹੈ।' ਹਰਨੇਕ ਸਿੰਘ ਨੇ ਆਪਣੀ ਕਵਿਤਾ 'ਸਮਾਂ ਬਦਲ ਗਿਆ, ਜ਼ਮਾਨਾ ਬਦਲ ਗਿਆ'। ਬੀਨਾ ਸਾਗਰ ਨੇ ਸੰਗੀਤਕ ਧੁਨਾਂ ਅਤੇ ਸਰੋਦਮਈ ਆਵਾਜ਼ ਨਾਲ 'ਰਾਠਾਂ ਦੀ ਹਵੇਲੀ' ਗਾਉਂਦਿਆਂ ਸਰੋਤਿਆਂ ਦੇ ਦਿਲਾਂ ਨੂੰ ਟੁੰਭ ਲਿਆ। ਕਹਾਣੀ ਸੈਸ਼ਨ ਦੌਰਾਨ ਹਰਨੇਕ ਸਿੰਘ ਨੇ ਆਪਣੀਆ ਦੋ ਮਿੰਨੀ ਕਹਾਣੀਆਂ, ਹਰਜਿੰਦਰ ਪੰਧੇਰ ਨੇ ਆਪਣੀ ਲਿਖੀ ਕਹਾਣੀ 'ਸਮੁੰਦਰ 'ਚ ਲਹਿੰਦਾ ਲਾਵਾ' ਸੁਣਾਈ। ਹਰਮਿੰਦਰ ਸਿੰਘ ਸਿੱਧੂ ਨੇ ਆਪਣੀ ਕਿਤਾਬ 'ਮਨ ਤਨ ਭਏ ਅਰੋਗਾ' ਨਾਲ ਸਾਂਝ ਪਵਾਉਂਦਿਆਂ ਸਾਡੀ ਜ਼ਿੰਦਗੀ ਵਿਚ ਗੌਲੇ ਅਣਗੌਲੇ ਕਾਰਣਾਂ ਕਰਕੇ ਪੈਦਾ ਹੋਈਆਂ ਮਾਨਸਿਕ ਬਿਮਾਰੀਆਂ ਬਾਰੇ ਜ਼ਿਕਰ ਹੀ ਨਹੀਂ ਕੀਤਾ, ਸਗੋਂ ਉਨ੍ਹਾਂ ਦਾ ਸਮਾਧਾਨ ਵੀ ਬਾਖੂਬੀ ਦੱਸਿਆ। ਇਸ ਸਮਾਗਮ ਵਿਚ ਉਪਰੋਕਤ ਸੱਜਣਾਂ ਤੋਂ ਇਲਾਵਾ ਟਰੇਸੀ ਤੋਂ ਵਿਸ਼ੇਸ਼ ਤੌਰ 'ਤੇ ਪਹੁੰਚੇ ਬਖਸ਼ੀਸ਼ ਸਿੰਘ ਬਾਜਵਾ, ਗੁਰਪ੍ਰੀਤ ਕੌਰ, ਮ੍ਰਿਗਇੰਦਰ ਕੌਰ, ਰੁਪਿੰਦਰ ਗਿਰੀ, ਰਾਜਕੁਮਾਰੀ ਅਤੇ ਹੋਰ ਨਾਮਵਰ ਸਾਹਿਤਕਾਰਾਂ ਨੇ ਭਾਗ ਲਿਆ।




# ਹੱਤਿਆ ਦੇ ਮਾਮਲੇ 'ਚ ਦੋਸ਼ੀ ਨੂੰ ਜ਼ਹਿਰ ਦਾ ਟੀਕਾ ਲਾ ਕੇ ਸਦਾ ਦੀ ਨੀਂਦ ਸਵਾਇਆ



ਮੈਰੀਅਨ ਬੋਮੈਨ ਜੂਨੀਅਰ।

**ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)-** ਦੱਖਣੀ ਕੈਰੋਲੀਨਾ 'ਚ ਮੈਰੀਅਨ ਬੋਮੈਨ ਜੂਨੀਅਰ ਨਾਮੀ ਵਿਅਕਤੀ ਨੂੰ ਹੱਤਿਆ ਦੇ ਇਕ ਮਾਮਲੇ ਵਿਚ ਅਦਾਲਤ ਵੱਲੋਂ ਸੁਣਾਈ ਸਜ਼ਾ ਅਨੁਸਾਰ ਜ਼ਹਿਰ ਦਾ ਟੀਕਾ ਲਾ ਕੇ ਮੌਤ ਦੇਣ ਦੀ ਖਬਰ ਹੈ। ਬੋਮੈਨ ਨੂੰ 6.27 ਵਜੇ ਸ਼ਾਮ ਨੂੰ ਮ੍ਰਿਤਕ ਐਲਾਨ ਦਿੱਤਾ ਗਿਆ। ਉਸ ਨੂੰ 2001 ਵਿਚ 21 ਸਾਲਾ ਕੈਂਡੀ ਮਾਰਟਿਨ ਨਾਮੀ ਨੌਜਵਾਨ ਮਾਂ ਦੀ ਹੱਤਿਆ ਦੇ ਮਾਮਲੇ ਵਿਚ ਮੌਤ ਦੀ ਸਜ਼ਾ ਸੁਣਾਈ ਗਈ ਸੀ। ਪੁਲਿਸ ਨੇ ਮਾਰਟਿਨ ਦੀ ਗੋਲੀਆਂ ਵਿੰਨੀ ਲਾਸ਼ ਉਸ ਦੀ ਆਪਣੀ ਕਾਰ ਵਿਚੋਂ ਬਰਾਮਦ ਕੀਤੀ ਸੀ, ਜਿਸ ਕਾਰ ਨੂੰ ਅੱਗ ਲਾ ਦਿੱਤੀ ਗਈ ਸੀ। ਅਦਾਲਤੀ ਦਸਤਾਵੇਜ਼ਾਂ ਅਨੁਸਾਰ ਬੋਮੈਨ ਲੰਬੇ ਸਮੇ ਤੋਂ ਮਾਰਟਿਨ ਦਾ ਦੋਸਤ ਸੀ ਤੇ ਉਹ ਉਸ ਨਾਲ ਸਰੀਰਕ ਸਬੰਧ ਵੀ ਬਣਾਉਂਦਾ ਰਿਹਾ ਸੀ। ਬੋਮੈਨ ਨੇ ਮੰਨਿਆ ਕਿ ਉਹ ਮਾਰਟਿਨ ਨੂੰ ਕੁਕੀਨ ਦਿੰਦਾ ਸੀ ਪਰੰਤੂ ਬੋਮੈਨ ਹਮੇਸ਼ਾਂ ਆਪਣੇ ਆਪ ਨੂੰ ਨਿਰਦੋਸ਼ ਕਹਿੰਦਾ ਰਿਹਾ ਹੈ। ਆਪਣੀ ਲੀਗਲ ਟੀਮ ਰਾਹੀਂ ਜਾਰੀ ਆਪਣੇ ਆਖਰੀ ਸ਼ਬਦਾਂ ਵਿਚ ਬੋਮੈਨ ਨੇ ਕਿਹਾ "ਮੈਂ ਮਾਰਟਿਨ ਦੀ ਹੱਤਿਆ ਨਹੀਂ ਕੀਤੀ, ਮੈ ਨਿਰਦੋਸ਼ ਹਾਂ ਤੇ ਮੈਂ ਉਸ ਗੁਨਾਹ ਲਈ ਮਰਨ ਜਾ ਰਿਹਾ ਹਾਂ, ਜੋ ਮੈਂ ਕੀਤਾ ਹੀ ਨਹੀਂ ਹੈ।"

# ਟਰੰਪ ਦੀ ਦੇਸ਼ ਨਿਕਾਲਾ ਮੁਹਿੰਮ ਵਿਰੁੱਧ ਅਮਰੀਕਾ 'ਚ ਰੋਸ ਮਾਰਚ



ਕੈਲੀਫੋਰਨੀਆ 'ਚ ਲੋਕ ਪ੍ਰਦਰਸ਼ਨ ਕਰਦੇ ਹੋਏ।

**ਲਾਸ ਏਂਜਲਸ, (ਪੰਜਾਬ ਮੇਲ)-** ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਵੱਲੋਂ ਪ੍ਰਵਾਸੀਆਂ ਦੀ ਵੱਡੇ ਪੱਧਰ 'ਤੇ ਦੇਸ਼ ਨਿਕਾਲਾ ਮੁਹਿੰਮ ਦੇ ਵਿਰੋਧ 'ਚ ਐਤਵਾਰ ਨੂੰ ਦੱਖਣੀ ਕੈਲੀਫੋਰਨੀਆ 'ਚ ਹਜ਼ਾਰਾਂ ਲੋਕਾਂ ਨੇ ਰੋਸ ਮਾਰਚ ਕੀਤਾ। ਲਾਸ ਏਂਜਲਸ 'ਚ ਪ੍ਰਦਰਸ਼ਨਕਾਰੀਆਂ ਨੇ ਕਰੀਬ ਪੰਜ ਘੰਟੇ ਤੱਕ ਅਹਿਮ ਮਾਰਗ ਨੂੰ ਜਾਮ ਰੱਖਿਆ।

ਪ੍ਰਦਰਸ਼ਨਕਾਰੀ ਸਵੇਰੇ ਹੀ ਲਾਸ ਏਂਜਲਸ ਦੀ ਇਤਿਹਾਸਕ ਓਲਵੇਰਾ ਸਟਰੀਟ 'ਤੇ ਇਕੱਠੇ ਹੋਏ ਅਤੇ ਸਿਟੀ ਹਾਲ ਵੱਲ ਮਾਰਚ ਸ਼ੁਰੂ ਕੀਤਾ। ਉਨ੍ਹਾਂ ਹੱਥਾਂ 'ਚ 'ਕੋਈ ਵੀ ਗ਼ੈਰ-ਕਾਨੂੰਨੀ ਨਹੀਂ' ਵਰਗੇ ਬੈਨਰ ਫੜੇ ਹੋਏ ਸਨ ਅਤੇ ਉਹ ਇਮੀਗ੍ਰੇਸ਼ਨ ਸੁਧਾਰਾਂ ਨੂੰ ਲੈ ਕੇ ਨਾਅਰੇਬਾਜ਼ੀ ਕਰ ਰਹੇ ਸਨ। ਪ੍ਰਦਰਸ਼ਨਕਾਰੀਆਂ ਨੇ ਹੱਥਾਂ 'ਚ ਮੈਕਸਿਕੋ ਅਤੇ ਅਮਰੀਕਾ ਦੇ ਝੰਡੇ ਵੀ ਫੜੇ ਹੋਏ ਸਨ। ਇਕ ਬੈਨਰ 'ਤੇ 'ਇਮੀਗਰੈਂਟਸ ਮੇਕ ਅਮਰੀਕਾ ਗਰੇਟ' ਲਿਖਿਆ ਹੋਇਆ ਸੀ। ਦੁਪਹਿਰ ਤੱਕ ਪ੍ਰਦਰਸ਼ਨਕਾਰੀਆਂ ਨੇ ਯੂ.ਐੱਸ. 101 ਦੀਆਂ ਸਾਰੀਆਂ ਲੇਨਾਂ ਨੂੰ ਜਾਮ ਕਰ ਦਿੱਤਾ, ਜਿਸ ਨਾਲ ਦੋਵੇਂ ਪਾਸਿਆਂ 'ਤੇ ਆਵਾਜਾਈ ਠੱਪ ਹੋ ਗਈ। ਕੈਲੀਫੋਰਨੀਆ ਹਾਈਵੇਅ ਪੈਟਰੋਲ ਅਤੇ ਲਾਸ ਏਂਜਲਸ ਪੁਲਿਸ ਵਿਭਾਗ ਨੇ ਕਿਹਾ ਕਿ ਕਿਸੇ ਵੀ ਪ੍ਰਦਰਸ਼ਨਕਾਰੀ ਨੂੰ ਗ੍ਰਿਫ਼ਤਾਰ ਨਹੀਂ ਕੀਤਾ ਗਿਆ ਹੈ। ਰਿਵਰਸਾਈਡ ਸ਼ਹਿਰ 'ਚ ਵੀ ਸੈਂਕੜੇ ਲੋਕਾਂ ਨੇ ਪ੍ਰਦਰਸ਼ਨ ਕੀਤੇ। ਵਾਹਨ ਚਾਲਕਾਂ ਨੇ ਪ੍ਰਦਰਸ਼ਨਕਾਰੀਆਂ ਦੇ ਹੱਕ 'ਚ ਹਾਰਨ ਵਜਾਏ। ਸੈਨ ਡਿਆਗੋ 'ਚ ਸੈਂਕੜੇ ਲੋਕਾਂ ਨੇ ਸ਼ਹਿਰ ਦੇ ਕਨਵੈਨਸ਼ਨ ਸੈਂਟਰ ਨੇੜੇ ਪ੍ਰਦਰਸ਼ਨ ਕੀਤਾ। ਟੈਕਸਸ ਅਤੇ ਡੈਲਸ 'ਚ ਕਰੀਬ 1,600 ਵਿਅਕਤੀਆਂ ਨੇ ਰੈਲੀਆਂ ਕੀਤੀਆਂ।


Jaspreet Singh
Attorney at Law
ਅਮਰੀਕਾ ਦੀ ਇਮੀਗ੍ਰੇਸ਼ਨ
ਰਿਫਿਊਜ਼ੀ ਸਟੇਅ, ਬੱਚਾ ਗੋਦ ਲੈਣਾ, ਡਿਪੋਰਟੇਸ਼ਨ ਵਿਆਹ,
ਐਚ.1 ਵੀਜ਼ਾ, ਲੇਬਰ ਸਰਟੀਫਿਕੇਟ ਦੇ ਕੇਸ
ਜਸਪ੍ਰੀਤ ਸਿੰਘ ਅਟਾਰਨੀ ਐਟ ਲਾਅ



Sacramento
2953 W Capitol Ave.
Sacramento CA 95691
Phone : 916-372-4448
Fax : 916-372-4440

FREMONT
44790 8. Grimmer
Blvd.# 208
Fremont, CA 94538
Phone : 510-657-6444
Fax : 510-657-6445

FRESNO
4491 W. Shaw Ave.
Suit No. 300B
Near Costco
Fresno, CA 93722
Phone : 559-271-5511

Turlock
209-632-3292

# ਟਰੰਪ ਦੀ ਧਮਕੀ ਕਾਰਨ ਪਨਾਮਾ ਨੇ ਚੀਨ ਨੂੰ ਦਿੱਤਾ ਵੱਡਾ ਝਟਕਾ

**■ ਵਨ ਬੈਲਟ ਵਨ ਰੋਡ ਪ੍ਰਾਜੈਕਟ ਤੋਂ ਹਟਿਆ ਪਿੱਛੇ**

**ਵਾਸ਼ਿੰਗਟਨ, (ਪੰਜਾਬ ਮੇਲ)**- ਡੋਨਾਲਡ ਟਰੰਪ ਦੇ ਰਾਸ਼ਟਰਪਤੀ ਬਣਨ ਤੋਂ ਬਾਅਦ ਵਿਸ਼ਵ ਪੱਧਰ 'ਤੇ ਉਥਲ-ਪੁਥਲ ਹੈ। ਟਰੰਪ ਨੇ ਕੈਨੇਡਾ ਅਤੇ ਮੈਕਸੀਕੋ ਵਰਗੇ ਗੁਆਂਢੀ ਦੇਸ਼ਾਂ 'ਤੇ ਭਾਰੀ ਟੈਰਿਫ ਲਗਾ ਕੇ ਹਲਚਲ ਮਚਾ ਦਿੱਤੀ ਹੈ। ਚੀਨ 'ਤੇ ਵੀ 10 ਫੀਸਦੀ ਟੈਰਿਫ ਲਗਾਇਆ ਗਿਆ ਹੈ, ਪਰ ਟਰੰਪ ਦੇ ਭਾਰੀ ਦਬਾਅ ਦਰਮਿਆਨ ਪਨਾਮਾ ਨੇ ਹੁਣ ਚੀਨ ਨੂੰ ਵੱਡਾ ਝਟਕਾ ਦਿੱਤਾ ਹੈ।

ਪਨਾਮਾ ਨਹਿਰ ਨੂੰ ਲੈ ਕੇ ਟਰੰਪ ਦੇ ਦਬਾਅ ਦਰਮਿਆਨ ਪਨਾਮਾ ਦੇ ਰਾਸ਼ਟਰਪਤੀ ਜੋਸ ਰਾਉਲ ਮੁਲੀਨੋ ਨੇ ਕਿਹਾ ਹੈ ਕਿ ਉਨ੍ਹਾਂ ਦਾ ਦੇਸ਼ ਚੀਨ ਦੀ ਅਭਿਲਾਸ਼ੀ ਯੋਜਨਾ ਬੈਲਟ ਐਂਡ ਰੋਡ (ਬੀ.ਆਰ.ਆਈ.) ਦਾ ਨਵੀਨੀਕਰਨ ਨਹੀਂ ਕਰੇਗਾ। ਪਨਾਮਾ 2017 ਵਿਚ ਚੀਨ ਦੀ ਇਸ ਯੋਜਨਾ ਨਾਲ ਜੁੜਿਆ ਸੀ, ਪਰ ਹੁਣ ਪਨਾਮਾ ਦੇ ਰਾਸ਼ਟਰਪਤੀ ਦੇ ਇਸ ਐਲਾਨ ਤੋਂ ਬਾਅਦ ਇਹ ਸਪੱਸ਼ਟ ਹੈ ਕਿ ਪਨਾਮਾ ਜਲਦੀ ਹੀ ਚੀਨ ਦੀ ਇਸ ਯੋਜਨਾ ਤੋਂ ਬਾਹਰ ਹੋਣ ਵਾਲਾ ਹੈ।

ਰਾਸ਼ਟਰਪਤੀ ਮੁਲੀਨੋ ਨੇ ਕਿਹਾ ਕਿ ਹੁਣ ਪਨਾਮਾ ਬੁਨਿਆਦੀ ਢਾਂਚੇ ਦੇ ਪ੍ਰਾਜੈਕਟਾਂ ਸਮੇਤ ਨਵੇਂ ਨਿਵੇਸ਼ਾਂ 'ਤੇ ਅਮਰੀਕਾ ਨਾਲ ਮਿਲ ਕੇ ਕੰਮ ਕਰੇਗਾ। ਰਾਸ਼ਟਰਪਤੀ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਪਨਾਮਾ ਪੋਰਟਸ



ਕੰਪਨੀ ਦਾ ਆਡਿਟ ਕਰੇਗੀ। ਇਹ ਕੰਪਨੀ ਚੀਨ ਦੀ ਉਸ ਕੰਪਨੀ ਨਾਲ ਜੁੜੀ ਹੋਈ ਹੈ, ਜੋ ਪਨਾਮਾ ਨਹਿਰ ਦੇ ਦੋ ਬੰਦਰਗਾਹਾਂ ਦਾ ਸੰਚਾਲਨ ਕਰਦੀ ਹੈ। ਮੁਲੀਨੋ ਨੇ ਕਿਹਾ ਕਿ ਸਾਨੂੰ ਪਹਿਲਾਂ ਆਡਿਟ ਦੇ ਮੁਕੰਮਲ ਹੋਣ ਦੀ ਉਡੀਕ ਕਰਨੀ ਪਵੇਗੀ।

ਇਸ ਤੋਂ ਪਹਿਲਾਂ ਅਮਰੀਕਾ ਦੇ ਵਿਦੇਸ਼ ਮੰਤਰੀ ਮਾਰਕੋ ਰੂਬੀਓ ਨੇ ਪਨਾਮਾ ਦੇ ਰਾਸ਼ਟਰਪਤੀ ਮੁਲੀਨੋ ਨੂੰ ਕਿਹਾ ਸੀ ਕਿ ਪਨਾਮਾ 'ਤੇ ਚੀਨ ਦੇ ਕਬਜ਼ੇ ਕਾਰਨ ਅਮਰੀਕਾ ਨੂੰ ਆਪਣੇ ਅਧਿਕਾਰਾਂ ਦੀ ਰਾਖੀ ਕਰਨੀ ਪਵੇਗੀ। ਮੁਲੀਨੋ ਨੇ ਕਿਹਾ ਕਿ ਮੈਨੂੰ ਨਹੀਂ ਲੱਗਦਾ ਕਿ ਪਨਾਮਾ 'ਤੇ ਮੁੜ ਕਬਜ਼ਾ ਕਰਨ ਲਈ ਅਮਰੀਕਾ ਨੂੰ ਫੌਜੀ ਤਾਕਤ ਦੀ ਵਰਤੋਂ ਕਰਨੀ ਪਵੇਗੀ।

ਰਾਸ਼ਟਰਪਤੀ ਟਰੰਪ ਨੇ ਕਿਹਾ ਕਿ ਅਮਰੀਕਾ ਪਨਾਮਾ ਨੂੰ ਵਾਪਸ ਲਵੇਗਾ ਅਤੇ ਇਸ ਲਈ ਅਸੀਂ ਕੁਝ ਵੱਡੇ ਕਦਮ ਚੁੱਕਣ ਜਾ ਰਹੇ ਹਾਂ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਕਿਹਾ ਕਿ ਪਨਾਮਾ ਖੁਦ ਨਹਿਰ ਚਲਾ ਰਿਹਾ ਹੈ, ਜਦਕਿ ਇਹ ਨਹਿਰ ਚੀਨ ਨੂੰ ਨਹੀਂ ਸੌਂਪੀ ਗਈ। ਪਨਾਮਾ ਨਹਿਰ ਬੇਵਕੂਫੀ ਨਾਲ ਪਨਾਮਾ ਨੂੰ ਸੌਂਪ ਦਿੱਤੀ ਗਈ ਸੀ ਪਰ ਉਨ੍ਹਾਂ ਨੇ ਸਮਝੌਤੇ ਦੀ ਉਲੰਘਣਾ ਕੀਤੀ ਅਤੇ ਅਸੀਂ ਇਸ ਨੂੰ ਵਾਪਸ ਲੈ ਲਵਾਂਗੇ। ਇਸ ਦੇ ਲਈ ਕੁਝ ਵੱਡੇ ਕਦਮ ਚੁੱਕੇ ਜਾ ਰਹੇ ਹਨ।

ਇਸ ਤੋਂ ਪਹਿਲਾਂ ਪਨਾਮਾ ਨਹਿਰ ਨੂੰ ਲੈ ਕੇ ਟਰੰਪ ਨੇ ਕਿਹਾ ਸੀ ਕਿ ਸਾਡੀ ਨੇਵੀ ਅਤੇ ਕਾਰੋਬਾਰੀਆਂ ਨਾਲ ਬਹੁਤ ਗਲਤ ਵਿਵਹਾਰ ਕੀਤਾ ਗਿਆ ਹੈ। ਪਨਾਮਾ ਦੁਆਰਾ ਵਸੂਲੀ ਗਈ ਫੀਸ ਹਾਸੋਹੀਣੀ ਹੈ। ਅਜਿਹੀਆਂ ਚੀਜ਼ਾਂ ਨੂੰ ਤੁਰੰਤ ਬੰਦ ਕੀਤਾ ਜਾਣਾ ਚਾਹੀਦਾ ਹੈ। ਜੇਕਰ ਪਨਾਮਾ ਨਹਿਰ ਨੂੰ ਸੁਰੱਖਿਅਤ, ਕੁਸ਼ਲ ਅਤੇ ਭਰੋਸੇਮੰਦ ਤਰੀਕੇ ਨਾਲ ਨਹੀਂ ਚਲਾਇਆ ਜਾਂਦਾ ਹੈ, ਤਾਂ ਅਸੀਂ ਮੰਗ ਕਰਾਂਗੇ ਕਿ ਪਨਾਮਾ ਨਹਿਰ ਸਾਨੂੰ ਪੂਰੀ ਤਰ੍ਹਾਂ ਵਾਪਸ ਦਿੱਤੀ ਜਾਵੇ। ਟਰੰਪ ਨੇ ਕਿਹਾ ਕਿ ਜੇਕਰ ਨੈਤਿਕ ਅਤੇ ਕਾਨੂੰਨੀ ਦੋਵਾਂ ਸਿਧਾਂਤਾਂ ਦਾ ਪਾਲਣ ਕੀਤਾ ਜਾਂਦਾ ਹੈ, ਤਾਂ ਅਸੀਂ ਪਨਾਮਾ ਨਹਿਰ ਨੂੰ ਜਲਦੀ ਤੋਂ ਜਲਦੀ ਅਮਰੀਕਾ ਨੂੰ ਵਾਪਸ ਕਰਨ ਦੀ ਮੰਗ ਕਰਾਂਗੇ।

ਪਨਾਮਾ ਨਹਿਰ ਦੇ ਸੰਚਾਲਨ ਵਿਚ ਚੀਨੀ ਸਰਕਾਰ ਦੀ ਸਪੱਸ਼ਟ ਭੂਮਿਕਾ ਦਾ ਕੋਈ ਸਬੂਤ ਨਹੀਂ ਹੈ, ਪਰ ਪਨਾਮਾ ਵਿਚ ਚੀਨੀ ਕੰਪਨੀਆਂ ਦੀ ਮਹੱਤਵਪੂਰਨ ਮੌਜੂਦਗੀ ਹੈ। ਅਕਤੂਬਰ 2023 ਤੋਂ ਸਤੰਬਰ 2024 ਤੱਕ ਪਨਾਮਾ ਤੋਂ ਲੰਘਣ ਵਾਲੇ ਜਹਾਜ਼ਾਂ ਵਿਚੋਂ 21.4 ਫੀਸਦੀ ਉਤਪਾਦ ਚੀਨ ਦੇ ਸਨ।

# ਅਮਰੀਕਾ ਦੇ ਵੀਜ਼ਾ ਨਿਯਮਾਂ ਦੀ ਉਲੰਘਣਾ ਕਰਨ ਦੇ ਮਾਮਲੇ 'ਚ ਭਾਰਤੀ ਵਿਦਿਆਰਥੀ ਪਹਿਲੇ ਸਥਾਨ 'ਤੇ

**■ ਪਿਛਲੇ ਸਾਲ 7000 ਵਿਦਿਆਰਥੀਆਂ ਨੇ ਵੀਜ਼ਾ ਖਤਮ ਹੋਣ ਦੇ ਬਾਵਜੂਦ ਨਹੀਂ ਕੀਤੀ ਵਤਨ ਵਾਪਸੀ**

**■ ਸਦਨ ਦੀ ਕਮੇਟੀ ਨੂੰ ਸਖਤ ਨਿਯਮ ਲਾਗੂ ਕਰਨ ਦਾ ਦਿੱਤਾ ਸੁਝਾਅ**

**ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)**- ਅਮਰੀਕਾ ਵਿਚ ਪਿਛਲੇ ਸਾਲ ਭਾਰਤ ਦੇ ਸਭ ਤੋਂ ਵਧ ਵਿਦਿਆਰਥੀਆਂ ਨੇ ਵੀਜ਼ਾ ਨਿਯਮਾਂ ਨੂੰ ਤੋੜਿਆ ਤੇ 7000 ਭਾਰਤੀ ਵਿਦਿਆਰਥੀ ਵੀਜ਼ਾ ਖਤਮ ਹੋਣ ਦੇ ਬਾਵਜੂਦ ਅਮਰੀਕਾ ਵਿਚ ਟਿਕੇ ਰਹੇ। ਯੂ.ਐੱਸ. ਇਮੀਗ੍ਰੇਸ਼ਨ ਮਾਹਿਰ ਜੈਸਿਕਾ ਐੱਮ ਵਾਘਨ ਨੇ ਇਹ ਜਾਣਕਾਰੀ ਦਿੰਦਿਆਂ ਕਿਹਾ ਹੈ ਕਿ ਭਾਰਤ ਤੋਂ ਬਾਅਦ ਬ੍ਰਾਜ਼ੀਲ ਤੇ ਚੀਨ ਦਾ ਸਥਾਨ ਆਉਂਦਾ ਹੈ। ਇਸ ਤੋਂ ਬਾਅਦ ਹਰੇਕ ਦੇਸ਼ ਦੇ 2000 ਦੇ ਆਸ-ਪਾਸ ਵਿਦਿਆਰਥੀਆਂ ਨੇ ਵੀਜ਼ਾ ਖਤਮ ਹੋਣ ਦੀ ਪ੍ਰਵਾਹ ਨਹੀਂ ਕੀਤੀ ਤੇ ਉਹ ਨਿਰਧਾਰਤ ਸਮਾਂ ਸੀਮਾ ਤੋਂ ਬਾਅਦ ਵੀ ਅਮਰੀਕਾ ਵਿਚ ਰਹਿ ਰਹੇ ਹਨ। ਨਿਆਂਪਾਲਿਕਾ ਸਬੰਧੀ ਯੂ.ਐੱਸ. ਹਾਊਸ ਕਮੇਟੀ ਦੇ ਸਾਹਮਣੇ ਬੋਲਦਿਆਂ ਵਾਘਨ ਨੇ ਚਿਤਾਵਨੀ ਦਿੰਦਿਆਂ ਕਿਹਾ ਕਿ ਸਾਰੇ ਆਰਜੀ ਵੀਜ਼ਾ ਸ਼੍ਰੇਣੀਆਂ ਵਿਚੋਂ ਨਿਰਧਾਰਤ ਸਮਾਂ ਸੀਮਾ ਦੀ ਉਲੰਘਣਾ ਕਰਨ ਵਲਿਆਂ ਦੀ ਸਭ ਤੋਂ ਵਧ ਗਿਣਤੀ ਐੱਫ-1 (ਅਕਾਦਮਿਕ ਵਿਦਿਆਰਥੀ) ਤੇ ਐੱਮ-1 (ਵੋਕੇਸ਼ਨਲ ਵਿਦਿਆਰਥੀ) ਵੀਜ਼ਾ ਸ਼੍ਰੇਣੀ ਵਾਲਿਆਂ ਦੀ ਹੈ। ਇਮੀਗ੍ਰੇਸ਼ਨ ਅਧਿਐਨ ਬਾਰੇ ਕੇਂਦਰ ਵਿਖੇ ਨੀਤੀ ਵਿਸ਼ਲੇਸ਼ਕ ਵਾਘਨ ਨੇ ਕਿਹਾ ਕਿ ਮੌਜੂਦਾ ਪ੍ਰਣਾਲੀ ਬਹੁਤ ਨਰਮ ਹੈ, ਜੋ ਵਿਦਿਆਰਥੀਆਂ ਨੂੰ ਵੀਜ਼ਾ ਸਥਿਤੀ ਦੀ ਦੁਰਵਰਤੋਂ ਕਰਨ ਦੀ ਇਜ਼ਾਜਤ ਦਿੰਦੀ ਹੈ। ਉਨ੍ਹਾਂ ਨੇ ਸਖਤ ਨਿਯਮ ਲਾਗੂ ਕਰਨ ਦਾ ਸੁਝਾਅ ਦਿੱਤਾ, ਜਿਸ ਤਹਿਤ ਵਿਦਿਆਰਥੀਆਂ ਦੀ ਪੜ੍ਹਾਈ ਉਪਰੰਤ ਘਰ ਵਾਪਸੀ ਯਕੀਨੀ ਬਣਾਈ ਜਾ ਸਕੇ। ਉਨ੍ਹਾਂ ਨੇ ਦੋ-ਮੂੰਹੀ ਨੀਤੀ ਦੀ ਆਲੋਚਨਾ ਕੀਤੀ, ਜੋ ਵਿਦਿਆਰਥੀਆਂ ਵਿਚ ਗ੍ਰੈਜੂਏਸ਼ਨ ਉਪਰੰਤ ਅਮਰੀਕਾ ਵਿਚ ਟਿਕੇ ਰਹਿਣ ਦੀ ਰੁਚੀ ਪੈਦਾ ਕਰਦੀ ਹੈ। ਵਾਘਨ ਨੇ ਸਕੂਲਾਂ ਉਪਰ ਸਖਤ ਨਿਯੰਤਰਣ 'ਤੇ ਸਖਤ ਮਾਪਦੰਡ ਲਾਗੂ ਕਰਨ ਦਾ ਸੁਝਾਅ ਦਿੱਤਾ ਹੈ।

# ਟਰੰਪ ਹੁਣ ਯੂਰਪ 'ਤੇ ਵੀ ਟੈਰਿਫ ਲਗਾਉਣ ਦੀ ਤਿਆਰੀ 'ਚ!

**ਵਾਸ਼ਿੰਗਟਨ, (ਪੰਜਾਬ ਮੇਲ)**- ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਸਹੁੰ ਚੁੱਕਣ ਤੋਂ ਬਾਅਦ ਹੁਣ ਟੈਰਿਫ ਨੀਤੀ ਨੂੰ ਅੱਗੇ ਵਧਾ ਰਹੇ ਹਨ। ਹਾਲ ਹੀ ਵਿਚ ਟਰੰਪ ਨੇ ਕੈਨੇਡਾ, ਮੈਕਸੀਕੋ ਅਤੇ ਚੀਨ 'ਤੇ ਟੈਰਿਫ ਲਗਾਉਣ ਦਾ ਐਲਾਨ ਕੀਤਾ। ਇਸ ਨਾਲ ਵਪਾਰ ਯੁੱਧ ਛਿੜ ਗਿਆ ਹੈ। ਟਰੰਪ ਨੇ ਹੁਣ ਯੂਰਪੀਅਨ ਯੂਨੀਅਨ (ਈ.ਯੂ.) 'ਤੇ ਵੀ ਟੈਰਿਫ ਲਗਾਉਣ ਦੀ ਗੱਲ ਕੀਤੀ ਹੈ। ਟਰੰਪ ਨੇ ਕਿਹਾ ਹੈ ਕਿ ਯੂਰਪੀਅਨ ਯੂਨੀਅਨ (ਈ.ਯੂ.) ਤੋਂ ਅਮਰੀਕਾ ਨੂੰ ਆਯਾਤ ਕੀਤੇ ਜਾਣ ਵਾਲੇ ਸਮਾਨ 'ਤੇ ਜਲਦੀ ਹੀ ਟੈਰਿਫ ਲਗਾਏ ਜਾਣਗੇ। ਅਜਿਹੀ ਸਥਿਤੀ ਵਿਚ ਸਪੱਸ਼ਟ ਹੈ ਕਿ ਆਉਣ ਵਾਲੇ ਦਿਨਾਂ ਵਿਚ ਵਪਾਰ ਦੇ ਖੇਤਰ ਵਿਚ ਇਹ ਤਣਾਅ ਹੋਰ ਵਧਣ ਵਾਲਾ ਹੈ। ਤੁਹਾਨੂੰ ਦੱਸ ਦੇਈਏ ਕਿ 2018 ਵਿਚ ਰਾਸ਼ਟਰਪਤੀ ਹੁੰਦਿਆਂ ਟਰੰਪ ਨੇ ਯੂਰਪੀਅਨ ਯੂਨੀਅਨ ਤੋਂ ਆਯਾਤ ਕੀਤੇ ਜਾਣ ਵਾਲੇ ਐਲੂਮੀਨੀਅਮ ਸਟੀਲ 'ਤੇ ਟੈਰਿਫ ਲਗਾਇਆ ਸੀ। ਇਸ ਤੋਂ ਬਾਅਦ, ਯੂਰਪੀ ਸੰਘ ਨੇ ਵਿਸਕੀ ਅਤੇ ਮੋਟਰਸਾਈਕਲਾਂ ਸਮੇਤ ਅਮਰੀਕੀ ਉਤਪਾਦਾਂ 'ਤੇ ਵੀ ਟੈਰਿਫ ਲਗਾ ਦਿੱਤਾ। ਤੁਹਾਨੂੰ ਦੱਸ ਦੇਈਏ ਕਿ ਇਸ ਤੋਂ ਪਹਿਲਾਂ ਟਰੰਪ ਨੇ ਚੀਨ, ਕੈਨੇਡਾ ਅਤੇ ਮੈਕਸੀਕੋ ਸਮੇਤ ਗੁਆਂਢੀ ਦੇਸ਼ਾਂ 'ਤੇ 25-25 ਪ੍ਰਤੀਸ਼ਤ ਟੈਰਿਫ ਲਗਾਇਆ ਸੀ।

ਹਾਲ ਹੀ ਵਿਚ ਕੈਨੇਡਾ ਅਤੇ ਮੈਕਸੀਕੋ ਨੇ ਵੀ ਟਰੰਪ ਦੇ ਇਸ ਫੈਸਲੇ 'ਤੇ ਜਵਾਬੀ ਟੈਰਿਫ ਲਗਾਉਣ ਦਾ ਐਲਾਨ ਕੀਤਾ ਹੈ। ਇਸ ਲਈ ਚੀਨ ਨੇ ਵਿਸ਼ਵ ਸਿਹਤ ਸੰਗਠਨ ਵਿਚ ਇਸ ਵਿਰੁੱਧ ਕੇਸ ਦਾਇਰ ਕਰਨ ਲਈ ਕਿਹਾ। ਕੈਨੇਡਾ ਨੇ 155 ਬਿਲੀਅਨ ਡਾਲਰ ਦੇ ਅਮਰੀਕੀ ਆਯਾਤ 'ਤੇ 25 ਪ੍ਰਤੀਸ਼ਤ ਟੈਰਿਫ ਲਗਾ ਕੇ ਅਮਰੀਕੀ ਟੈਰਿਫ ਦਾ ਜਵਾਬ ਦਿੱਤਾ ਹੈ।




ਸਜਣ ਮੇਰੇ ਰੰਗੁਲੇ ਜਾਇ ਸੁਤੇ ਜੀਰਾਣਿ

**ਸ. ਗੁਰਦੇਵ ਸਿੰਘ ਨਾਗਰਾ ਸ. ਕਰਮ ਸਿੰਘ ਨਾਗਰਾ (ਸੋਢੀ) ਸ. ਰਣਜੀਤ ਸਿੰਘ ਨਾਗਰਾ ਅਤੇ ਸਮੂਹ ਨਾਗਰਾ ਪਰਿਵਾਰ ਨੂੰ ਭਾਰੀ ਸਦਮਾ**

# ਉਨ੍ਹਾਂ ਦੇ ਸਤਿਕਾਰਯੋਗ ਪਿਤਾ ਅਤੇ ਉਘੇ ਸਿੱਖ ਆਗੂ ਸ. ਹਰਬੰਸ ਸਿੰਘ ਜੀ ਨਾਗਰਾ ਨਹੀਂ ਰਹੇ



ਸਵ. ਸ. ਸਰਬੰਸ ਸਿੰਘ ਜੀ ਨਾਗਰਾ

## FUNERAL

FEBRUARY 7, 2025 AT 11.00 AM-1.00 PM

SHANT BHAVAN FUNERAL HOME

4800 E Clayton Ave, Fowler, CA 93625

## ANTIM ARDAAS

SIKH CENTER OF THE PACIFIC COAST

2211 S HIGHLAND AVE, SELMA, CA 93662

ਫਰਿਜ਼ਨੋ, (ਪੰਜਾਬ ਮੇਲ)- ਕੈਲੀਫੋਰਨੀਆ ਤੋਂ ਜਾਣੇ-ਪਹਿਚਾਣੇ ਨਾਗਰ ਗੁਰਸਿੱਖ ਪਰਿਵਾਰ ਨੂੰ ਉਸ ਸਮੇਂ ਭਾਰੀ ਸਦਮਾ ਲੱਗਾ, ਜਦੋ ਉਨ੍ਹਾਂ ਦੇ ਸਤਿਕਾਰਯੋਗ ਪਿਤਾ ਜੀ ਅਤੇ ਅਮਰੀਕਾ ਦੇ ਉਘੇ ਸਿੱਖ ਆਗੂ ਸ. ਹਰਬੰਸ ਸਿੰਘ ਨਾਗਰਾ ਅਚਾਨਕ ਸਦੀਵੀ ਵਿਛੋੜਾ ਦੇ ਗਏ। ਸ. ਹਰਬੰਸ ਸਿੰਘ ਨਾਗਰਾ ਆਪਣੀ ਸਾਰੀ ਜ਼ਿੰਦਗੀ ਪੰਜਾਬੀ ਅਤੇ ਪੰਜਾਬੀ ਸੱਭਿਆਚਾਰ ਲਈ ਸਮਰਪਿਤ ਰਹੇ। ਸਿੱਖ ਪੰਥ ਦੇ ਸੇਵਾਦਾਰ, ਨਿੱਘੇ-ਠੰਡੇ ਸੁਭਾਅ ਦੇ ਮਾਲਕ, ਹਰ ਵੇਲੇ ਹਰ ਥਾਂ ਕੰਮ ਅਤੇ ਮਨੁੱਖਤਾ ਦੀ ਸੇਵਾ ਲਈ ਹਮੇਸ਼ਾ ਤਿਆਰ-ਬਰ-ਤਿਆਰ ਰਹਿਣ ਵਾਲੇ ਸ. ਹਰਬੰਸ ਸਿੰਘ ਨਾਗਰਾ ਆਪਣੀ ਸਖਤ ਮਿਹਨਤ, ਗੁਰਸਿੱਖੀ ਲਗਨ ਨਾਲ ਸਾਰੇ ਪਰਿਵਾਰ ਨੂੰ ਗੁਰਸਿੱਖੀ ਜੀਵਨ ਅਤੇ ਸੇਵਾ ਵਾਲੇ ਪਾਸੇ ਜੋੜਕੇ ਸੰਸਾਰ ਤੋਂ ਰੁਖਸਤ ਹੋਏ। ਉਹ ਇੱਕ ਮਹਾਨ, ਇਮਾਨਦਾਰ ਕਿਰਤੀ ਸਿੱਖ ਵਾਲਾ ਜੀਵਨ ਬਿਤਾਕੇ ਅਤੇ ਆਪਣੇ ਇੱਕ ਵੱਡੇ ਪਰਿਵਾਰ ਨੂੰ ਖੁਸ਼ਹਾਲ ਪਰਿਵਾਰ ਬਣਾਕੇ ਇਸ ਫਾਨੀ ਸੰਸਾਰ ਤੋਂ 95 ਸਾਲ ਦੀ ਉਮਰ ਭੋਗਕੇ ਸਦਾ ਲਈ ਅਲਵਿਦਾ ਆਖ ਗਏ। ਗੁਰਬਾਣੀ ਦੇ ਇਲਾਹੀ ਫਰਮਾਨ ਮੁਤਾਬਿਕ:

ਗੁਰਮੁਖਿ ਜਨਮੁ ਸਵਾਰਿ ਦਰਗਹ ਚਲਿਆ।
ਸਚੀ ਦਰਗਹ ਜਾਇ ਸਚਾ ਪਿੜੁ ਮਲਿਆ॥

ਮੁਤਾਬਿਕ ਆਪਣਾ ਤੇ ਕੌਮ ਦਾ ਨਾਮ ਰੌਸ਼ਨ ਕਰਕੇ ਸ. ਹਰਬੰਸ ਸਿੰਘ ਨਾਗਰਾ ਸੰਸਾਰ 'ਚੋਂ ਫਾਰਗ ਹੋਏ ਅਤੇ ਆਪਣੇ ਗੁਰੂ ਅਕਾਲ ਪੁਰਖ ਦੇ ਚਰਨਾਂ 'ਚ ਜਾ ਬਿਰਾਜੇ। ਗੁਰੂ ਨਾਨਕ ਦੇ ਘਰ ਦੇ ਦੱਸੇ ਹੋਏ ਮਾਰਗ ਉਪਰ ਚੱਲਦੇ ਹੋਏ ਉਨ੍ਹਾਂ ਨੇ ਆਪਣੇ ਮੌਜੂਦਾ ਸ਼ਹਿਰ ਫਰਿਜ਼ਨੋ ਵਿਖੇ ਆਖਰੀ ਫਤਿਹ ਬੁਲਾਈ। ਉਨ੍ਹਾ ਦਾ ਪਿਛਲਾ ਪਿੰਡ ਨਗੱਜਾ, ਜ਼ਿਲ੍ਹਾ ਜਲੰਧਰ ਸੀ ਅਤੇ ਇਸ ਸਮੇਂ ਗਦਰੀ ਬਾਬਿਆਂ ਦੀ ਧਰਤੀ ਕੈਲੀਫੋਰਨੀਆ ਵਿਖੇ ਪਿਛਲੇ 40 ਸਾਲ ਤੋਂ ਰਹਿ ਰਹੇ ਸਨ। ਉਨ੍ਹਾਂ ਦੇ ਅਕਾਲ ਚਲਾਣੇ ਉਪਰ ਅਸੀਂ ਕੈਲੀਫੋਰਨੀਆ ਕਬੱਡੀ ਫੈਡਰੇਸ਼ਨ ਯੂ.ਐੱਸ.ਏ. ਵਲੋਂ ਸਮਾਜ ਸੇਵਕਾਂ, ਸਮੂਹ ਖੇਡ ਕਲੱਬਾਂ, ਖਿਡਾਰੀਆਂ, ਖੇਡ ਪ੍ਰੇਮੀਆਂ, ਗੁਰੂਘਰਾਂ ਦੀਆ ਪ੍ਰਬੰਧਕ ਕਮੇਟੀਆਂ, ਪਰਿਵਾਰਕ ਮੈਂਬਰਾਂ, ਸੱਜਣਾਂ ਅਤੇ ਸੁਨੇਹੀਆਂ ਵਲੋਂ ਅਰਦਾਸ ਕਰਦੇ ਹਾਂ ਕਿ ਅਕਾਲ ਪੁਰਖ ਉਨ੍ਹਾਂ ਨੂੰ ਆਪਣੇ ਚਰਨਾਂ 'ਚ ਨਿਵਾਸ ਬਖਸ਼ੇ ਤੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ੇ।

Copyright@ Punjab Mail USA

**ਪਰਿਵਾਰ ਨਾਲ ਦੁੱਖ ਸਾਂਝਾ ਕਰਨ ਲਈ: (559) 302-7061**

**ਕੈਲੀਫੋਰਨੀਆ ਕਬੱਡੀ ਫੈਡਰੇਸ਼ਨ ਆਫ ਯੂ.ਐੱਸ.ਏ.**

# 21 ਸਾਲ ਤੋਂ ਘੱਟ ਉਮਰ ਦੇ ਨੌਜਵਾਨਾਂ ਨੂੰ ਬੰਦੂਕਾਂ ਦੀ ਵਿਕਰੀ 'ਤੇ ਪਾਬੰਦੀ ਲਗਾਉਣਾ ਗੈਰ-ਸੰਵਿਧਾਨਕ : ਅਮਰੀਕੀ ਅਦਾਲਤ

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕਾ ਦੀ ਇੱਕ ਅਦਾਲਤ ਨੇ ਕਿਹਾ ਹੈ ਕਿ 21 ਸਾਲ ਤੋਂ ਘੱਟ ਉਮਰ ਦੇ ਨੌਜਵਾਨਾਂ ਨੂੰ ਬੰਦੂਕਾਂ ਦੀ ਵਿਕਰੀ 'ਤੇ ਪਾਬੰਦੀ ਲਗਾਉਣਾ ਗੈਰ-ਸੰਵਿਧਾਨਕ ਹੈ। ਅਮਰੀਕੀ ਅਦਾਲਤ ਦਾ ਇਹ ਫ਼ੈਸਲਾ ਸੰਘੀ ਕਾਨੂੰਨ ਦੇ ਵਿਰੁੱਧ ਹੈ, ਜਿਸ ਦੇ ਤਹਿਤ ਨੌਜਵਾਨਾਂ ਨੂੰ ਹੈਂਡਗਨ ਖਰੀਦਣ ਲਈ ਘੱਟੋ-ਘੱਟ 21 ਸਾਲ ਦੀ ਉਮਰ ਹੋਣੀ ਚਾਹੀਦੀ ਹੈ। ਅਦਾਲਤ ਦਾ ਕਹਿਣਾ ਹੈ ਕਿ ਸੰਘੀ ਕਾਨੂੰਨ ਅਮਰੀਕੀ ਸੰਵਿਧਾਨ ਦੇ ਦੂਜੇ ਸੋਧ ਦੀ ਉਲੰਘਣਾ ਕਰਦਾ ਹੈ।



ਇਹ ਫ਼ੈਸਲਾ ਵੀਰਵਾਰ ਨੂੰ ਅਮਰੀਕਾ ਦੇ ਨਿਊ ਓਰਲੀਨਜ਼ ਵਿਚ 5ਵੀਂ ਯੂ.ਐੱਸ. ਸਰਕਟ ਕੋਰਟ ਆਫ਼ ਅਪੀਲਜ਼ ਦੇ ਤਿੰਨ ਜੱਜਾਂ ਦੇ ਪੈਨਲ ਨੇ ਸੁਣਾਇਆ। ਅਦਾਲਤ ਨੇ ਪਾਇਆ ਕਿ 18 ਤੋਂ 20 ਸਾਲ ਦੀ ਉਮਰ ਦੇ ਲੋਕਾਂ ਨੂੰ ਬੰਦੂਕਾਂ ਖਰੀਦਣ ਤੋਂ ਵਰਜਿਤ ਨਹੀਂ ਕੀਤਾ ਜਾਣਾ ਚਾਹੀਦਾ। ਅਦਾਲਤ ਨੇ ਆਪਣੇ ਫ਼ੈਸਲੇ ਵਿਚ ਲਿਖਿਆ, "ਦੂਜੀ ਸੋਧ ਵਿਚ 18 ਤੋਂ 20 ਸਾਲ ਦੀ ਉਮਰ ਦੇ ਉਹ ਲੋਕ ਸ਼ਾਮਲ ਹਨ, ਜਿਨ੍ਹਾਂ ਨੂੰ ਹਥਿਆਰ ਰੱਖਣ ਦੇ ਅਧਿਕਾਰ ਦੀ ਗਰੰਟੀ ਹੈ।" ਇਸ ਫ਼ੈਸਲੇ ਤੋਂ ਬਾਅਦ ਕੇਸ ਹੇਠਲੀ ਅਦਾਲਤ ਦੇ ਜੱਜ ਕੋਲ ਵਾਪਸ ਚਲਾ ਗਿਆ ਹੈ। ਸੁਪਰੀਮ ਕੋਰਟ ਨੇ ਆਪਣੇ ਇੱਕ ਫ਼ਸਲੇ ਵਿਚ ਇਹ ਵੀ ਕਿਹਾ ਹੈ ਕਿ ਹਥਿਆਰ ਰੱਖਣ 'ਤੇ ਪਾਬੰਦੀ ਲਗਾਉਂਦੇ ਸਮੇਂ ਦੇਸ਼ ਦੀਆਂ ਇਤਿਹਾਸਕ ਪ੍ਰੰਪਰਾਵਾਂ ਨੂੰ ਵੀ ਧਿਆਨ ਵਿਚ ਰੱਖਿਆ ਜਾਣਾ ਚਾਹੀਦਾ ਹੈ। ਮਿਨੀਸੋਟਾ, ਵਰਜੀਨੀਆ ਅਤੇ ਟੈਕਸਾਸ ਵਰਗੇ ਸੂਬੇ ਦੀਆਂ ਅਦਾਲਤਾਂ ਨੇ ਵੀ ਇਸੇ ਤਰ੍ਹਾਂ ਦੇ ਆਧਾਰ 'ਤੇ ਸੰਘੀ ਕਾਨੂੰਨ ਨੂੰ ਰੱਦ ਕਰ ਦਿੱਤਾ ਸੀ।

ਹਾਲਾਂਕਿ, ਪਿਛਲੇ ਬਾਇਡਨ ਪ੍ਰਸ਼ਾਸਨ ਨੇ ਉਨ੍ਹਾਂ ਫ਼ੈਸਲਿਆਂ ਦਾ ਵਿਰੋਧ ਕੀਤਾ ਸੀ। ਇਹ ਅਜੇ ਵੀ ਅਨਿਸ਼ਚਿਤ ਹੈ ਕਿ ਟਰੰਪ ਪ੍ਰਸ਼ਾਸਨ ਦਾ ਇਸ ਬਾਰੇ ਕੀ ਰੁਖ਼ ਹੋਵੇਗਾ, ਪਰ ਉਨ੍ਹਾਂ ਨੇ ਪਿਛਲੇ ਸਾਲ ਆਪਣੀ ਚੋਣ ਮੁਹਿੰਮ ਦੌਰਾਨ ਸੰਕੇਤ ਦਿੱਤਾ ਸੀ ਕਿ ਉਹ ਵੀ ਸੰਘੀ ਕਾਨੂੰਨ ਦੇ ਵਿਰੁੱਧ ਫ਼ੈਸਲੇ ਲੈ ਸਕਦੇ ਹਨ। ਟਰੰਪ ਨੇ ਕਿਹਾ ਸੀ ਕਿ 'ਕੋਈ ਵੀ ਤੁਹਾਡੇ ਹਥਿਆਰਾਂ ਵੱਲ ਉਂਗਲ ਨਹੀਂ ਚੁੱਕੇਗਾ।' ਫਾਇਰਆਰਮਜ਼ ਪਾਲਿਸੀ ਕੋਲੀਸ਼ਨ ਅਤੇ ਦੂਜੀ ਸੋਧ ਫਾਊਂਡੇਸ਼ਨ ਅਤੇ ਲੂਸੀਆਨਾ ਸ਼ੂਟਿੰਗ ਐਸੋਸੀਏਸ਼ਨ ਨੇ ਬੰਦੂਕਾਂ ਦੀ ਖਰੀਦਦਾਰੀ 'ਤੇ ਉਮਰ ਪਾਬੰਦੀਆਂ ਲਗਾਉਣ ਵਾਲੇ ਸੰਘੀ ਕਾਨੂੰਨ ਦਾ ਵਿਰੋਧ ਕੀਤਾ।

# ਡਾ. ਸਾਹਨੀ ਰਾਜ ਸਭਾ ਦੇ ਡਿਪਟੀ ਚੇਅਰਮੈਨ ਦੇ ਪੈਨਲ ਲਈ ਨਾਮਜ਼ਦ

**ਨਵੀਂ ਦਿੱਲੀ, (ਪੰਜਾਬ ਮੇਲ)-** ਪੰਜਾਬ ਤੋਂ ਰਾਜ ਸਭਾ ਮੈਂਬਰ ਡਾ.



ਵਿਕਰਮਜੀਤ ਸਿੰਘ ਸਾਹਨੀ ਨੂੰ ਰਾਜ ਸਭਾ ਦੇ ਡਿਪਟੀ ਚੇਅਰਮੈਨ ਦੇ ਪੈਨਲ ਲਈ ਨਾਮਜ਼ਦ ਕੀਤਾ ਗਿਆ ਹੈ। ਇਹ ਐਲਾਨ ਉਪ ਰਾਸ਼ਟਰਪਤੀ ਅਤੇ ਰਾਜ ਸਭਾ ਦੇ ਚੇਅਰਮੈਨ ਜਗਦੀਪ ਧਨਖੜ ਨੇ ਬਜਟ ਸੈਸ਼ਨ ਦੇ ਪਹਿਲੇ ਦਿਨ ਕੀਤਾ। ਇਸ ਵੱਕਾਰੀ ਪੈਨਲ ਦੇ ਮੈਂਬਰ ਵਜੋਂ, ਡਾ. ਸਾਹਨੀ ਚੱਲ ਰਹੇ ਬਜਟ ਸੈਸ਼ਨ ਦੌਰਾਨ ਸਦਨ ਵਿਚ ਬਹਿਸਾਂ ਅਤੇ ਵਿਚਾਰ-ਵਟਾਂਦਰੇ ਦੀ ਪ੍ਰਧਾਨਗੀ ਕਰਨਗੇ ਅਤੇ ਸੰਚਾਲਨ ਕਰਨਗੇ। ਉਨ੍ਹਾਂ ਦੀ ਭੂਮਿਕਾ ਰਚਨਾਤਮਕ ਗੱਲਬਾਤ ਨੂੰ ਯਕੀਨੀ ਬਣਾਉਣ, ਸਜਾਵਟ ਬਣਾਈ ਰੱਖਣ ਅਤੇ ਸੰਸਦੀ ਕਾਰਵਾਈਆਂ ਦੀ ਕੁਸ਼ਲਤਾ ਵਧਾਉਣ ਵਿਚ ਮਹੱਤਵਪੂਰਨ ਹੋਵੇਗੀ। ਇਸ ਮੌਕੇ ਸ਼੍ਰੀ ਸਾਹਨੀ ਨੇ ਕਿਹਾ ਕਿ ਸੰਸਦ ਮੈਂਬਰ ਬਣਨ ਤੋਂ ਬਾਅਦ, ਉਨ੍ਹਾਂ ਸਦਨ ਦੇ ਸੁਚਾਰੂ ਕੰਮਕਾਜ ਅਤੇ ਵਧੀ ਹੋਈ ਉਤਪਾਦਕਤਾ ਦੀ ਲਗਾਤਾਰ ਵਕਾਲਤ ਕੀਤੀ ਹੈ। ਹੁਣ, ਉਪ-ਪ੍ਰਧਾਨਾਂ ਦੇ ਪੈਨਲ ਦੇ ਹਿੱਸੇ ਵਜੋਂ, ਉਹ ਇਸ ਮਹੱਤਵਪੂਰਨ ਸੈਸ਼ਨ ਵਿਚ ਵੱਧ ਤੋਂ ਵੱਧ ਕੁਸ਼ਲਤਾ ਅਤੇ ਅਰਥਪੂਰਨ ਵਿਚਾਰ-ਵਟਾਂਦਰੇ ਨੂੰ ਯਕੀਨੀ ਬਣਾਉਣ ਲਈ ਵਚਨਬੱਧ ਹੈ।

# ਉੱਤਰੀ ਕੋਰੀਆ ਨੇ 'ਠੱਗ ਦੇਸ਼' ਕਹਿਣ 'ਤੇ ਅਮਰੀਕਾ ਨੂੰ ਦਿੱਤੀ ਚਿਤਾਵਨੀ

ਪਿਓਂਗਯਾਂਗ/ਵਾਸ਼ਿੰਗਟਨ, (ਪੰਜਾਬ ਮੇਲ)- ਅਮਰੀਕਾ ਦੇ ਇਕ ਬਿਆਨ ਮਗਰੋਂ ਹੁਣ ਉੱਤਰੀ ਕੋਰੀਆ ਨਾਰਾਜ਼ ਹੋ ਗਿਆ ਹੈ। ਉੱਤਰੀ ਕੋਰੀਆ ਨੇ ਅਮਰੀਕੀ ਵਿਦੇਸ਼ ਮੰਤਰੀ 'ਤੇ ਹਮਲਾ ਕੀਤਾ ਹੈ। ਕਿਮ ਜੋਂਗ ਪ੍ਰਸ਼ਾਸਨ ਨੇ ਅਮਰੀਕੀ ਵਿਦੇਸ਼ ਮੰਤਰੀ ਮਾਰਕੋ ਰੂਬੀਓ ਨੂੰ ਉੱਤਰੀ ਕੋਰੀਆ ਨੂੰ ਇੱਕ 'ਠੱਗ ਦੇਸ਼' ਕਹਿਣ 'ਤੇ ਚਿਤਾਵਨੀ ਦਿੰਦੇ ਹੋਏ ਕਿਹਾ ਕਿ ਅਜਿਹੀਆਂ ਰੁੱਖੀਆਂ ਅਤੇ ਅਰਥਹੀਣ ਟਿੱਪਣੀਆਂ ਕਦੇ ਵੀ ਅਮਰੀਕੀ ਹਿੱਤਾਂ ਦੀ ਪੂਰਤੀ ਨਹੀਂ ਕਰਨਗੀਆਂ। ਅਜਿਹੇ ਸ਼ਬਦ ਕਦੇ ਵੀ ਦੁਸ਼ਮਣੀ ਨੂੰ ਖ਼ਤਮ ਨਹੀਂ ਕਰਨਗੇ।

ਉੱਤਰੀ ਕੋਰੀਆ ਦੇ ਵਿਦੇਸ਼ ਮੰਤਰਾਲੇ ਨੇ ਕਿਹਾ ਕਿ ਅਮਰੀਕੀ ਵਿਦੇਸ਼ ਨੀਤੀ ਮੁਖੀ ਨੇ ਆਪਣੇ ਸ਼ਬਦਾਂ ਅਤੇ ਕੰਮਾਂ ਰਾਹੀਂ ਇੱਕ ਵਾਰ ਫਿਰ ਡੈਮੋਕ੍ਰੇਟਿਕ ਪੀਪਲਜ਼ ਰੀਪਬਲਿਕ ਆਫ ਕੋਰੀਆ (ਡੀ.ਪੀ.ਆਰ.ਕੇ.) ਪ੍ਰਤੀ ਆਪਣੇ ਦੇਸ਼ ਦੀ ਦੁਸ਼ਮਣੀ ਵਾਲੀ ਨੀਤੀ ਦਾ ਪ੍ਰਦਰਸ਼ਨ ਕੀਤਾ ਹੈ। ਰੂਬੀਓ ਦੀਆਂ ਟਿੱਪਣੀਆਂ ਨਵੇਂ ਅਮਰੀਕੀ ਪ੍ਰਸ਼ਾਸਨ ਦੀ ਡੀ.ਪੀ.ਆਰ.ਕੇ. ਬਾਰੇ ਗਲਤ ਸੋਚ ਨੂੰ ਦਰਸਾਉਂਦੀਆਂ ਹਨ। ਇਹ ਕਦੇ ਵੀ ਅਮਰੀਕੀ ਹਿੱਤਾਂ ਨੂੰ ਅੱਗੇ ਵਧਾਉਣ ਵਿਚ ਮਦਦ ਨਹੀਂ ਕਰੇਗਾ। 30 ਜਨਵਰੀ ਨੂੰ ਇੱਕ ਸਮਾਗਮ ਵਿਚ ਅਮਰੀਕੀ ਵਿਦੇਸ਼ ਮੰਤਰੀ ਮਾਰਕੋ ਰੂਬੀਓ ਨੇ ਉੱਤਰੀ ਕੋਰੀਆ ਅਤੇ ਈਰਾਨ ਨੂੰ ਵਿਦੇਸ਼ ਨੀਤੀ ਦੇ ਮਾਮਲੇ ਵਿਚ ਠੱਗ ਦੇਸ਼ ਕਿਹਾ ਸੀ। ਹਾਲ ਹੀ ਵਿਚ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕਿਮ ਨੂੰ ਇੱਕ ਸਮਝਦਾਰ ਆਦਮੀ ਦੱਸਦੇ ਹੋਏ ਉੱਤਰੀ ਕੋਰੀਆ ਦਾ ਦੌਰਾ ਕਰਨ ਲਈ ਸਹਿਮਤੀ ਦਿੱਤੀ ਸੀ। ਟਰੰਪ ਨੇ ਕਿਹਾ ਸੀ ਕਿ ਉਹ ਉੱਤਰੀ ਕੋਰੀਆ ਦੇ ਨੇਤਾ ਕਿਮ ਜੋਂਗ ਨਾਲ ਸੰਪਰਕ ਕਰਨ ਜਾ ਰਹੇ ਹਨ। ਟਰੰਪ ਨੇ ਕਿਹਾ ਕਿ ਉਨ੍ਹਾਂ ਨੇ ਕਿਮ ਨਾਲ ਚੰਗੇ ਸਬੰਧ ਸਥਾਪਿਤ ਕੀਤੇ ਹਨ ਅਤੇ ਕਿਮ ਧਾਰਮਿਕ ਕੱਟੜਪੰਥੀ ਨਹੀਂ ਹੈ।

# ਕੈਨੇਡਾ 'ਚ 2 ਭਾਰਤੀ ਮੂਲ ਦੇ ਲੋਕ ਡਰੱਗ ਦੀ ਵੱਡੀ ਖੇਪ ਨਾਲ ਗ੍ਰਿਫ਼ਤਾਰ

**ਕੈਲਗਰੀ, (ਪੰਜਾਬ ਮੇਲ)-** ਹਾਲ ਹੀ ਵਿਚ ਕੈਨੇਡਾ ਵਿਚ ਭਾਰਤੀ ਮੂਲ ਦੇ 2 ਲੋਕਾਂ ਨੂੰ ਨਸ਼ੀਲੇ ਪਦਾਰਥ ਫੈਂਟਾਨਿਲ ਦੀ ਵੱਡੀ ਮਾਤਰਾ ਨਾਲ ਗ੍ਰਿਫਤਾਰ ਕੀਤਾ ਗਿਆ ਹੈ। ਸਵਾਤੀ ਨਰੂਲਾ ਅਤੇ ਕੁੰਵਰਦੀਪ ਸਿੰਘ ਨੂੰ 28 ਜਨਵਰੀ ਨੂੰ ਕੈਲਗਰੀ ਵਿਚ ਗ੍ਰਿਫਤਾਰ ਕੀਤਾ ਗਿਆ ਸੀ। ਰਾਇਲ ਕੈਨੇਡੀਅਨ ਮਾਊਂਟੇਡ ਪੁਲਿਸ (ਆਰ.ਸੀ.ਐੱਮ.ਪੀ.) ਅਨੁਸਾਰ, ਅਧਿਕਾਰੀਆਂ ਨੂੰ ਸਵਾਤੀ ਨਰੂਲਾ ਅਤੇ ਕੁੰਵਰਦੀਪ ਸਿੰਘ ਦੀ ਗੱਡੀ ਦੇ ਸਪੇਅਰ ਟਾਇਰ ਹੇਠਾਂ ਲੁਕਾਇਆ ਗਿਆ 8 ਕਿਲੋਗ੍ਰਾਮ ਫੈਂਟਾਨਿਲ ਮਿਲਿਆ, ਜਿਸ ਤੋਂ ਬਾਅਦ ਦੋਵਾਂ ਨੂੰ ਗ੍ਰਿਫਤਾਰ ਕਰ ਲਿਆ ਗਿਆ। ਮੁਲਜ਼ਮਾਂ ਨੇ ਜਾਂਚਕਰਤਾਵਾਂ ਨੂੰ ਦੱਸਿਆ ਕਿ ਉਹ ਰੇਜੀਨਾ ਜਾ ਰਹੇ ਸਨ।

ਉਨ੍ਹਾਂ 'ਤੇ ਕੈਨੇਡਾ ਦੇ ਨਿਯੰਤਰਿਤ ਡਰੱਗਜ਼ ਅਤੇ ਪਦਾਰਥ ਐਕਟ ਦੇ ਤਹਿਤ ਤਸਕਰੀ ਦੇ ਉਦੇਸ਼ ਲਈ ਨਸ਼ੀਲੇ ਪਦਾਰਥ ਰੱਖਣ ਦਾ ਦੋਸ਼ ਲਗਾਇਆ ਗਿਆ ਹੈ।

# ਮੁੰਬਈ ਅੱਤਵਾਦੀ ਹਮਲਾ; ਦੋਸ਼ੀ ਤਹੱਵੁਰ ਰਾਣਾ ਦੀ ਹਵਾਲਗੀ 'ਤੇ ਕੰਮ ਕਰ ਰਹੇ ਨੇ ਭਾਰਤ ਅਤੇ ਅਮਰੀਕਾ



**ਨਵੀਂ ਦਿੱਲੀ, (ਪੰਜਾਬ ਮੇਲ)-** ਭਾਰਤ ਨੇ ਸ਼ੁੱਕਰਵਾਰ ਨੂੰ ਕਿਹਾ ਕਿ ਉਹ ਮੁੰਬਈ ਅੱਤਵਾਦੀ ਹਮਲੇ ਦੇ ਦੋਸ਼ੀ ਤਹੱਵੁਰ ਰਾਣਾ ਦੀ ਜਲਦੀ ਹਵਾਲਗੀ ਲਈ ਅਮਰੀਕੀ ਅਧਿਕਾਰੀਆਂ ਨਾਲ ਕੰਮ ਕਰ ਰਿਹਾ ਹੈ। ਅਮਰੀਕੀ ਸੁਪਰੀਮ ਕੋਰਟ ਨੇ 21 ਜਨਵਰੀ ਨੂੰ ਰਾਣਾ ਦੀ ਸਮੀਖਿਆ ਪਟੀਸ਼ਨ ਨੂੰ ਰੱਦ ਕਰ ਦਿੱਤਾ ਸੀ, ਜਿਸ ਨਾਲ ਉਸਦੀ ਭਾਰਤ ਹਵਾਲਗੀ ਦਾ ਰਾਹ ਪੱਧਰਾ ਹੋ ਗਿਆ ਸੀ। ਵਿਦੇਸ਼ ਮੰਤਰਾਲਾ ਦੇ ਬੁਲਾਰੇ ਰਣਧੀਰ ਜੈਸਵਾਲ ਨੇ ਕਿਹਾ, "ਅਸੀਂ ਹੁਣ ਮੁੰਬਈ ਅੱਤਵਾਦੀ ਹਮਲੇ ਦੇ ਮੁਲਜ਼ਮ ਨੂੰ ਜਲਦ ਭਾਰਤ ਲਿਆਉਣ ਲਈ ਪ੍ਰਕਿਰਿਆਤਮਕ ਮੁੱਦਿਆਂ 'ਤੇ ਅਮਰੀਕੀ ਪੱਖ ਨਾਲ ਕੰਮ ਕਰ ਰਹੇ ਹਾਂ।"




# ਟਰੰਪ ਦੀ ਸਖਤੀ ਨੇ ਪੰਜਾਬੀਆਂ ਸਣੇ ਹੋਰਾਂ ਦੇ ਡੁੱਬੋ 'ਤੇ ਅਰਬਾਂ ਰੁਪਏ !

**ਕਪੂਰਥਲਾ, (ਪੰਜਾਬ ਮੇਲ)-** ਅਮਰੀਕੀ ਰਾਸ਼ਟਰਪਤੀ ਡੌਨਾਲਡ ਟਰੰਪ ਵੱਲੋਂ ਸੱਤਾ ਸੰਭਾਲਣ ਤੋਂ ਤੁਰੰਤ ਬਾਅਦ ਜਿਸ ਤਰ੍ਹਾਂ ਨਾਜਾਇਜ਼ ਪ੍ਰਵਾਸ ਖ਼ਿਲਾਫ਼ ਵੱਡੇ ਪੱਧਰ 'ਤੇ ਮੁਹਿੰਮ ਚਲਾਉਂਦੇ ਹੋਏ ਸੈਂਕੜਿਆਂ ਦੀ ਗਿਣਤੀ 'ਚ ਨਾਜਾਇਜ਼ ਪ੍ਰਵਾਸੀਆਂ ਨੂੰ ਅਮਰੀਕਾ 'ਚੋਂ ਕੱਢ ਦਿੱਤਾ ਹੈ। ਉੱਥੇ ਹੀ ਅਮਰੀਕੀ ਰਾਸ਼ਟਰਪਤੀ ਦੇ ਇਸ ਕਦਮ ਨੇ ਅਮਰੀਕਾ ਦੇ ਕੈਂਪਾਂ 'ਚ ਬੰਦ ਉਨ੍ਹਾਂ ਸੈਂਕੜੇ ਨੌਜਵਾਨਾਂ ਦੇ ਪਰਿਵਾਰਾਂ 'ਚ ਭਾਰੀ ਦਹਿਸ਼ਤ ਫ਼ੈਲਾ ਦਿੱਤੀ ਹੈ, ਜਿਨ੍ਹਾਂ ਨੂੰ ਫਰਜ਼ੀ ਟ੍ਰੈਵਲ ਏਜੰਟਾਂ ਦੇ ਮਾਰਫਤ ਖ਼ਤਰਨਾਕ ਜੰਗਲਾਂ ਦੇ ਰਸਤਿਆਂ ਤੋਂ ਮੈਕਸੀਕੋ ਸੀਮਾ ਤੱਕ ਭੇਜਿਆ ਗਿਆ ਸੀ। ਪਿਛਲੇ ਦਿਨੀਂ ਸੁਲਤਾਨਪੁਰ ਲੋਧੀ ਇਲਾਕੇ 'ਚ ਦਿੱਲੀ ਪੁਲਿਸ ਵੱਲੋਂ ਇਕ ਜਾਅਲੀ ਟ੍ਰੈਵਲ ਏਜੰਟ ਦੀ ਗ੍ਰਿਫ਼ਤਾਰੀ ਤੋਂ ਬਾਅਦ ਅਜਿਹੇ ਮਾਮਲੇ ਸਾਹਮਣੇ ਆਉਣ ਦੀ ਸੰਭਾਵਨਾ ਵੱਧ ਗਈ ਹੈ।

ਜ਼ਿਕਰਯੋਗ ਹੈ ਕਿ ਆਪਣੀ ਚੋਣ ਮੁਹਿੰਮ ਦੌਰਾਨ ਅਮਰੀਕਾ 'ਚ ਰਹਿ ਰਹੇ ਲੱਖਾਂ ਨਾਜਾਇਜ਼ ਪ੍ਰਵਾਸੀਆਂ ਨੂੰ ਬਾਹਰ ਕੱਢਣ ਅਤੇ ਇਮੀਗ੍ਰੇਸ਼ਨ ਕਾਨੂੰਨਾਂ ਨੂੰ ਹੋਰ ਸਖ਼ਤ ਬਣਾਉਣ ਦੇ ਵਾਅਦੇ ਨਾਲ ਸੱਤਾ 'ਚ ਆਏ ਅਮਰੀਕੀ ਰਾਸ਼ਟਰਪਤੀ ਡੌਨਾਲਡ ਟਰੰਪ ਦੇ ਹੁਕਮਾਂ 'ਤੇ ਅਮਰੀਕੀ ਫੌਜ ਤੇ ਪੁਲਿਸ ਨੇ ਪੂਰੇ ਦੇਸ਼ 'ਚ ਨਾਜਾਇਜ਼ ਅਪ੍ਰਵਾਸੀਆਂ ਖ਼ਿਲਾਫ਼ ਜ਼ਬਰਦਸਤ ਮੁਹਿੰਮ ਚਲਾ ਕੇ ਭਾਰਤੀਆਂ ਸਮੇਤ ਸਾਰੇ ਏਸ਼ੀਅਨ ਅਪ੍ਰਵਾਸੀਆਂ 'ਚ ਭਾਰੀ ਦਹਿਸ਼ਤ ਪੈਦਾ ਕਰ ਦਿੱਤੀ ਹੈ, ਜੋ ਕਿ ਲੰਬੇ ਸਮੇਂ ਤੋਂ ਨਾਜਾਇਜ਼ ਤੌਰ 'ਤੇ ਅਮਰੀਕਾ 'ਚ ਰਹਿ ਰਹੇ ਹਨ। ਇਨ੍ਹਾਂ 'ਚੋਂ ਕਾਫ਼ੀ ਵੱਡੀ ਗਿਣਤੀ 'ਚ ਅਪ੍ਰਵਾਸੀ ਟ੍ਰੈਵਲ ਏਜੰਟਾਂ ਨੂੰ 40 ਤੋਂ 50 ਲੱਖ ਰੁਪਏ ਦੀ ਰਕਮ ਅਦਾ ਕਰਕੇ ਗੁਆਟੇਮਾਲਾ, ਅਲਸਲਵਾਡੋਰ, ਨਿਕਾਰਾਗੁਆ ਅਤੇ ਮੈਕਸੀਕੋ ਦੇ ਖਤਰਨਾਕ ਰਸਤੇ ਤੋਂ ਹੁੰਦੇ ਹੋਏ ਅਮਰੀਕਾ ਪਹੁੰਚੇ ਸੀ। ਅਮਰੀਕੀ ਏਜੰਸੀਆਂ ਵੱਲੋਂ ਪਿਛਲੇ ਕੁਝ ਦਿਨਾਂ ਦੌਰਾਨ ਸਾਰੇ ਸ਼ਾਪਿੰਗ ਮਾਲ, ਪਾਰਕਾਂ ਅਤੇ ਭੀੜ ਭੜੱਕੇ ਵਾਲੇ ਥਾਵਾਂ 'ਤੇ ਕੀਤੀ ਜਾ ਰਹੀ ਚੈਕਿੰਗ ਦੌਰਾਨ ਕਾਫ਼ੀ ਵੱਡੀ ਗਿਣਤੀ 'ਚ ਭਾਰਤੀਆਂ ਖਾਸ ਕਰਕੇ ਪੰਜਾਬ ਤੇ ਹਰਿਆਣਾ ਨਾਲ ਸਬੰਧਤ ਉਨ੍ਹਾਂ ਨੌਜਵਾਨਾਂ ਨੂੰ ਗ੍ਰਿਫ਼ਤਾਰ ਕਰਕੇ ਕੈਂਪਾਂ 'ਚ ਭੇਜ ਦਿੱਤਾ ਹੈ, ਜੋ ਕੁਝ ਮਹੀਨੇ ਪਹਿਲਾਂ ਹੀ ਲੱਖਾਂ-ਕਰੋੜਾਂ ਰੁਪਏ ਦੀ ਰਕਮ ਖ਼ਰਚ ਕਰਕੇ ਅਮਰੀਕਾ ਪਹੁੰਚੇ ਸੀ। ਇਨ੍ਹਾਂ 'ਚੋਂ ਕੁਝ ਨੌਜਵਾਨ ਤਾਂ ਇਕ ਤੋਂ ਡੇਢ ਸਾਲ ਤੱਕ ਦੱਖਣੀ ਅਮਰੀਕੀ ਦੇਸ਼ਾਂ ਦੇ ਜੰਗਲਾਂ 'ਚ ਫਸਣ ਦੇ ਬਾਅਦ ਹੀ ਅਮਰੀਕਾ ਪਹੁੰਚ ਸਕੇ ਸੀ।

> ■ **ਅਮਰੀਕਾ ਦੇ ਕੈਂਪਾਂ 'ਚ ਬੰਦ ਸੈਂਕੜੇ ਨੌਜਵਾਨਾਂ ਦੇ ਪਰਿਵਾਰਾਂ 'ਚ ਫੈਲੀ ਦਹਿਸ਼ਤ**

ਅਮਰੀਕੀ ਪੁਲਿਸ ਵੱਲੋਂ ਲਗਾਤਾਰ ਸ਼ਾਪਿੰਗ ਸੈਂਟਰਾਂ 'ਚ ਚੱਲ ਰਹੀ ਛਾਪੇਮਾਰੀ ਦੌਰਾਨ ਕਾਫ਼ੀ ਵੱਡੀ ਗਿਣਤੀ 'ਚ ਪੰਜਾਬ ਤੇ ਹਰਿਆਣਾ ਨਾਲ ਸਬੰਧਤ ਨੌਜਵਾਨ ਆਪਣੇ ਕੰਮਕਾਜ ਨੂੰ ਛੱਡ ਕੇ ਦੂਰ-ਦੁਰਾਡੇ ਦੇ ਥਾਵਾਂ 'ਤੇ ਲੁੱਕ ਗਏ ਹਨ, ਤਾਂ ਜੋ ਉਨ੍ਹਾਂ ਨੂੰ ਫੜ ਕੇ ਵਾਪਸ ਭਾਰਤ ਨਾ ਭੇਜ ਦਿੱਤਾ ਜਾਵੇ। ਦੱਸਿਆ ਜਾਂਦਾ ਹੈ ਕਿ ਵਰਤਮਾਨ ਦੌਰ 'ਚ ਅਮਰੀਕਾ ਦੇ ਵੱਖ-ਵੱਖ ਕੈਂਪਾਂ 'ਚ ਘੱਟੋ-ਘੱਟ 2 ਹਜ਼ਾਰ ਦੇ ਕਰੀਬ ਪੰਜਾਬ ਅਤੇ ਹਰਿਆਣਾ ਨਾਲ ਸਬੰਧਤ ਨੌਜਵਾਨ ਅਮਰੀਕਾ 'ਚ ਭੇਜਣ ਦਾ ਇੰਤਜ਼ਾਰ ਕਰ ਰਹੇ ਹਨ ਪਰ ਹੁਣ ਟਰੰਪ ਸਰਕਾਰ ਵੱਲੋਂ ਇਨ੍ਹਾਂ ਸਾਰੇ ਅਪ੍ਰਵਾਸੀਆਂ ਨੂੰ ਭਾਰਤ ਵਾਪਸ ਭੇਜਣ ਦੇ ਐਲਾਨ ਨੇ ਕਰੋੜਾਂ-ਅਰਬਾਂ ਰੁਪਏ ਦੀ ਰਕਮ ਖ਼ਰਚ ਕਰਕੇ ਅਮਰੀਕਾ 'ਚ ਆਏ ਇਨ੍ਹਾਂ ਦੇ ਪਰਿਵਾਰਿਕ ਮੈਂਬਰਾਂ 'ਚ ਭਾਰੀ ਡਰ ਪੈਦਾ ਕਰ ਦਿੱਤਾ ਹੈ ਤੇ ਇਨ੍ਹਾਂ 'ਚੋਂ ਵੱਡੀ ਗਿਣਤੀ 'ਚ ਨੌਜਵਾਨਾਂ ਦਾ ਆਪਣੇ ਪਰਿਵਾਰਾਂ ਦੇ ਨਾਲ ਸੰਪਰਕ ਨਹੀਂ ਹੋ ਪਾ ਰਿਹਾ ਹੈ।

ਉੱਥੇ ਹੀ ਇਸ ਤੋਂ ਇਲਾਵਾ ਮੈਕਸੀਕੋ, ਗੁਆਟੇਮਾਲਾ ਤੇ ਅਲਸਲਵਾਡੋਰ 'ਚ ਵੀ ਵੱਡੀ ਗਿਣਤੀ 'ਚ ਭਾਰਤੀ ਨੌਜਵਾਨ ਅਮਰੀਕਾ ਜਾਣ ਦੀਆਂ ਤਿਆਰੀਆ 'ਚ ਬੈਠੇ ਹਨ। ਇਕ ਅਨੁਮਾਨ ਅਨੁਸਾਰ ਟਰੰਪ ਸਰਕਾਰ ਆਉਣ ਤੋਂ ਬਾਅਦ ਪੰਜਾਬ ਤੇ ਹਰਿਆਣਾ ਨਾਲ ਸਬੰਧਤ ਲੋਕਾਂ ਦਾ 1 ਹਜ਼ਾਰ ਕਰੋੜ ਰੁਪਏ ਤੋਂ ਲੈ ਕੇ 1500 ਕਰੋੜ ਰੁਪਏ ਦੀ ਰਕਮ ਫਰਜ਼ੀ ਟ੍ਰੈਵਲ ਏਜੰਟਾਂ ਦੇ ਕੋਲ ਫਸ ਗਈ ਹੈ। ਇੰਨੀ ਵੱਡੀ ਰਕਮ ਖਰਚ ਕਰਨ ਦੇ ਬਾਅਦ ਵੀ ਇਨ੍ਹਾਂ ਨੌਜਵਾਨਾਂ ਦੇ ਅਮਰੀਕਾ 'ਚ ਕਾਨੂੰਨੀ ਰਸਤੇ ਨਾਲ ਪਹੁੰਚ ਸਕਣ ਦੀ ਸੰਭਾਵਨਾ ਜ਼ੀਰੋ 'ਤੇ ਆ ਕੇ ਰੁੱਕ ਗਈ ਹੈ।

## ਅਮਰੀਕਾ 'ਚ 2023 'ਚ ਮਿਆਦ ਤੋਂ ਵੱਧ ਸਮਾਂ ਠਹਿਰੇ 7000 ਤੋਂ ਵੱਧ ਭਾਰਤੀ

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕੀ ਕਾਨੂੰਨਸਾਜ਼ਾਂ ਨੂੰ ਮਾਹਿਰ ਨੇ ਦੱਸਿਆ ਕਿ 2023 'ਚ ਭਾਰਤ ਦੇ 7000 ਤੋਂ ਵੱਧ ਵਿਦਿਆਰਥੀ ਅਤੇ ਸੈਲਾਨੀ ਅਮਰੀਕਾ 'ਚ ਤੈਅ ਮਿਆਦ ਤੋਂ ਵੱਧ ਸਮੇਂ ਤੱਕ ਠਹਿਰੇ ਸਨ। ਉਨ੍ਹਾਂ ਨੇ ਇੰਮੀਗ੍ਰੇਸ਼ਨ ਨੀਤੀਆਂ 'ਚ ਕਈ ਸੁਧਾਰਾਂ ਦਾ ਸੁਝਾਅ ਵੀ ਦਿੱਤਾ, ਜਿਨ੍ਹਾਂ ਵਿਚ ਐੱਚ-1ਬੀ ਵੀਜ਼ੇ ਨਾਲ ਸਬੰਧਤ ਸੁਧਾਰ ਵੀ ਸ਼ਾਮਲ ਹਨ। ਸੈਂਟਰ ਫਾਰ ਇੰਮੀਗ੍ਰੇਸ਼ਨ ਸਟੱਡੀਜ਼ ਦੀ ਜੈਸਿਕਾ ਐੱਮ. ਵਾਨ ਨੇ 'ਅਮਰੀਕਾ 'ਚ ਇੰਮੀਗ੍ਰੇਸ਼ਨ ਐਨਫੋਰਸਮੈਂਟ ਬਹਾਲੀ' ਬਾਰੇ ਸੁਣਵਾਈ ਦੌਰਾਨ ਅਮਰੀਕੀ ਸੰਸਦ ਮੈਂਬਰਾਂ ਦੇ ਹੇਠਲੇ ਸਦਨ ਪ੍ਰਤੀਨਿਧ ਸਭਾ ਦੀ ਨਿਆਂਪਾਲਿਕਾ ਸਬੰਧੀ ਕਮੇਟੀ ਨੂੰ ਦੱਸਿਆ ਕਿ ਘੱਟੋ-ਘੱਟ 32 ਦੇਸ਼ਾਂ 'ਚ ਵਿਦਿਆਰਥੀ/ਐਕਸਚੇਂਜ ਵਿਜ਼ਟਰ ਦੀ ਓਵਰਸਟੇਅ (ਸਮੇਂ ਤੋਂ ਵੱਧ ਠਹਿਰਨ ਦੀ) ਦਰ 20 ਫ਼ੀਸਦੀ ਤੋਂ ਵੱਧ ਹੈ।

ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਈਟ 'ਤੇ ਕਲਿੱਕ ਕਰੋ :
www.punjabmailusa.com

# ਚੀਨ, ਕੈਨੇਡਾ ਅਤੇ ਮੈਕਸੀਕੋ ਵੱਲੋਂ ਟਰੰਪ ਅੱਗੇ ਝੁਕਣ ਤੋਂ ਇਨਕਾਰ !

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਚੀਨ, ਕੈਨੇਡਾ ਅਤੇ ਮੈਕਸੀਕੋ 'ਤੇ ਟੈਰਿਫ ਲਗਾਉਣ ਤੋਂ ਬਾਅਦ, ਤਿੰਨੋਂ ਦੇਸ਼ਾਂ ਨੇ ਅਮਰੀਕਾ ਲਈ ਸਖਤ ਰੁਖ ਅਪਣਾਇਆ ਹੈ। ਜਿੱਥੇ ਕੈਨੇਡਾ ਅਤੇ ਮੈਕਸੀਕੋ ਨੇ ਅਮਰੀਕੀ ਸਾਮਾਨਾਂ 'ਤੇ ਜਵਾਬੀ ਟੈਰਿਫ ਲਗਾਉਣ ਦਾ ਐਲਾਨ ਕੀਤਾ ਹੈ, ਉੱਥੇ ਹੀ ਚੀਨ ਨੇ ਡਬਲਯੂ.ਟੀ.ਓ. ਵਿਚ ਕੇਸ ਦਾਇਰ ਕਰਨ ਦਾ ਫੈਸਲਾ ਕੀਤਾ ਹੈ। ਟਰੰਪ ਨੇ ਕੈਨੇਡਾ ਅਤੇ ਮੈਕਸੀਕੋ ਤੋਂ ਦਰਾਮਦ 'ਤੇ 25 ਫੀਸਦੀ ਅਤੇ ਚੀਨੀ ਸਮਾਨ 'ਤੇ 10 ਫੀਸਦੀ ਟੈਰਿਫ ਲਗਾਉਣ ਦਾ ਐਲਾਨ ਕੀਤਾ ਹੈ।

ਚੀਨ ਨੇ ਅਮਰੀਕੀ ਟੈਰਿਫ ਵਿਰੁੱਧ ਵਿਸ਼ਵ ਵਪਾਰ ਸੰਗਠਨ 'ਚ ਕੇਸ ਦਾਇਰ ਕਰਨ ਦਾ ਐਲਾਨ ਕੀਤਾ ਹੈ। ਚੀਨੀ ਵਣਜ ਮੰਤਰਾਲੇ ਨੇ ਇੱਕ ਬਿਆਨ ਜਾਰੀ ਕਰਕੇ ਕਿਹਾ ਕਿ ਚੀਨ ਅਮਰੀਕਾ ਵੱਲੋਂ ਚੀਨੀ ਸਾਮਾਨ 'ਤੇ 10 ਫੀਸੰਦੀ ਵਾਧੂ ਟੈਰਿਫ ਲਗਾਉਣ ਦਾ ਸਖ਼ਤ ਵਿਰੋਧ ਕਰਦਾ ਹੈ ਅਤੇ ਇਸਦੀ ਸਖ਼ਤ ਨਿੰਦਾ ਕਰਦਾ ਹੈ।' ਚੀਨ ਡਬਲਯੂ.ਟੀ.ਓ. ਕੋਲ ਕੇਸ ਦਾਇਰ ਕਰੇਗਾ ਅਤੇ ਆਪਣੇ ਹਿੱਤਾਂ ਦੀ ਰਾਖੀ ਲਈ ਢੁੱਕਵੇਂ ਜਵਾਬੀ ਉਪਾਅ ਕਰੇਗਾ।

ਦੂਜੇ ਪਾਸੇ, ਕੈਨੇਡਾ ਨੇ ਵੀ 155 ਬਿਲੀਅਨ ਡਾਲਰ ਦੇ ਅਮਰੀਕੀ ਦਰਾਮਦ 'ਤੇ 25 ਪ੍ਰਤੀਸ਼ਤ ਟੈਰਿਫ ਲਗਾ ਕੇ ਅਮਰੀਕੀ ਟੈਰਿਫ ਦਾ ਜਵਾਬ ਦੇਣ ਦਾ ਫੈਸਲਾ ਕੀਤਾ ਹੈ। ਕੈਨੇਡਾ ਦੇ ਕਾਰਜਕਾਰੀ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਇਸ ਦਾ ਐਲਾਨ ਕੀਤਾ ਹੈ। ਟਰੰਪ ਦੇ ਐਲਾਨ ਤੋਂ ਥੋੜ੍ਹੀ ਦੇਰ ਬਾਅਦ ਇੱਕ ਟਵੀਟ ਵਿਚ, ਟਰੂਡੋ ਨੇ ਕਿਹਾ ਕਿ ਉਹ ਜਲਦੀ ਹੀ ਮੈਕਸੀਕਨ ਰਾਸ਼ਟਰਪਤੀ ਕਲਾਉਡੀਆ ਸ਼ੀਨਬੌਮ ਨਾਲ ਗੱਲ ਕਰਨਗੇ ਅਤੇ ਇਸ ਮੁੱਦੇ 'ਤੇ ਚਰਚਾ ਕਰਨ ਲਈ ਪਹਿਲਾਂ ਹੀ ਆਪਣੇ ਮੰਤਰੀ ਮੰਡਲ ਨਾਲ ਮੁਲਾਕਾਤ ਕਰ ਚੁੱਕੇ ਹਨ।

ਉਨ੍ਹਾਂ ਨੇ ਕਿਹਾ ਕਿ ਅਸੀਂ ਇਹ ਨਹੀਂ ਚਾਹੁੰਦੇ ਸੀ, ਪਰ ਕੈਨੇਡਾ ਤਿਆਰ ਹੈ। ਟਰੂਡੋ ਨੇ ਇੱਕ ਨਿਊਜ਼ ਕਾਨਫਰੰਸ ਵਿਚ ਕਿਹਾ ਕਿ ਟੈਰਿਫ ਕੁਝ ਸਾਲ ਪਹਿਲਾਂ ਹੋਏ ਇੱਕ ਮੁਕਤ ਵਪਾਰ ਸਮਝੌਤੇ ਦੀ ਉਲੰਘਣਾ ਕਰਦੇ ਹਨ। ਇਸ ਦੇ ਅਮਰੀਕੀ ਲੋਕਾਂ ਲਈ ਗੰਭੀਰ ਨਤੀਜੇ ਹੋਣਗੇ।

ਮੈਕਸੀਕੋ ਨੇ ਵੀ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਟੈਰਿਫ ਦਾ ਜਵਾਬ ਟੈਰਿਫ ਲਗਾ ਕੇ ਦਿੱਤਾ ਹੈ। ਮੈਕਸੀਕੋ ਦੀ ਰਾਸ਼ਟਰਪਤੀ ਕਲਾਉਡੀਆ ਸ਼ੀਨਬੌਮ ਨੇ ਸ਼ਨੀਵਾਰ ਨੂੰ ਕਿਹਾ ਕਿ ਉਸਨੇ ਆਪਣੇ ਅਰਥਚਾਰੇ ਮੰਤਰੀ ਨੂੰ ਮੈਕਸੀਕੋ ਦੇ ਹਿੱਤਾਂ ਦੀ ਰੱਖਿਆ ਲਈ ਟੈਰਿਫ ਅਤੇ ਗੈਰ-ਟੈਰਿਫ ਉਪਾਅ ਲਾਗੂ ਕਰਨ ਦਾ ਆਦੇਸ਼ ਦਿੱਤਾ ਹੈ, ਜਦੋਂ ਸੰਯੁਕਤ ਰਾਜ ਅਮਰੀਕਾ ਨੇ ਮੈਕਸੀਕਨ ਸਮਾਨ 'ਤੇ ਟੈਰਿਫ ਲਗਾਏ ਹਨ।

Global Allianz
LAW FIRM LLP
ਕਾਨੂੰਨੀ ਸਲਾਹ
■ ਇਮੀਗਰੇਸ਼ਨ ਸੇਵਾਵਾਂ
■ ਘਰੇਲੂ ਹਿੰਸਾ ਦੇ ਕੇਸ
■ ਨਸ਼ਾ ਕਰਕੇ ਗੱਡੀ ਚਲਾਉਣਾ
■ ਕੰਮ 'ਤੇ ਸੱਟ ਲਗਣਾ
Asylum & Deportation Defense

Atul Kapoor
C.E.O

Neat Allen Sawyer
Attorney at law
555 Capitol Mall SUITE 1245, Sacramento, CA 95814
Phone:209-808-2136, 209-952-5578, 1-916-806-7042, Fax: 209-476-7188
Designed By Punjab Mail USA


EXPO
Furniture Gallery
We offer 0% interest financing
and carry all major brands.
ਸੈਕਰਾਮੈਂਟੋ 'ਚ ਵਧੀਆ ਫਰਨੀਚਰ ਲੈਣ ਲਈ
ਸਾਡੀ ਲੋਕੇਸ਼ਨ 'ਤੇ ਇਕ ਵਾਰੀ ਜ਼ਰੂਰ ਆਓ
In business for over 30 years
New Year
Special
Sale
Best price guaranteed.
7310 HOME LEISURE PLAZA, SACRAMENTO, CA 95823
(916) 392-3233
www.expofurnituregallery.com

# ਭਾਰਤੀ ਅਮਰੀਕੀ ਸੰਗੀਤਕਾਰ ਤੇ ਉੱਦਮੀ ਚੰਦਰਿਕਾ ਟੰਡਨ ਨੇ ਜਿੱਤਿਆ ਗਰੈਮੀ ਐਵਾਰਡ

■ ਸਾਬਕਾ ਅਮਰੀਕੀ ਰਾਸ਼ਟਰਪਤੀ ਜਿਮੀ ਕਾਰਟਰ ਨੂੰ ਮਰਨ ਉਪਰੰਤ ਗਰੈਮੀ ਪੁਰਸਕਾਰ



ਭਾਰਤੀ ਅਮਰੀਕੀ ਗਾਇਕਤਾ ਤੇ ਉੱਦਮੀ ਚੰਦਰਿਕਾ ਟੰਡਨ (ਐਨ ਸੱਜੇ) ਆਪਣੇ ਸਾਥੀਆਂ ਇਰੂ ਮਾਤਸੁਮੋਤੋ ਤੇ ਵਾਊਟਰ ਕੇਲਰਮੈਨ ਨਾਲ ਐਲਬਮ 'ਤ੍ਰਿਵੇਣੀ' ਲਈ ਗਰੈਮੀ ਪੁਰਸਕਾਰ ਹਾਸਲ ਕਰਦੀ ਹੋਈ।

ਨਵੀਂ ਦਿੱਲੀ, (ਪੰਜਾਬ ਮੇਲ)- ਭਾਰਤੀ ਅਮਰੀਕੀ ਗਾਇਕਾ ਤੇ ਉੱਦਮੀ ਚੰਦਰਿਕਾ ਟੰਡਨ ਨੇ ਐਲਬਮ 'ਤ੍ਰਿਵੇਣੀ' ਲਈ ਬੈਸਟ ਨਿਊ ਏਜ, Ambient or Chant Album ਕੈਟਾਗਿਰੀ 'ਚ ਗਰੈਮੀ ਪੁਰਸਕਾਰ ਜਿੱਤਿਆ ਹੈ। ਪੈਪਸਿਕੋ ਦੀ ਸਾਬਕਾ ਸੀ.ਈ.ਓ. ਇੰਦਰਾ ਨੂਈ ਦੀ ਵੱਡੀ ਭੈਣ ਟੰਡਨ ਨੇ ਆਪਣੇ ਸਹਿਯੋਗੀਆਂ ਦੱਖਣੀ ਅਫ਼ਰੀਕਾ ਦੇ ਬੰਸਰੀ ਵਾਦਕ ਵਾਊਟਰ ਕੇਲਰਮੈਨ ਤੇ ਜਾਪਾਨੀ ਸੈਲੋ ਵਾਦਕ ਇਰੂ ਮਾਤਸੁਮੋਤੋ ਨਾਲ ਇਹ ਪੁਰਸਕਾਰ ਜਿੱਤਿਆ।

'ਰਿਕਾਰਡਿੰਗ ਅਕੈਡਮੀ' ਵੱਲੋਂ ਕਰਵਾਏ ਸਭ ਤੋਂ ਵੱਡੇ ਸੰਗੀਤ ਪੁਰਸਕਾਰ ਸਮਾਗਮ ਦਾ 67ਵਾਂ ਅਡੀਸ਼ਨ ਐਤਵਾਰ ਨੂੰ ਲਾਸ ਏਂਜਲਸ ਦੇ 'ਕ੍ਰਿਪਟੋਡਾਟਕੌਮ ਏਰੀਨਾ' ਵਿਚ ਕਰਵਾਇਆ ਗਿਆ ਸੀ।

ਬਿਓਂਸੇ, ਸਬਰੀਨਾ ਕਾਰਪੇਂਟਰ, ਚਾਰਲੀ ਐਕਸਸੀਐਕਸ ਤੇ ਕੈਂਡਰਿਕ ਲੈਮਰ ਸਣੇ ਕਈ ਹੋਰ ਕਲਾਕਾਰਾਂ ਨੇ ਵੱਖ ਵੱਖ ਵਰਗਾਂ ਵਿਚ ਪੁਰਸਕਾਰ ਆਪਣੇ ਨਾਮ ਕੀਤਾ। ਬਿਓਂਸੇ ਨੇ 'ਕਾਓਬੁਆਏ ਕਾਰਟਰ' ਲਈ ਸਰਬੋਤਮ ਕੰਟਰੀ ਐਲਬਮ ਦਾ ਪੁਰਸਕਾਰ ਜਿੱਤਿਆ। ਐਤਕੀਂ ਗਰੈਮੀ ਵਿਚ ਉਸ ਨੂੰ 11 ਨਾਮਜ਼ਦਗੀਆਂ ਮਿਲੀਆਂ ਸੀ। ਉਸ ਨੂੰ ਆਪਣੇ ਕਰੀਅਰ ਦੌਰਾਨ ਗਰੈਮੀ ਲਈ ਵੱਖ-ਵੱਖ ਵਰਗਾਂ ਵਿਚ ਕੁੱਲ 99 ਵਾਰ ਨਾਮਜ਼ਦ ਕੀਤਾ ਗਿਆ ਹੈ। ਉਹ ਗਰੈਮੀ ਦੇ ਇਤਿਹਾਸ ਵਿਚ ਸਭ ਤੋਂ ਵੱਧ ਨਾਮਜ਼ਦਗੀਆਂ ਹਾਸਲ ਕਰਨ ਵਾਲੀ ਕਲਾਕਾਰ ਬਣ ਗਈ ਹੈ।

ਕਾਰਪੇਂਟਰ ਨੂੰ "ਐਸਪ੍ਰੈਸੋ' ਲਈ ਸਰਬੋਤਮ 'ਪੌਪ ਸੋਲੋ' ਪੇਸ਼ਕਾਰੀ ਵਰਗ ਵਿਚ ਅਤੇ ਕੈਂਡਰਿਕ ਲੈਮਰ ਨੂੰ 'ਨੌਟ ਲਾਈਕ ਅਸ' ਲਈ ਪੁਰਸਕਾਰ ਮਿਲੇ ਹਨ। ਬੀਟਲਸ ਨੂੰ "ਨਾਓ ਐਂਡ ਦੈੱਨ' ਲਈ ਸਰਬੋਤਮ ਰੌਕ ਪੇਸ਼ਕਾਰੀ ਵਰਗ ਵਿਚ ਪੁਰਸਕਾਰ ਮਿਲਿਆ। ਅਮਰੀਕੀ ਰੈਪਰ ਡੋਏਚੀ ਨੇ ਆਪਣਾ ਪਹਿਲਾ ਗਰੈਮੀ ਜਿੱਤਿਆ ਤੇ ਉਹ ਸਰਵੋਤਮ ਰੈਪ ਐਲਬਮ ਪੁਰਸਕਾਰ ਜਿੱਤਣ ਵਾਲੀ ਤੀਜੀ ਮਹਿਲਾ ਬਣ ਗਈ। ਚੈਪਲ ਰੋਆਨ ਨੇ ਨਵੇਂ ਕਲਾਕਾਰ ਦਾ ਪੁਰਸਕਾਰ ਜਿੱਤਿਆ।

ਚੇਨੱਈ ਵਿਚ ਵੱਡੀ ਹੋਈ ਟੰਡਨ ਨੇ ਗਰੈਮੀ ਪੁਰਸਕਾਰ ਜਿੱਤਣ ਮਗਰੋਂ 'ਰਿਕਾਰਡਿੰਗ ਅਕੈਡਮੀ' ਨਾਲ ਇੰਟਰਵਿਊ ਦੌਰਾਨ ਕਿਹਾ, "ਇਹ ਸ਼ਾਨਦਾਰ ਤਜ਼ਰਬਾ ਹੈ।" ਟੰਡਨ ਨੇ ਪੁਰਸਕਾਰ ਲੈਣ ਮੌਕੇ ਆਪਣੀ ਤਕਰੀਰ ਵਿਚ ਕਿਹਾ, "ਸੰਗੀਤ ਪ੍ਰੇਮ ਹੈ, ਸੰਗੀਤ ਆਸ਼ਾ ਦੀ ਕਿਰਨ ਹੈ ਤੇ ਸੰਗੀਤ ਹਾਸਾ ਹੈ ਤੇ ਆਓ ਅਸੀਂ ਸਾਰੇ ਪ੍ਰੇਮ, ਪ੍ਰਕਾਸ਼ ਤੇ ਹਾਸੇ ਵਿਚ ਘਿਰੇ ਰਹੀਏ। ਸੰਗੀਤ ਲਈ ਧੰਨਵਾਦ ਤੇ ਸੰਗੀਤ ਬਣਾਉਣ ਵਾਲੇ ਸਾਰੇ ਲੋਕਾਂ ਦਾ ਧੰਨਵਾਦ।" ਇਹ ਟੰਡਨ ਦਾ ਪਹਿਲਾ ਗਰੈਮੀ ਪੁਰਸਕਾਰ ਹੈ।

## ਸੁਨੀਤਾ ਵਿਲੀਅਮਜ਼ ਨੇ ਸਪੇਸ ਸਟੇਸ਼ਨ ਤੋਂ ਬਾਹਰ 62 ਘੰਟੇ 6 ਮਿੰਟ ਬਿਤਾ ਕੇ ਬਣਾਇਆ ਰਿਕਾਰਡ



ਵਾਸ਼ਿੰਗਟਨ, (ਪੰਜਾਬ ਮੇਲ)- ਭਾਰਤੀ ਮੂਲ ਦੀ ਪੁਲਾੜ ਯਾਤਰੀ ਸੁਨੀਤਾ ਵਿਲੀਅਮਜ਼ ਨੇ ਹੁਣ ਤੱਕ 62 ਘੰਟੇ 6 ਮਿੰਟ ਤੱਕ ਪੁਲਾੜ ਵਿਚ ਚਹਿਲਕਦਮੀ ਕਰਕੇ ਕਿਸੇ ਔਰਤ ਦੁਆਰਾ ਪੁਲਾੜ ਵਿਚ ਸਭ ਤੋਂ ਲੰਬੇ ਸਮੇਂ ਤੱਕ ਸਪੇਸਵਾਕ ਦਾ ਰਿਕਾਰਡ ਤੋੜ ਦਿੱਤਾ ਹੈ। ਜੂਨ 2024 ਤੋਂ ਅੰਤਰਰਾਸ਼ਟਰੀ ਪੁਲਾੜ ਸਟੇਸ਼ਨ (ਆਈ.ਐੱਸ.ਐੱਸ.) 'ਤੇ ਫਸੀ ਵਿਲੀਅਮਜ਼ ਅਤੇ ਉਸਦੇ ਸਹਿਯੋਗੀ ਬੁੱਚ ਵਿਲਮੋਰ ਨੇ ਵੀਰਵਾਰ ਨੂੰ ਪੁਲਾੜ 'ਚ ਚਹਿਲਕਦਮੀ ਕੀਤੀ। ਦੋਵਾਂ ਨੇ ਆਈ.ਐੱਸ.ਐੱਸ. ਦੇ ਬਾਹਰ ਜਾ ਕੇ ਖਰਾਬ ਹੋ ਚੁੱਕੇ ਰੇਡੀਓ ਸੰਚਾਰ ਹਾਰਡਵੇਅਰ ਨੂੰ ਹਟਾਇਆ ਅਤੇ ਨਮੂਨੇ ਇਕੱਠੇ ਕੀਤੇ, ਜਿਨ੍ਹਾਂ ਤੋਂ ਇਹ ਪਤਾ ਲੱਗ ਸਕੇ ਕਿ ਚੱਕਰ ਲਗਾ ਰਹੀ ਪ੍ਰਯੋਗਸ਼ਾਲਾ ਦੇ ਬਾਹਰਲੇ ਹਿੱਸੇ ਵਿਚ ਰੋਗਾਣੂ ਮੌਜੂਦ ਹਨ ਜਾਂ ਨਹੀਂ।

ਪੁਲਾੜ ਵਿਚ ਚਹਿਲਕਦਮੀ ਪੂਰਬੀ ਤੱਟ ਦੇ ਸਮੇਂ (ਈ.ਐੱਸ.ਟੀ.) ਮੁਤਾਬਕ ਸਵੇਰੇ 7:43 ਵਜੇ ਸ਼ੁਰੂ ਹੋਈ ਅਤੇ ਦੁਪਹਿਰ 1:09 ਵਜੇ ਸਮਾਪਤ ਹੋਈ। ਇਹ ਪ੍ਰਕਿਰਿਆ 5 ਘੰਟੇ 26 ਮਿੰਟ ਤੱਕ ਚੱਲੀ। ਇਹ ਸੁਨੀਤਾ ਵਿਲੀਅਮਜ਼ ਦੀ 9ਵੀਂ ਸਪੇਸਵਾਕ ਸੀ।

# ਐਲੋਨ ਮਸਕ ਨੋਬਲ ਸ਼ਾਂਤੀ ਪੁਰਸਕਾਰ ਲਈ ਨਾਮਜ਼ਦ



ਵਾਸ਼ਿੰਗਟਨ, (ਪੰਜਾਬ ਮੇਲ)- ਟੇਸਲਾ ਅਤੇ ਸਪੇਸਐਕਸ ਦੇ ਸੀ.ਈ.ਓ. ਅਰਬਪਤੀ ਕਾਰੋਬਾਰੀ ਅਤੇ ਸੰਯੁਕਤ ਰਾਜ ਵਿਦੇਸ਼ ਵਿਭਾਗ (DOGE) ਦੇ ਮੁਖੀ ਐਲੋਨ ਮਸਕ ਨੂੰ ਨੋਬਲ ਸ਼ਾਂਤੀ ਪੁਰਸਕਾਰ ਲਈ ਨਾਮਜ਼ਦ ਕੀਤਾ ਗਿਆ ਹੈ। ਯੂਰਪੀਅਨ ਸੰਸਦ ਦੇ ਸਲੋਵੇਨੀਅਨ ਮੈਂਬਰ ਬ੍ਰੈਂਕੋ ਗ੍ਰਾਈਮਸ ਨੇ ਪੁਸ਼ਟੀ ਕੀਤੀ ਹੈ ਕਿ 2025 ਦੇ ਨੋਬਲ ਸ਼ਾਂਤੀ ਪੁਰਸਕਾਰ ਲਈ ਐਲੋਨ ਮਸਕ ਦੀ ਨਾਮਜ਼ਦਗੀ ਦੀ ਮੰਗ ਕਰਨ ਵਾਲੀ ਇੱਕ ਪਟੀਸ਼ਨ ਨਾਰਵੇਈ ਨੋਬਲ ਕਮੇਟੀ ਨੂੰ ਸੌਂਪ ਦਿੱਤੀ ਗਈ ਹੈ।

ਗ੍ਰਾਈਮਸ ਨੇ ਆਪਣੀ ਫੇਸਬੁੱਕ ਪੋਸਟ ਵਿਚ ਕਿਹਾ ਕਿ ਇਹ ਨਾਮਜ਼ਦਗੀ ਪ੍ਰਗਟਾਵੇ ਦੀ ਆਜ਼ਾਦੀ ਅਤੇ ਮਨੁੱਖੀ ਅਧਿਕਾਰਾਂ ਦੀ ਰੱਖਿਆ ਵਿਚ ਉਨ੍ਹਾਂ ਦੇ ਯੋਗਦਾਨ ਲਈ ਦਿੱਤੀ ਗਈ ਹੈ। ਮਸਕ ਇਲੈਕਟ੍ਰਿਕ ਵਾਹਨ ਦਿੱਗਜ ਟੇਸਲਾ ਅਤੇ ਸਪੇਸਐਕਸ ਦੇ ਸੀ.ਈ.ਓ. ਹਨ। ਸੋਸ਼ਲ ਮੀਡੀਆ ਪਲੇਟਫਾਰਮ ਐਕਸ ਦੇ ਮਾਲਕ ਵੀ ਹਨ। DOGE ਦੇ ਮੁਖੀ ਵਜੋਂ ਆਪਣੀ ਨਿਯੁਕਤੀ ਤੋਂ ਬਾਅਦ ਉਹ ਹੁਣ ਨਵੇਂ ਟਰੰਪ ਪ੍ਰਸ਼ਾਸਨ ਵਿਚ ਬਹੁਤ ਜ਼ਿਆਦਾ ਸ਼ਾਮਲ ਹਨ।

ਐਕਸ ਨੂੰ ਪ੍ਰਾਪਤ ਕਰਦੇ ਸਮੇਂ ਮਸਕ ਨੇ ਕਿਹਾ ਕਿ ਉਹ ਪ੍ਰਗਟਾਵੇ ਦੀ ਆਜ਼ਾਦੀ ਲਈ ਅਜਿਹਾ ਕਰ ਰਿਹਾ ਹੈ। ਉਸ ਸਮੇਂ ਉਸਨੇ ਬੋਲਣ ਦੀ ਆਜ਼ਾਦੀ ਦਾ ਆਪਣਾ ਅਰਥ ਸਮਝਾਇਆ। ਉਸਨੇ ਕਿਹਾ, "ਫ੍ਰੀ ਸਪੀਚ' ਤੋਂ ਮੇਰਾ ਮਤਲਬ ਸਿਰਫ਼ ਉਹੀ ਹੈ, ਜੋ ਕਾਨੂੰਨ ਦੇ ਅਨੁਕੂਲ ਹੋਵੇ।" ਐਲਨ ਮਸਕ ਨੇ ਕਿਹਾ, "ਮੈਂ ਉਸ ਸੈਂਸਰਸ਼ਿਪ ਦੇ ਵਿਰੁੱਧ ਹਾਂ, ਜੋ ਕਾਨੂੰਨ ਦੇ ਵਿਰੁੱਧ ਹੈ। ਜੇਕਰ ਲੋਕ ਪ੍ਰਗਟਾਵੇ ਦੀ ਆਜ਼ਾਦੀ ਘੱਟ ਚਾਹੁੰਦੇ ਹਨ, ਤਾਂ ਉਹ ਸਰਕਾਰ ਨੂੰ ਇਸ ਸੰਬੰਧੀ ਕਾਨੂੰਨ ਪਾਸ ਕਰਨ ਲਈ ਕਹਿਣਗੇ। ਇਸ ਲਈ ਕਾਨੂੰਨ ਤੋਂ ਪਰੇ ਜਾਣਾ ਲੋਕਾਂ ਦੀ ਇੱਛਾ ਦੇ ਉਲਟ ਹੈ।" ਉਸ ਨੇ ਉਦੋਂ ਤੋਂ ਪ੍ਰਗਟਾਵੇ ਦੀ ਆਜ਼ਾਦੀ ਲਈ ਆਪਣੇ ਸੱਦੇ ਨੂੰ ਅੱਗੇ ਵਧਾਇਆ ਹੈ ਅਤੇ ਕਿਹਾ ਹੈ ਕਿ ਉਸਦਾ ਪਲੇਟਫਾਰਮ ਐਕਸ ਇਸ ਵਿਚ ਵਿਸ਼ਵਾਸ ਰੱਖਦਾ ਹੈ।

ਇੱਥੇ ਦੱਸ ਦਈਏ ਕਿ ਨੋਬਲ ਸ਼ਾਂਤੀ ਪੁਰਸਕਾਰ ਸਮਾਰੋਹ 10 ਦਸੰਬਰ ਨੂੰ ਓਸਲੋ, ਨਾਰਵੇ ਵਿਚ ਆਯੋਜਿਤ ਕੀਤਾ ਜਾਂਦਾ ਹੈ। ਜਿੱਥੇ ਨੋਬਲ ਪੁਰਸਕਾਰ ਜੇਤੂ ਨੂੰ ਦਿੱਤਾ ਜਾਂਦਾ ਹੈ। ਜਿਸ ਵਿਚ ਨੋਬਲ ਪੁਰਸਕਾਰ ਦਾ ਤਗਮਾ, ਡਿਪਲੋਮਾ ਅਤੇ ਇਨਾਮੀ ਰਾਸ਼ੀ ਦੀ ਪੁਸ਼ਟੀ ਕਰਨ ਵਾਲਾ ਇੱਕ ਦਸਤਾਵੇਜ਼ ਸ਼ਾਮਲ ਹੁੰਦਾ ਹੈ।




# ਟਰੰਪ ਵੱਲੋਂ ਬ੍ਰਿਕਸ ਦੇਸ਼ਾਂ ਨੂੰ ਡਾਲਰ ਦੀ ਥਾਂ ਹੋਰ ਮੁਦਰਾ ਵਰਤਣ ਖ਼ਿਲਾਫ਼ ਚਿਤਾਵਨੀ

■ **ਅਮਰੀਕੀ ਅਰਥਵਿਵਸਥਾ ਨੂੰ ਅਲਵਿਦਾ ਕਹਿਣ ਲਈ ਤਿਆਰ ਰਹਿਣ ਅਤੇ 100 ਫ਼ੀਸਦੀ ਟੈਕਸ ਲਾਉਣ ਦੀ ਦਿੱਤੀ ਧਮਕੀ**



**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਮੁੜ ਚਿਤਾਵਨੀ ਦਿੱਤੀ ਹੈ ਕਿ ਜੇ ਬ੍ਰਿਕਸ ਦੇਸ਼ ਕੌਮਾਂਤਰੀ ਵਪਾਰ ਵਿਚ ਅਮਰੀਕੀ ਡਾਲਰ ਦੀ ਬਜਾਏ ਕਿਸੇ ਹੋਰ ਮੁਦਰਾ ਦੀ ਵਰਤੋਂ ਕਰਨ ਦੀ ਕੋਸ਼ਿਸ਼ ਕਰਨਗੇ, ਤਾਂ ਉਹ ਉਨ੍ਹਾਂ 'ਤੇ 100 ਫ਼ੀਸਦੀ ਟੈਕਸ ਲਾ ਦੇਣਗੇ। ਟਰੰਪ ਨੇ ਕਿਹਾ ਕਿ ਬ੍ਰਿਕਸ ਦੇਸ਼ 'ਕੋਈ ਹੋਰ ਮੂਰਖ ਦੇਸ਼' ਲੱਭ ਲੈਣ।

ਅਮਰੀਕੀ ਰਾਸ਼ਟਰਪਤੀ ਨੇ ਆਪਣੇ ਸੋਸ਼ਲ ਮੀਡੀਆ ਪਲੇਟਫਾਰਮ 'ਟਰੁੱਥ ਸੋਸ਼ਲ' 'ਤੇ ਕਿਹਾ, 'ਬ੍ਰਿਕਸ ਦੇਸ਼ ਡਾਲਰ ਤੋਂ ਦੂਰ ਜਾਣ ਦੀ ਕੋਸ਼ਿਸ਼ ਕਰਨ ਅਤੇ ਅਸੀਂ ਖੜ੍ਹੇ ਹੋ ਕੇ ਬਸ ਦੇਖਦੇ ਰਹੀਏ, ਇਸ ਤਰ੍ਹਾਂ ਦੇ ਵਿਚਾਰਾਂ ਵਾਲੇ ਦਿਨ ਖ਼ਤਮ ਹੋ ਚੁੱਕੇ ਹਨ।' ਉਨ੍ਹਾਂ ਕਿਹਾ ਕਿ ਉਹ ਬ੍ਰਿਕਸ ਦੇਸ਼ਾਂ ਤੋਂ ਇਹ ਵਚਨਬੱਧਤਾ ਚਾਹੁੰਦੇ ਹਨ ਕਿ ਨਾ ਤਾਂ ਉਹ ਨਵੀਂ ਬ੍ਰਿਕਸ ਮੁਦਰਾ ਬਣਾਉਣਗੇ ਅਤੇ ਨਾ ਹੀ ਅਮਰੀਕੀ ਡਾਲਰ ਤੋਂ ਇਲਾਵਾ ਕਿਸੇ ਹੋਰ ਮੁਦਰਾ ਦਾ ਸਮਰਥਨ ਕਰਨਗੇ।

ਉਨ੍ਹਾਂ ਧਮਕੀ ਦਿੰਦਿਆਂ ਕਿਹਾ, 'ਉਹ (ਬ੍ਰਿਕਸ ਦੇਸ਼) ਕੋਈ ਦੂਜਾ ਮੂਰਖ ਦੇਸ਼ ਲੱਭ ਸਕਦੇ ਹਨ। ਇਸ ਗੱਲ ਦੀ ਕੋਈ ਸੰਭਾਵਨਾ ਨਹੀਂ ਹੈ ਕਿ ਬ੍ਰਿਕਸ ਕੌਮਾਂਤਰੀ ਵਪਾਰ ਜਾਂ ਹੋਰ ਕਿਤੇ ਅਮਰੀਕੀ ਡਾਲਰ ਦੀ ਥਾਂ ਲੈ ਲਵੇਗਾ। ਹਾਲਾਂਕਿ ਜਿਹੜਾ ਵੀ ਦੇਸ਼ ਅਜਿਹਾ ਕਰਨ ਦੀ ਕੋਸ਼ਿਸ਼ ਕਰੇਗਾ, ਉਸ ਨੂੰ ਟੈਕਸਾਂ ਦਾ ਸਵਾਗਤ ਅਤੇ ਅਮਰੀਕਾ ਨੂੰ ਅਲਵਿਦਾ ਕਹਿਣਾ ਪਵੇਗਾ।' ਟਰੰਪ ਨੇ ਬ੍ਰਿਕਸ ਮੈਂਬਰ ਦੇਸ਼ਾਂ ਵੱਲੋਂ ਆਪਣੀ ਮੁਦਰਾ ਜਾਰੀ ਕਰਨ ਦੇ ਕਿਸੇ ਵੀ ਕਦਮ ਦੀ ਵਾਰ-ਵਾਰ ਨਿਖੇਧੀ ਕੀਤੀ ਹੈ ਅਤੇ ਇਹ ਉਨ੍ਹਾਂ ਦਾ ਹੁਣ ਤੱਕ ਦਾ ਸਭ ਤੋਂ ਸਖ਼ਤ ਵਿਰੋਧ ਹੈ। ਦਸੰਬਰ ਵਿਚ ਵੀ ਟਰੰਪ ਨੇ ਬ੍ਰਿਕਸ ਦੇਸ਼ਾਂ ਨੂੰ ਅਜਿਹੇ ਕਦਮ ਖ਼ਿਲਾਫ਼ ਚਿਤਾਵਨੀ ਦਿੱਤੀ ਸੀ।

ਬ੍ਰਿਕਸ ਦਸ ਦੇਸ਼ਾਂ ਬ੍ਰਾਜ਼ੀਲ, ਰੂਸ, ਭਾਰਤ, ਚੀਨ, ਦੱਖਣੀ ਅਫਰੀਕਾ, ਮਿਸਰ, ਇਥੋਪੀਆ, ਇੰਡੋਨੇਸ਼ੀਆ, ਇਰਾਨ ਅਤੇ ਸੰਯੁਕਤ ਅਰਬ ਅਮੀਰਾਤ ਦਾ ਅੰਤਰ-ਸਰਕਾਰੀ ਸੰਗਠਨ ਹੈ। 2009 ਵਿਚ ਬਣਿਆ ਬ੍ਰਿਕਸ ਇੱਕੋ ਇੱਕ ਵੱਡਾ ਕੌਮਾਂਤਰੀ ਗਰੁੱਪ ਹੈ, ਜਿਸ ਦਾ ਅਮਰੀਕਾ ਹਿੱਸਾ ਨਹੀਂ ਹੈ। ਹਾਲ ਹੀ ਦੇ ਸਾਲਾਂ ਵਿਚ ਇਸ ਦੇ ਕੁਝ ਮੈਂਬਰ ਦੇਸ਼, ਖਾਸ ਕਰਕੇ ਰੂਸ ਅਤੇ ਚੀਨ ਅਮਰੀਕੀ ਡਾਲਰ ਦਾ ਬਦਲ ਜਾਂ ਬ੍ਰਿਕਸ ਮੁਦਰਾ ਬਣਾਉਣ ਦੀ ਮੰਗ ਕਰ ਰਹੇ ਹਨ। ਬ੍ਰਿਕਸ ਦੇ ਅਹਿਮ ਥੰਮ੍ਹ ਭਾਰਤ ਨੇ ਕਿਹਾ ਹੈ ਕਿ ਉਹ 'ਡੀ-ਡਾਲਰਾਈਜ਼ੇਸ਼ਨ' (ਵਿਸ਼ਵ ਵਪਾਰ ਅਤੇ ਵਿੱਤੀ ਲੈਣ-ਦੇਣ ਵਿਚ ਡਾਲਰ ਦੀ ਵਰਤੋਂ ਵਿਚ ਕਮੀ) ਦੇ ਖ਼ਿਲਾਫ਼ ਹੈ। ਵਿਦੇਸ਼ ਮੰਤਰੀ ਐੱਸ. ਜੈਸ਼ੰਕਰ ਨੇ ਦਸੰਬਰ ਵਿਚ ਕਿਹਾ ਸੀ ਕਿ ਭਾਰਤ ਕਦੇ ਵੀ 'ਡੀ-ਡਾਲਰਾਈਜ਼ੇਸ਼ਨ' ਦੇ ਹੱਕ ਵਿਚ ਨਹੀਂ ਰਿਹਾ ਅਤੇ ਬ੍ਰਿਕਸ ਮੁਦਰਾ ਬਣਾਉਣ ਦਾ ਕੋਈ ਪ੍ਰਸਤਾਵ ਨਹੀਂ ਹੈ।

## ਜਨਮ ਅਧਿਕਾਰ ਨਾਗਰਿਕਤਾ ਗੁਲਾਮਾਂ ਦੇ ਬੱਚਿਆਂ ਲਈ ਸੀ, ਦੁਨੀਆਂ ਨੂੰ ਅਮਰੀਕਾ 'ਚ ਇਕੱਠਾ ਕਰਨ ਲਈ ਨਹੀਂ: ਟਰੰਪ

**ਵਾਸ਼ਿੰਗਟਨ, (ਪੰਜਾਬ ਮੇਲ)-** ਰਾਸ਼ਟਰਪਤੀ ਡੋਨਲਡ ਟਰੰਪ ਨੇ ਕਿਹਾ ਹੈ ਕਿ ਜਨਮ ਅਧਿਕਾਰ ਨਾਗਰਿਕਤਾ ਮੁੱਖ ਤੌਰ 'ਤੇ ਗੁਲਾਮਾਂ ਦੇ ਬੱਚਿਆਂ ਲਈ ਹੈ, ਨਾ ਕਿ ਪੂਰੀ ਦੁਨੀਆਂ ਲਈ ਅਮਰੀਕਾ ਵਿਚ ਆਉਣ ਅਤੇ ਇਕੱਠ ਕਰਨ ਲਈ। ਕਾਰਜਕਾਲ ਸੰਭਾਲਣ ਮੌਕੇ ਟਰੰਪ ਨੇ ਜਨਮ ਅਧਿਕਾਰ ਨਾਗਰਿਕਤਾ ਦੇ ਵਿਰੁੱਧ ਇੱਕ ਕਾਰਜਕਾਰੀ ਆਦੇਸ਼ ਜਾਰੀ ਕੀਤਾ ਸੀ, ਜਿਸ ਨੂੰ ਅਗਲੇ ਦਿਨ ਸਿਆਟਲ ਦੀ ਇੱਕ ਸੰਘੀ ਅਦਾਲਤ ਨੇ ਰੱਦ ਕਰ ਦਿੱਤਾ।

ਟਰੰਪ ਨੇ ਕਿਹਾ ਹੈ ਕਿ ਉਹ ਇਸ ਦੇ ਖ਼ਿਲਾਫ਼ ਅਪੀਲ ਕਰਨਗੇ। ਵੀਰਵਾਰ ਨੂੰ ਉਸਨੇ ਵਿਸ਼ਵਾਸ ਪ੍ਰਗਟਾਇਆ ਕਿ ਸੁਪਰੀਮ ਕੋਰਟ ਉਸਦੇ ਹੱਕ ਵਿਚ ਫੈਸਲਾ ਕਰੇਗੀ। ਟਰੰਪ ਨੇ ਵ੍ਹਾਈਟ ਹਾਊਸ ਦੇ ਓਵਲ ਦਫਤਰ 'ਚ ਪੱਤਰਕਾਰਾਂ ਨੂੰ ਕਿਹਾ, "ਜਨਮ ਅਧਿਕਾਰ ਨਾਗਰਿਕਤਾ ਬਾਰੇ ਜੇ ਤੁਸੀਂ ਇਸ ਨੂੰ ਪਾਸ ਕਰਨ ਅਤੇ ਬਣਾਏ ਜਾਣ ਵੇਲੇ ਪਿੱਛੇ ਮੁੜ ਕੇ ਵੇਖਦੇ ਹੋ, ਤਾਂ ਇਹ ਗੁਲਾਮਾਂ ਦੇ ਬੱਚਿਆਂ ਲਈ ਸੀ। ਇਸ ਦਾ ਮਤਲਬ ਇਹ ਨਹੀਂ ਸੀ ਕਿ ਸਾਰੀ ਦੁਨੀਆਂ ਅੰਦਰ ਆ ਕੇ ਸੰਯੁਕਤ ਰਾਜ ਅਮਰੀਕਾ ਵਿਚ ਇਕੱਠੀ ਹੋ ਜਾਵੇ।" ਇਸ ਹਫਤੇ ਦੇ ਸ਼ੁਰੂ ਵਿਚ ਰਿਪਬਲਿਕਨ ਸੈਨੇਟਰਾਂ ਦੇ ਇੱਕ ਸਮੂਹ ਨੇ ਅਸਥਾਈ ਵੀਜ਼ਾ 'ਤੇ ਗੈਰ-ਕਾਨੂੰਨੀ ਪ੍ਰਵਾਸੀਆਂ ਅਤੇ ਗੈਰ-ਪ੍ਰਵਾਸੀਆਂ ਦੇ ਬੱਚਿਆਂ ਨੂੰ ਜਨਮ ਅਧਿਕਾਰ ਨਾਗਰਿਕਤਾ 'ਤੇ ਪਾਬੰਦੀ ਲਗਾਉਣ ਲਈ ਅਮਰੀਕੀ ਸੈਨੇਟ ਵਿਚ ਇੱਕ ਬਿੱਲ ਪੇਸ਼ ਕੀਤਾ। ਸੈਂਟਰ ਫਾਰ ਇਮੀਗ੍ਰੇਸ਼ਨ ਸਟੱਡੀਜ਼ ਦਾ ਅੰਦਾਜ਼ਾ ਹੈ ਕਿ 2023 ਵਿਚ ਗੈਰ-ਕਾਨੂੰਨੀ ਪ੍ਰਵਾਸੀਆਂ ਦੇ 2,25,000 ਤੋਂ 2,50,000 ਬੱਚਿਆਂ ਦੇ ਜਨਮ ਹੋਏ, ਜੋ ਕਿ ਅਮਰੀਕਾ ਵਿਚ ਜਨਮਾਂ ਦਾ ਸੱਤ ਪ੍ਰਤੀਸ਼ਤ ਦੇ ਕਰੀਬ ਹੈ। 2025 ਦਾ ਜਨਮ ਅਧਿਕਾਰ ਨਾਗਰਿਕਤਾ ਕਾਨੂੰਨ ਇਹ ਨਿਸ਼ਚਿਤ ਕਰਦਾ ਹੈ ਕਿ ਕੌਣ ਸੰਯੁਕਤ ਰਾਜ ਵਿਚ ਆਪਣੇ ਜਨਮ

# ਇਮੀਗ੍ਰੇਸ਼ਨ ਅਧਿਕਾਰੀਆਂ ਵੱਲੋਂ ਵੈਂਜ਼ੂਏਲੀਅਨ ਗਿਰੋਹ ਦਾ ਅਹਿਮ ਮੈਂਬਰ ਗ੍ਰਿਫਤਾਰ

**ਸਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)-** ਸੰਘੀ ਇਮੀਗ੍ਰੇਸ਼ਨ ਅਧਿਕਾਰੀਆਂ ਵੱਲੋਂ ਨਿਊਯਾਰਕ ਵਿਚ ਕੀਤੀ ਇਕ ਕਾਰਵਾਈ ਦੌਰਾਨ ਵੈਂਜ਼ੂਏਲੀਅਨ ਗਿਰੋਹ 'ਟਰੇਨ ਡੇ ਅਰਾਗੁਆ' ਦੇ ਇਕ ਅਹਿਮ ਮੈਂਬਰ ਨੂੰ ਗ੍ਰਿਫਤਾਰ ਕਰ ਲੈਣ ਦੀ ਖਬਰ ਹੈ। ਪੁਲਿਸ ਨੇ ਜਾਰੀ ਇਕ ਬਿਆਨ ਵਿਚ ਕਿਹਾ ਹੈ ਕਿ ਸ਼ੱਕੀ ਐਂਡਰਸਨ ਜ਼ੈਮਬਰਾਨੋ- ਪਾਚੇਕੋ (26) ਨੂੰ ਡਰੱਗ ਇਨਫੋਰਸਮੈਂਟ ਐਡਮਨਿਸਟ੍ਰੇਸ਼ਨ ਐਂਡ ਯੂ.ਐੱਸ. ਹੋਮਲੈਂਡ ਸਕਿਊਰਿਟੀ ਦੇ ਜਾਂਚ ਅਫਸਰਾਂ ਵੱਲੋਂ ਬਰੋਂਕਸ ਵਿਚ ਗ੍ਰਿਫਤਾਰ ਕੀਤਾ ਗਿਆ ਹੈ। ਪੁਲਿਸ ਅਨੁਸਾਰ ਪਾਚੇਕੋ ਚੋਰੀ ਤੇ ਡਰਾਉਣ ਧਮਕਾਉਣ ਦੇ ਇਕ ਮਾਮਲੇ ਵਿਚ ਲੋੜੀਂਦਾ ਹੈ। ਸ਼ੱਕੀ ਜੈਮਬਰਾਨੋ ਪਾਚੇਕੋ ਪਿਛਲੇ ਦਿਨਾਂ ਦੌਰਾਨ ਟਰੰਪ ਪ੍ਰਸ਼ਾਸਨ ਦੁਆਰਾ ਹਿਰਾਸਤ ਵਿਚ ਲਏ ਗਏ ਬਿਨਾਂ ਦਸਤਾਵੇਜ 4 ਹਜ਼ਾਰ ਤੋਂ ਵਧ ਗੈਰ ਕਾਨੂੰਨੀ ਪ੍ਰਵਾਸੀਆਂ ਵਿਚੋਂ ਇਕ ਹੈ।

# ਅਮਰੀਕਾ ਸੈਨੇਟ 'ਚ ਜਨਮ ਅਧਿਕਾਰ ਨਾਗਰਿਕਤਾ 'ਤੇ ਪਾਬੰਦੀ ਲਗਾਉਣ ਸਬੰਧੀ ਬਿੱਲ ਪੇਸ਼

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕਾ ਵਿਚ ਰਿਪਬਲਿਕਨ ਪਾਰਟੀ ਦੇ ਕੁਝ ਕਾਨੂੰਨਸਾਜ਼ਾਂ ਦੇ ਇੱਕ ਸਮੂਹ ਨੇ ਸੰਸਦ ਦੇ ਉਪਰਲੇ ਸਦਨ, ਸੈਨੇਟ ਵਿਚ ਇੱਕ ਬਿੱਲ ਪੇਸ਼ ਕੀਤਾ ਹੈ, ਜੋ ਗੈਰ-ਕਾਨੂੰਨੀ ਪ੍ਰਵਾਸੀਆਂ ਅਤੇ ਅਸਥਾਈ ਵੀਜ਼ੇ 'ਤੇ ਦੇਸ਼ ਵਿਚ ਰਹਿਣ ਵਾਲੇ ਗੈਰ-ਪ੍ਰਵਾਸੀਆਂ ਦੇ ਬੱਚਿਆਂ ਨੂੰ ਜਨਮ ਅਧਿਕਾਰ ਨਾਗਰਿਕਤਾ ਦੇਣ 'ਤੇ ਪਾਬੰਦੀ ਲਗਾਉਣ ਨਾਲ ਸਬੰਧਤ ਹੈ। ਜਨਮ ਅਧਿਕਾਰ ਨਾਗਰਿਕਤਾ ਐਕਟ 2025 ਨਾਮਕ ਬਿੱਲ ਪੇਸ਼ ਕਰਨ ਵਾਲੇ ਸੈਨੇਟਰਾਂ ਲਿੰਡਸੇ ਗ੍ਰਾਹਮ, ਟੈਡ ਕਰੂਜ਼ ਅਤੇ ਕੇਟੀ ਬ੍ਰਿਟ ਅਨੁਸਾਰ ਗੈਰ-ਕਾਨੂੰਨੀ ਪ੍ਰਵਾਸੀ ਮੁੱਖ ਤੌਰ 'ਤੇ ਜਨਮ ਅਧਿਕਾਰ ਨਾਗਰਿਕਤਾ ਦੇ ਕਾਰਨ ਅਮਰੀਕਾ ਆਉਂਦੇ ਹਨ ਅਤੇ ਇਹ ਰਾਸ਼ਟਰੀ ਸੁਰੱਖਿਆ ਲਈ ਖ਼ਤਰਾ ਹੈ। ਉਨ੍ਹਾਂ ਕਿਹਾ ਕਿ ਅਮਰੀਕਾ ਦੁਨੀਆਂ ਦੇ ਉਨ੍ਹਾਂ 33 ਦੇਸ਼ਾਂ ਵਿਚੋਂ ਇੱਕ ਹੈ, ਜਿੱਥੇ ਜਨਮ ਅਧਿਕਾਰ ਨਾਗਰਿਕਤਾ 'ਤੇ ਕੋਈ ਪਾਬੰਦੀ ਨਹੀਂ ਹੈ।

ਰਾਸ਼ਟਰਪਤੀ ਡੋਨਾਲਡ ਟਰੰਪ ਨੇ ਆਪਣੇ ਕਾਰਜਕਾਲ ਦੇ ਪਹਿਲੇ ਦਿਨ ਇਸ ਸਬੰਧ ਵਿਚ ਇੱਕ ਕਾਰਜਕਾਰੀ ਆਦੇਸ਼ 'ਤੇ ਦਸਤਖ਼ਤ ਕੀਤੇ, ਜਿਸ ਨੂੰ ਵਾਸ਼ਿੰਗਟਨ ਰਾਜ ਦੇ ਇੱਕ ਸੰਘੀ ਜੱਜ ਨੇ ਰੋਕ ਦਿੱਤਾ ਹੈ। ਸੈਂਟਰ ਫਾਰ ਇਮੀਗ੍ਰੇਸ਼ਨ ਸਟੱਡੀਜ਼ ਦਾ ਅੰਦਾਜ਼ਾ ਹੈ ਕਿ 2023 ਵਿਚ ਗੈਰ-ਕਾਨੂੰਨੀ ਪ੍ਰਵਾਸੀਆਂ ਤੋਂ 225,000 ਤੋਂ 250,000 ਬੱਚੇ ਪੈਦਾ ਹੋਣਗੇ, ਜੋ ਕਿ ਸੰਯੁਕਤ ਰਾਜ ਅਮਰੀਕਾ ਵਿਚ ਹੋਣ ਵਾਲੇ ਸਾਰੇ ਜਨਮਾਂ ਦਾ ਲਗਭਗ ਸੱਤ ਪ੍ਰਤੀਸ਼ਤ ਹੈ।




# ਗਿਆਨੀ ਹਰਪ੍ਰੀਤ ਸਿੰਘ ਖ਼ਿਲਾਫ਼ ਜਾਂਚ 'ਚ ਹੋਰ ਸਮਾਂ ਲੱਗਣ ਦੀ ਸੰਭਾਵਨਾ

**■ ਸ਼੍ਰੋਮਣੀ ਕਮੇਟੀ ਦੀ ਤਿੰਨ ਮੈਂਬਰੀ ਕਮੇਟੀ ਜਥੇਦਾਰ ਖ਼ਿਲਾਫ਼ ਦੋਸ਼ਾਂ ਦੀ ਕਰ ਰਹੀ ਹੈ ਜਾਂਚ**



ਅੰਮ੍ਰਿਤਸਰ, (ਪੰਜਾਬ ਮੇਲ)- ਤਖ਼ਤ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਖ਼ਿਲਾਫ਼ ਲੱਗੇ ਦੋਸ਼ਾਂ ਦੇ ਮਾਮਲੇ ਦੀ ਚੱਲ ਰਹੀ ਜਾਂਚ ਮੁਕੰਮਲ ਹੋਣ ਵਿਚ ਹੋਰ ਸਮਾਂ ਲੱਗ ਸਕਦਾ ਹੈ। ਇਹ ਗੱਲ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਇਸ ਮਾਮਲੇ ਦੀ ਜਾਂਚ ਲਈ ਬਣਾਈ ਗਈ ਤਿੰਨ ਮੈਂਬਰੀ ਕਮੇਟੀ ਦੇ ਮੈਂਬਰ ਤੇ ਸ਼੍ਰੋਮਣੀ ਕਮੇਟੀ ਦੇ ਸੀਨੀਅਰ ਮੀਤ ਪ੍ਰਧਾਨ ਰਘੂਜੀਤ ਸਿੰਘ ਵਿਰਕ ਨੇ ਕਹੀ।

ਉਨ੍ਹਾਂ ਕਿਹਾ ਕਿ ਇਸ ਮਾਮਲੇ ਸਬੰਧੀ ਜਾਂਚ ਚੱਲ ਰਹੀ ਹੈ ਅਤੇ ਕੁਝ ਹੋਰ ਸਮਾਂ ਲੱਗਣ ਦੀ ਸੰਭਾਵਨਾ ਹੈ। ਇਸ ਕਮੇਟੀ ਨੂੰ ਜਾਂਚ ਲਈ ਪਹਿਲਾਂ 15 ਦਿਨ ਦਾ ਸਮਾਂ ਦਿੱਤਾ ਗਿਆ ਸੀ ਅਤੇ ਮੁੜ ਇੱਕ ਮਹੀਨੇ ਦਾ ਹੋਰ ਸਮਾਂ ਵਧਾ ਦਿੱਤਾ ਗਿਆ ਸੀ, ਜਿਸ ਦੀ ਮਿਆਦ ਵੀ ਖਤਮ ਹੋ ਰਹੀ ਹੈ।

ਗਿਆਨੀ ਹਰਪ੍ਰੀਤ ਸਿੰਘ ਖ਼ਿਲਾਫ਼ ਉਨ੍ਹਾਂ ਦੇ ਇੱਕ ਰਿਸ਼ਤੇਦਾਰ ਨੇ ਦੋਸ਼ ਲਾਉਂਦਿਆਂ ਇਸ ਸਬੰਧੀ ਸ਼ਿਕਾਇਤ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਤੇ ਅਕਾਲ ਤਖ਼ਤ ਦੇ ਜਥੇਦਾਰ ਨੂੰ ਸੌਂਪੀ ਸੀ। ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਮਾਮਲੇ ਦੀ ਜਾਂਚ ਲਈ ਤਿੰਨ ਮੈਂਬਰੀ ਕਮੇਟੀ ਦਾ ਗਠਨ ਕੀਤਾ ਸੀ। ਅੰਤਰਿੰਗ ਕਮੇਟੀ ਵੱਲੋਂ ਇਸ ਮਾਮਲੇ ਦੀ ਚੱਲ ਰਹੀ ਜਾਂਚ ਦੌਰਾਨ ਜਥੇਦਾਰ ਦੀਆਂ ਸੇਵਾਵਾਂ ਰੋਕ ਦਿੱਤੀਆਂ ਸਨ।

ਹਾਲਾਂਕਿ, ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਇਨ੍ਹਾਂ ਦੋਸ਼ਾਂ ਨੂੰ ਰੱਦ ਕਰ ਚੁੱਕੇ ਹਨ। ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਸ਼੍ਰੋਮਣੀ ਕਮੇਟੀ ਵੱਲੋਂ ਕੀਤੀ ਜਾ ਰਹੀ ਜਾਂਚ 'ਤੇ ਇਤਰਾਜ਼ ਪ੍ਰਗਟ ਕਰ ਚੁੱਕੇ ਹਨ। ਉਨ੍ਹਾਂ ਕਿਹਾ ਸੀ ਕਿ ਜਥੇਦਾਰ ਖ਼ਿਲਾਫ਼ ਜਾਂਚ ਦਾ ਹੱਕ ਸ਼੍ਰੋਮਣੀ ਕਮੇਟੀ ਦੇ ਅਧਿਕਾਰ ਖੇਤਰ 'ਚ ਨਹੀਂ ਆਉਂਦਾ।


## ਮੈਟਰੀਮੋਨੀਅਲ

ਜੱਟ ਸਿੱਖ, ਗਿੱਲ ਪਰਿਵਾਰ ਨੂੰ ਆਪਣੇ 24 ਸਾਲਾ ਕੈਨੇਡੀਅਨ ਜੰਮਪਲ ਪੁੱਤਰ ਲਈ ਪੜ੍ਹੀ-ਲਿਖੀ ਸੋਹਣੀ, ਸਿਆਣੀ ਅਤੇ ਪਰਿਵਾਰਕ ਲੜਕੀ ਦੀ ਲੋੜ ਹੈ। ਲੜਕਾ ਸਿਵਲ ਇੰਜੀਨੀਅਰ ਦੀ ਡਿਗਰੀ ਕਰਕੇ ਇਕ ਵਧੀਆ ਨਾਮੀ ਇੰਜੀਨੀਅਰ ਫਰਮ ਵਿਚ ਕੰਮ ਕਰ ਰਿਹਾ ਹੈ। ਲੜਕੇ ਦਾ ਕੱਦ 5'-10" ਹੈ। ਲੜਕਾ ਕੇਸਧਾਰੀ ਹੈ ਅਤੇ ਪੱਗ ਬੰਨ੍ਹਦਾ ਹੈ। ਪਰਿਵਾਰਕ ਅਤੇ ਯੂ.ਐੱਸ.ਏ. ਦੀ ਲੜਕੀ ਨੂੰ ਪਹਿਲ। ਸੰਪਰਕ ਕਰਨ ਲਈ

ਫੋਨ : 604-763-7068 ਜਾਂ ਈ-ਮੇਲ ਕਰੋ : GILLCO1977@GMAIL.COM


# ਬੇਅਦਬੀ ਮਾਮਲੇ 'ਚ ਰਾਮ ਰਹੀਮ ਨੂੰ ਸੁਪਰੀਮ ਕੋਰਟ ਵਲੋਂ ਨਹੀਂ ਮਿਲੀ ਰਾਹਤ

ਨਵੀਂ ਦਿੱਲੀ, (ਪੰਜਾਬ ਮੇਲ)- ਸੁਪਰੀਮ ਕੋਰਟ 'ਚ ਬਰਗਾੜੀ ਬੇਅਦਬੀ ਮਾਮਲੇ ਨਾਲ ਸੰਬੰਧਤ ਪਟੀਸ਼ਨ 'ਤੇ ਸੋਮਵਾਰ ਨੂੰ ਸੁਪਰੀਮ ਕੋਰਟ 'ਚ ਸੁਣਵਾਈ ਹੋਈ। ਇਸ ਮਾਮਲੇ 'ਚ ਰਾਮ ਰਹੀਮ ਨੂੰ ਕੋਰਟ ਵਲੋਂ ਕੋਈ ਰਾਹਤ ਨਹੀਂ ਮਿਲੀ ਹੈ। ਕੋਰਟ ਨੇ ਪੰਜਾਬ ਸਰਕਾਰ ਨੂੰ ਆਪਣਾ ਜਵਾਬ ਦਾਖ਼ਲ ਕਰਨ ਲਈ ਤਿੰਨ ਹਫ਼ਤਿਆਂ ਦਾ ਸਮਾਂ ਦਿੱਤਾ ਹੈ। ਇਸ ਮਾਮਲੇ ਦੀ ਅਗਲੀ ਸੁਣਵਾਈ 18 ਮਾਰਚ ਨੂੰ ਹੋਵੇਗੀ। ਇਸ ਤੋਂ ਇਲਾਵਾ ਬਰਗਾੜੀ 'ਚ ਸ੍ਰੀ ਗੁਰੂ ਗ੍ਰੰਥ ਸਾਹਿਬ ਬੇਅਦਬੀ ਦੇ ਦੋਸ਼ 'ਚ ਤਿੰਨ ਮਾਮਲਿਆਂ 'ਚ ਰਾਮ ਰਹੀਮ ਖ਼ਿਲਾਫ਼ ਹੇਠਲੀ ਅਦਾਲਤ 'ਚ ਚੱਲ ਰਿਹਾ ਟ੍ਰਾਇਲ ਜਾਰੀ ਰਹੇਗਾ। ਜਾਣਕਾਰੀ ਅਨੁਸਾਰ ਸੋਮਵਾਰ ਨੂੰ ਸੁਪਰੀਮ ਕੋਰਟ 'ਚ ਜੱਜ ਬੀ.ਆਰ. ਗਵਈ ਅਤੇ ਕੇ. ਵਿਨੋਦ ਚੰਦਰਨ ਦੀ ਬੈਂਚ ਨੇ ਇਸ ਮਾਮਲੇ 'ਚ ਸੁਣਵਾਈ ਕੀਤੀ। ਦਰਅਸਲ ਪਿਛਲੇ ਸਾਲ 2024 ਮਾਰਚ 'ਚ ਪੰਜਾਬ ਹਰਿਆਣਾ ਹਾਈ ਕੋਰਟ ਵਲੋਂ ਬਰਗਾੜੀ 'ਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਨਾਲ ਜੁੜੇ ਮਾਮਲਿਆਂ 'ਚ ਹੇਠਲੀ ਅਦਾਲਤ 'ਚ ਚੱਲ ਰਹੀ ਕਾਰਵਾਈ 'ਤੇ ਰੋਕ ਲਗਾ ਦਿੱਤੀ ਗਈ ਸੀ। ਇਸ ਆਦੇਸ਼ ਨੂੰ ਪੰਜਾਬ ਸਰਕਾਰ ਨੇ ਸੁਪਰੀਮ ਕੋਰਟ 'ਚ ਚੁਣੌਤੀ ਦਿੱਤੀ ਹੈ। ਪਿਛਲੀ ਸੁਣਵਾਈ 'ਚ ਸੁਪਰੀਮ ਕੋਰਟ ਨੇ ਹਾਈ ਕੋਰਟ ਦੇ ਆਦੇਸ਼ 'ਤੇ ਰੋਕ ਲਗਾਈ ਸੀ ਅਤੇ ਰਾਮ ਰਹੀਮ ਨੂੰ ਨੋਟਿਸ ਵੀ ਜਾਰੀ ਕੀਤਾ ਸੀ। ਜਿਸ ਤੋਂ ਬਾਅਦ ਪੰਜਾਬ ਸਰਕਾਰ ਨੇ ਰਾਮ ਰਹੀਮ ਦੇ ਜਵਾਬ ਲਈ ਸੁਪਰੀਮ ਕੋਰਟ ਤੋਂ 3 ਹਫ਼ਤਿਆਂ ਦੇ ਸਮੇਂ ਦੀ ਮੰਗ ਕੀਤੀ ਹੈ। ਹੁਣ ਸੁਪਰੀਮ ਕੋਰਟ 'ਚ ਇਸ ਮਾਮਲੇ 'ਚ ਅਗਲੀ ਸੁਣਵਾਈ 18 ਮਾਰਚ ਨੂੰ ਹੋਵੇਗੀ।

ਦਰਅਸਲ ਜੂਨ 2015 'ਚ ਫਰੀਦਕੋਟ ਦੇ ਬੁਰਜ ਜਵਾਹਰ ਸਿੰਘ ਵਾਲਾ ਅਤੇ ਬਰਗਾੜੀ 'ਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਕੀਤੀ ਗਈ ਸੀ। ਇਸ ਮਾਮਲੇ ਦੀ ਜਾਂਚ ਲਈ ਪੰਜਾਬ ਸਰਕਾਰ ਵਲੋਂ ਵਿਸ਼ੇਸ਼ ਜਾਂਚ ਟੀਮ (ਸਿੱਟ) ਦਾ ਗਠਨ ਕੀਤਾ ਗਿਆ ਸੀ।

# ਬੇਅਦਬੀ ਮਾਮਲੇ: ਡੇਰਾ ਮੁਖੀ ਵੱਲੋਂ ਸੁਪਰੀਮ ਕੋਰਟ ਤੋਂ ਸੁਣਵਾਈ 'ਤੇ ਰੋਕ ਲਾਉਣ ਦੀ ਮੰਗ

**■ ਸ਼ਿਖ਼ਰਲੀ ਅਦਾਲਤ ਨੂੰ 18 ਅਕਤੂਬਰ 2024 ਦੇ ਹੁਕਮ ਟਾਲਣ ਦੀ ਕੀਤੀ ਅਪੀਲ**

ਨਵੀਂ ਦਿੱਲੀ, (ਪੰਜਾਬ ਮੇਲ)- ਡੇਰਾ ਸੱਚਾ ਸੌਦਾ ਦੇ ਮੁਖੀ ਗਰਮੀਤ ਰਾਮ ਰਹੀਮ ਨੇ ਸੁਪਰੀਮ ਕੋਰਟ ਨੂੰ ਅਪੀਲ ਕੀਤੀ ਕਿ ਪੰਜਾਬ ਵਿਚਲੀ ਹੇਠਲੀ ਅਦਾਲਤ ਨੂੰ 2015 ਦੇ ਬੇਅਦਬੀ ਮਾਮਲਿਆਂ ਵਿਚ ਉਸ ਖ਼ਿਲਾਫ਼ ਕਾਰਵਾਈ ਕਰਨ ਸਬੰਧੀ ਦਿੱਤੀ ਮਨਜ਼ੂਰੀ ਦੇ ਆਪਣੇ ਹੁਕਮ ਸ਼ਿਖ਼ਰਲੀ ਅਦਾਲਤ ਵੱਲੋਂ ਟਾਲੇ ਜਾਣ। ਸੁਪਰੀਮ ਕੋਰਟ ਨੇ 18 ਅਕਤੂਬਰ 2024 ਨੂੰ ਜਾਰੀ ਕੀਤੇ ਆਪਣੇ ਹੁਕਮਾਂ ਰਾਹੀਂ 2015 ਦੇ ਬੇਅਦਬੀ ਮਾਮਲਿਆਂ ਦੀ ਸੁਣਵਾਈ 'ਤੇ 11 ਮਾਰਚ 2024 ਨੂੰ ਪੰਜਾਬ ਤੇ ਹਰਿਆਣਾ ਹਾਈ ਕੋਰਟ ਵੱਲੋਂ ਲਗਾਈ ਗਈ ਰੋਕ ਹਟਾ ਦਿੱਤੀ ਸੀ। ਹਾਈ ਕੋਰਟ ਦੇ ਹੁਕਮਾਂ ਨੂੰ ਚੁਣੌਤੀ ਦਿੰਦੀ ਪੰਜਾਬ ਸਰਕਾਰ ਦੀ ਪਟੀਸ਼ਨ 'ਤੇ ਹੋ ਰਹੀ ਸੁਣਵਾਈ ਦੌਰਾਨ ਰਾਮ ਰਹੀਮ ਦੀ ਨੁਮਾਇੰਦਗੀ ਕਰ ਰਹੇ ਸੀਨੀਅਰ ਵਕੀਲ ਮੁਕੁਲ ਰੋਹਤਗੀ ਨੇ ਜਸਟਿਸ ਬੀ.ਆਰ. ਗਵਈ ਤੇ ਜਸਟਿਸ ਕੇ. ਵਿਨੋਦ ਚੰਦਰਨ ਦੇ ਬੈਂਚ ਨੂੰ ਦੱਸਿਆ ਕਿ ਸ਼ਿਖ਼ਰਲੀ ਅਦਾਲਤ ਦੇ 18 ਅਕਤੂਬਰ 2024 ਦੇ ਹੁਕਮ ਸੂਬੇ ਦੀ ਅਪੀਲ ਪਰਵਾਨ ਕੀਤੇ ਜਾਣ ਦੇ ਤੁਲ ਹਨ। ਬੈਂਚ ਨੇ ਕਿਹਾ ਕਿ ਉਸ ਵੱਲੋਂ ਮੁੱਖ ਮਾਮਲਾ ਸੁਣਿਆ ਜਾਵੇਗਾ।














# ਕੈਨੇਡਾ ’ਚ ਪੀ.ਆਰ. ਲਈ ਨਵੇਂ ਪਾਇਲਟ ਪ੍ਰੋਗਰਾਮ ਦੀ ਤਾਰੀਖ਼ ਦਾ ਐਲਾਨ

**ਓਟਾਵਾ, (ਪੰਜਾਬ ਮੇਲ)-** ਕੈਨੇਡਾ ਵਿਚ ਪੀ.ਆਰ. (ਸਥਾਈ ਨਿਵਾਸ) ਪਾਉਣ ਦੇ ਚਾਹਵਾਨ ਭਾਰਤੀਆਂ ਲਈ ਚੰਗੀ ਖ਼ਬਰ ਹੈ। ਕੈਨੇਡਾ ਨੇ ਸਥਾਈ ਨਿਵਾਸ (ਪੀ.ਆਰ.) ਲਈ ਇੱਕ ਨਵੇਂ ਪਾਇਲਟ ਪ੍ਰੋਗਰਾਮ ਦੀ ਸ਼ੁਰੂਆਤੀ ਤਾਰੀਖ਼ ਦਾ ਐਲਾਨ ਕਰ ਦਿੱਤਾ ਹੈ। ਇਮੀਗ੍ਰੇਸ਼ਨ, ਰਫਿਊਜੀਜ਼ ਐਂਡ ਸਿਟੀਜ਼ਨਸ਼ਿਪ ਕੈਨੇਡਾ (ਆਈ.ਆਰ.ਸੀ.ਸੀ.) ਨੇ ਐਲਾਨ ਕੀਤਾ ਹੈ ਕਿ ਹੋਮ ਕੇਅਰ ਵਰਕਰਾਂ ਲਈ ਨਵਾਂ ਇਮੀਗ੍ਰੇਸ਼ਨ ਪਾਇਲਟ ਪ੍ਰੋਗਰਾਮ 31 ਮਾਰਚ, 2025 ਨੂੰ ਖੁੱਲ੍ਹੇਗਾ। ਇਨ੍ਹਾਂ ਨਵੇਂ ਪਾਇਲਟ ਪ੍ਰੋਗਰਾਮਾਂ ਨੂੰ ਆਈ.ਆਰ.ਸੀ.ਸੀ. ਦੁਆਰਾ ਸਮੂਹਿਕ ਤੌਰ ’ਤੇ ਕੈਨੇਡਾ ਦਾ ‘ਹੋਮ ਕੇਅਰ ਵਰਕਰ ਇਮੀਗ੍ਰੇਸ਼ਨ ਪਾਇਲਟ’ ਕਿਹਾ ਜਾਂਦਾ ਹੈ। ਸੀ.ਆਈ.ਸੀ. ਨਿਊਜ਼ ਦੀ ਰਿਪੋਰਟ ਅਨੁਸਾਰ ਇਹ ਪਾਇਲਟ ਪ੍ਰੋਗਰਾਮ ਦੇਖਭਾਲ ਕਰਮਚਾਰੀਆਂ ਲਈ ਪਿਛਲੇ ਸਥਾਈ ਨਿਵਾਸ (ਪੀ.ਆਰ.) ਮਾਰਗਾਂ ਦੀ ਥਾਂ ਲੈਣਗੇ, ਜਿਨ੍ਹਾਂ ਦੀ ਮਿਆਦ ਖਤਮ ਹੋ ਗਈ ਹੈ।



ਇਨ੍ਹਾਂ ਨਵੇਂ ਪਾਇਲਟ ਪ੍ਰੋਗਰਾਮਾਂ ਲਈ ਯੋਗ ਹੋਣ ਲਈ ਵਿਦੇਸ਼ੀ ਨਾਗਰਿਕਾਂ ਕੋਲ ਕੈਨੇਡੀਅਨ ਲੈਂਗੂਏਜ ਬੈਂਚਮਾਰਕ (ਸੀ.ਐੱਲ.ਬੀ.) ਸਕੇਲ ’ਤੇ ਚੌਥੇ ਪੱਧਰ ਦੇ ਬਰਾਬਰ ਅਧਿਕਾਰਤ ਭਾਸ਼ਾ ਦੀ ਯੋਗਤਾ ਹੋਣੀ ਚਾਹੀਦੀ ਹੈ। ਉਨ੍ਹਾਂ ਕੋਲ ਕੈਨੇਡੀਅਨ ਹਾਈ ਸਕੂਲ ਡਿਪਲੋਮਾ ਦੇ ਬਰਾਬਰ ਯੋਗਤਾ ਹੋਣੀ ਚਾਹੀਦੀ ਹੈ। ਵਿਦੇਸ਼ੀ ਨਾਗਰਿਕਾਂ ਕੋਲ ਹਾਲ ਹੀ ਵਿਚ ਅਤੇ ਸੰਬੰਧਿਤ ਕੰਮ ਦਾ ਤਜ਼ਰਬਾ ਹੋਣਾ ਚਾਹੀਦਾ ਹੈ ਅਤੇ ਉਨ੍ਹਾਂ ਨੂੰ ਘਰੇਲੂ ਦੇਖਭਾਲ ਦੀ ਨੌਕਰੀ ਲਈ ਪੂਰੇ ਸਮੇਂ ਦੀ ਨੌਕਰੀ ਦੀ ਪੇਸ਼ਕਸ਼ ਪ੍ਰਾਪਤ ਹੋਣੀ ਚਾਹੀਦੀ ਹੈ। ਰਿਪੋਰਟ ਅਨੁਸਾਰ ਪਿਛਲੇ ਹੋਮ ਕੇਅਰ ਵਰਕਰ ਇਮੀਗ੍ਰੇਸ਼ਨ ਪ੍ਰੋਗਰਾਮ ਵਿਚ ਉਮੀਦਵਾਰਾਂ ਨੂੰ 16 ਜੂਨ, 2024 ਤੱਕ ਸਥਾਈ ਨਿਵਾਸ ਲਈ ਯੋਗ ਹੋਣ ਲਈ ਸਿਰਫ 6 ਮਹੀਨਿਆਂ ਦਾ ਤਜਰਬਾ ਹੋਣਾ ਜ਼ਰੂਰੀ ਸੀ। ਆਈ.ਆਰ.ਸੀ.ਸੀ. ਨੇ ਅਜੇ ਤੱਕ ਹੋਰ ਵੇਰਵਿਆਂ ਅਤੇ ਯੋਗਤਾ ਜ਼ਰੂਰਤਾਂ ਦਾ ਐਲਾਨ ਨਹੀਂ ਕੀਤਾ ਹੈ। ਆਈ.ਆਰ.ਸੀ.ਸੀ. ਅਨੁਸਾਰ 2025-2027 ਦੀ ਮਿਆਦ ਲਈ ਇਸਦੀ ਸੰਘੀ ਆਰਥਿਕ ਪਾਇਲਟ ਸ਼੍ਰੇਣੀ ਤਹਿਤ ਲਗਭਗ 10,920 ਨਵੇਂ ਇਮੀਗ੍ਰੇਸ਼ਨ ਦਾਖਲਾ ਸਥਾਨ ਅਲਾਟ ਕੀਤੇ ਜਾਣਗੇ। ਹੋਮ ਕੇਅਰ ਵਰਕਰ ਪ੍ਰੋਗਰਾਮ ਲਈ ਥਾਵਾਂ ਦੀ ਸਹੀ ਗਿਣਤੀ ਅਜੇ ਉਪਲਬਧ ਨਹੀਂ ਹੈ, ਪਰ ਮਾਹਰਾਂ ਦਾ ਅੰਦਾਜ਼ਾ ਹੈ ਕਿ ਇਹ ਪਿਛਲੇ ਪ੍ਰੋਗਰਾਮਾਂ ਨਾਲੋਂ ਲਗਭਗ ਦੁੱਗਣੀ ਹੋਵੇਗੀ। ਇਸ ਨਵੇਂ ਪ੍ਰੋਗਰਾਮ ਨੂੰ ਸ਼ੁਰੂ ਕਰਨ ਲਈ ਪਹਿਲਾਂ ਦੇ ਪ੍ਰੋਗਰਾਮਾਂ ਨੂੰ ਬੰਦ ਕਰ ਦਿੱਤਾ ਗਿਆ ਸੀ, ਜੋ ਲਗਭਗ 5,500 ਪੀ.ਆਰ. ਸਪਾਟ ਪ੍ਰਦਾਨ ਕੀਤੇ ਸਨ। ਜ਼ਿਕਰਯੋਗ ਹੈ ਕਿ ਆਈ.ਆਰ.ਸੀ.ਸੀ. ਨੇ ਸਭ ਤੋਂ ਪਹਿਲਾਂ 3 ਜੂਨ, 2024 ਨੂੰ ਘਰੇਲੂ ਦੇਖਭਾਲ ਕਰਮਚਾਰੀਆਂ ਲਈ ਨਵਾਂ ਇਮੀਗ੍ਰੇਸ਼ਨ ਪਾਇਲਟ ਪ੍ਰੋਗਰਾਮ ਖੋਲ੍ਹਣ ਦੇ ਆਪਣੇ ਇਰਾਦੇ ਦਾ ਐਲਾਨ ਕੀਤਾ ਸੀ। ਕੁਝ ਦਿਨਾਂ ਬਾਅਦ 17 ਜੂਨ, 2024 ਨੂੰ ਇਮੀਗ੍ਰੇਸ਼ਨ ਵਿਭਾਗ ਨੇ ਹੋਮ ਚਾਈਲਡ ਕੇਅਰ ਪ੍ਰੋਵਾਈਡਰ ਪਾਇਲਟ ਅਤੇ ਹੋਮ ਸਪੋਰਟ ਵਰਕਰ ਪਾਇਲਟ ਨੂੰ ਬੰਦ ਕਰ ਦਿੱਤਾ। ਨਵਾਂ ਹੋਮ ਕੇਅਰ ਵਰਕਰ ਇਮੀਗ੍ਰੇਸ਼ਨ ਪਾਇਲਟ ਪਿਛਲੇ ਕੇਅਰਰ ਇਮੀਗ੍ਰੇਸ਼ਨ ਰੂਟਾਂ ਦੀ ਥਾਂ ਲਵੇਗਾ।

# ਕੈਨੇਡਾ ’ਚ 6 ਪੰਜਾਬੀ ਨੌਜਵਾਨ ਗ੍ਰਿਫਤਾਰ

**ਬਰੈਂਪਟਨ, (ਪੰਜਾਬ ਮੇਲ)-** ਕੈਨੇਡਾ ਦੇ ਬਰੈਂਪਟਨ ਵਿਚ ਵੱਡੇ ਪੱਧਰ ’ਤੇ ਮੱਖਣ ਅਤੇ ਘਿਓ ਚੋਰੀਆਂ ਦੀ ਚੱਲ ਰਹੀ ਜਾਂਚ ਦੇ ਹਿੱਸੇ ਵਜੋਂ 22 ਡਿਵੀਜ਼ਨ ਕ੍ਰਿਮੀਨਲ ਇਨਵੈਸਟੀਗੇਸ਼ਨ ਬਿਊਰੋ (ਸੀ.ਆਈ.ਬੀ.) ਦੇ ਜਾਂਚਕਰਤਾਵਾਂ ਨੇ 6 ਨੌਜਵਾਨਾਂ ਨੂੰ ਗ੍ਰਿਫਤਾਰ ਕੀਤਾ ਹੈ। ਪੀਲ ਰੀਜਨਲ ਪੁਲਿਸ ਨੇ ਇਹ ਜਾਣਕਾਰੀ ਆਪਣੀ ਵੈੱਬਸਾਈਟ ’ਤੇ ਦਿੱਤੀ ਹੈ। ਪੁਲਿਸ ਦਾ ਕਹਿਣਾ ਹੈ ਕਿ ਇਲਾਕੇ ਵਿਚ ਕਰਿਆਨੇ ਦੀਆਂ ਦੁਕਾਨਾਂ ’ਤੇ ਮੱਖਣ ਚੋਰੀ ਦੀਆਂ ਰਿਪੋਰਟਾਂ ਵਿਚ ਕਾਫੀ ਵਾਧਾ ਹੋਇਆ ਹੈ, ਜਿਸ ਨਾਲ 60,000 ਡਾਲਰ ਤੋਂ ਵੱਧ ਦਾ ਨੁਕਸਾਨ ਹੋਇਆ ਹੈ। ਉਨ੍ਹਾਂ ਦਾ ਕਹਿਣ ਹੈ ਕਿ ਕਥਿਤ ਚੋਰੀਆਂ ਨੂੰ ਰੋਕਣ ਲਈ “ਪ੍ਰੋਜੈਕਟ ਫਲੈਹਰਟੀ” ਨਾਮਕ ਇੱਕ ਜਾਂਚ ਸ਼ੁਰੂ ਕੀਤੀ ਗਈ ਸੀ, ਜਿਸ ਨਤੀਜੇ ਵਜੋਂ ਪੀਲ ਖੇਤਰੀ ਪੁਲਿਸ 6 ਪੰਜਾਬੀ ਨੌਜਵਾਨਾਂ ਨੂੰ ਗ੍ਰਿਫ਼ਤਾਰ ਕਰਨ ਵਿਚ ਕਾਮਯਾਬ ਹੋਈ। ਪੁਲਿਸ ਦਾ ਕਹਿਣਾ ਹੈ ਕਿ ਮੱਖਣ ਚੋਰੀ ਵਿਚ ਹਾਲ ਹੀ ਵਿਚ ਵਾਧਾ 2023 ਦੇ ਮੁਕਾਬਲੇ 135 ਫੀਸਦੀ ਦਾ ਵਾਧਾ ਦਰਸਾਉਂਦਾ ਹੈ ਅਤੇ ਫੋਰਸ ਨੂੰ 180 ਤੋਂ ਵੱਧ ਇਸ ਤਰ੍ਹਾਂ ਦੀਆਂ ਘਟਨਾਵਾਂ ਦੀ ਰਿਪੋਰਟ ਕੀਤੀ ਗਈ ਹੈ। ਇੱਥੇ ਦੱਸ ਦੇਈਏ ਕਿ ਦਸੰਬਰ 2024 ਵਿਚ ਪੀਲ ਖੇਤਰ ਦੇ ਅੰਦਰ ਕਰਿਆਨੇ ਦੀਆਂ ਦੁਕਾਨਾਂ ਤੋਂ ਮੱਖਣ ਅਤੇ ਘਿਓ ਦੀ ਚੋਰੀ ਵਿਚ ਮਹੱਤਵਪੂਰਨ ਵਾਧੇ ਮਗਰੋਂ ਇਹ ਜਾਂਚ ਸ਼ੁਰੂ ਕੀਤੀ ਗਈ ਸੀ। ਪੀਲ ਪੁਲਿਸ ਵੱਲੋਂ ਚੋਰੀ ਦੇ ਦੋਸ਼ ਹੇਠ ਗ੍ਰਿਫ਼ਤਾਰ ਕੀਤੇ ਗਏ ਇਨ੍ਹਾਂ ਪੰਜਾਬੀਆਂ ਦੀ ਪਛਾਣ ਸੁਖਮੰਦਰ ਸਿੰਘ (23), ਦਲਵਾਲ ਸਿੱਧੂ (28), ਨਵਦੀਪ ਚੌਧਰੀ (22), ਕਮਲਦੀਪ ਸਿੰਘ (38), ਵਿਸ਼ਵਜੀਤ ਸਿੰਘ (22) ਅਤੇ ਹਰਕੀਰਤ ਸਿੰਘ (25) ਵਜੋਂ ਹੋਈ ਹੈ। ਇਨ੍ਹਾਂ ’ਚੋਂ ਪਹਿਲੇ ਤਿੰਨ ਬਰੈਂਪਟਨ ਦੇ ਰਹਿਣ ਵਾਲੇ ਹਨ। ਇਨ੍ਹਾਂ 6 ਨੌਜਵਾਨਾਂ ਨੂੰ ਬਾਅਦ ਵਿੱਚ ਬਰੈਂਪਟਨ ਵਿਚ ਓਨਟਾਰੀਓ ਕੋਰਟ ਆਫ਼ ਜਸਟਿਸ ਵਿਚ ਪੇਸ਼ ਕੀਤਾ ਜਾਵੇਗਾ।

# ਸੁਪਰ ਵੀਜ਼ਾ ’ਤੇ ਕੈਨੇਡਾ ਜਾਣ ਵਾਲਿਆਂ ਲਈ ਨਵਾਂ ਨਿਯਮ ਲਾਗੂ

**ਟੋਰਾਂਟੋ, (ਪੰਜਾਬ ਮੇਲ)-** ਕੈਨੇਡਾ ਵਿਚ ਉਨ੍ਹਾਂ ਲੋਕਾਂ ਲਈ ਨਿਯਮ ਦਿਨੋਂ-ਦਿਨ ਸਖ਼ਤ ਹੁੰਦੇ ਜਾ ਰਹੇ ਹਨ, ਜੋ ਪਰਵਾਸ ਕਰਨ ਜਾਂ ਉੱਥੇ ਆਉਣ ਦੀ ਤਿਆਰੀ ਕਰ ਰਹੇ ਹਨ। ਕੈਨੇਡਾ ਨੇ ਪਹਿਲਾਂ ਮਾਪਿਆਂ ਦੀਆਂ ਪੀ.ਆਰ ਅਰਜ਼ੀਆਂ ’ਤੇ ਪਾਬੰਦੀ ਲਗਾ ਦਿੱਤੀ ਸੀ ਅਤੇ ਹੁਣ ਜਿਹੜੇ ਲੋਕ ਕੈਨੇਡਾ ਵਿੱਚ ਆਪਣੇ ਬੱਚਿਆਂ ਜਾਂ ਰਿਸ਼ਤੇਦਾਰਾਂ ਕੋਲ ਸੁਪਰ ਵੀਜ਼ਾ ਲੈ ਕੇ ਆਉਣਾ ਚਾਹੁੰਦੇ ਹਨ, ਉਨ੍ਹਾਂ ਨੂੰ ਸਿਹਤ ਬੀਮਾ ਪਾਲਿਸੀ ਲਿਆਉਣੀ ਪਵੇਗੀ। ਇਸ ਨਿਯਮ ਨਾਲ ਪੰਜਾਬੀ ਭਾਈਚਾਰੇ ਦੇ ਲੋਕ ਜ਼ਿਆਦਾ ਪ੍ਰਭਾਵਿਤ ਹੋਣਗੇ ਕਿਉਂਕਿ ਉਹ ਵੱਡੀ ਗਿਣਤੀ ਵਿਚ ਸੁਪਰ ਵੀਜ਼ਾ ’ਤੇ ਆਪਣੇ ਬੱਚਿਆਂ ਜਾਂ ਰਿਸ਼ਤੇਦਾਰਾਂ ਦੇ ਕੋਲ ਜਾਂਦੇ ਹਨ।

ਇੱਥੇ ਦੱਸ ਦਈਏ ਕਿ ਸੁਪਰ ਵੀਜ਼ਾ ਇੱਕ ਮਲਟੀਪਲ-ਐਂਟਰੀ ਵੀਜ਼ਾ ਹੈ ਜਿਸ ਨਾਲ ਕੈਨੇਡੀਅਨ ਨਾਗਰਿਕਾਂ ਅਤੇ ਸਥਾਈ ਨਿਵਾਸੀਆਂ ਦੇ ਮਾਤਾ-ਪਿਤਾ ਅਤੇ ਦਾਦਾ-ਦਾਦੀ ਲੰਬੇ ਸਮੇਂ ਲਈ ਕੈਨੇਡਾ ਵਿਚ ਆਪਣੇ ਪਰਿਵਾਰ ਨੂੰ ਮਿਲਣ ਜਾ ਸਕਦੇ ਹਨ। ਸੁਪਰ ਵੀਜ਼ਾ ਧਾਰਕ ਕੈਨੇਡਾ ਵਿਚ ਪੰਜ ਸਾਲ ਤੱਕ ਰਹਿ ਸਕਦੇ ਹਨ। ਇਹ ਵਿਸ਼ੇਸ਼ ਤੌਰ ’ਤੇ ਉਨ੍ਹਾਂ ਲੋਕਾਂ ਦੁਆਰਾ ਵਰਤਿਆ ਜਾਂਦਾ ਹੈ, ਜਿਨ੍ਹਾਂ ਦੇ ਬੱਚੇ ਜਾਂ ਤਾਂ ਕੈਨੇਡਾ ਦੇ ਨਾਗਰਿਕ ਹਨ ਜਾਂ ਪੀ.ਆਰ. ਧਾਰਕ ਹਨ।



ਕੈਨੇਡਾ ਨੇ ਵੀਰਵਾਰ ਤੋਂ ਹੁਕਮ ਜਾਰੀ ਕੀਤਾ ਹੈ ਕਿ ਹੁਣ ਸੁਪਰ ਵੀਜ਼ਾ ਬਿਨੈਕਾਰਾਂ ਨੂੰ ਇਹ ਸਾਬਤ ਕਰਨਾ ਹੋਵੇਗਾ ਕਿ ਉਨ੍ਹਾਂ ਕੋਲ ਸੁਪਰ ਵੀਜ਼ਾ ਪ੍ਰਾਪਤ ਕਰਨ ਲਈ ਪ੍ਰਾਈਵੇਟ ਸਿਹਤ ਕਵਰੇਜ ਦਾ ਸਭ ਤੋਂ ਨੀਵਾਂ ਪੱਧਰ ਹੈ, ਕਿਉਂਕਿ ਉਹ ਸੂਬਾਈ ਜਾਂ ਖੇਤਰੀ ਸਿਹਤ ਦੇਖਭਾਲ ਯੋਜਨਾਵਾਂ ਲਈ ਯੋਗ ਨਹੀਂ ਹਨ। ਪਹਿਲਾਂ ਸਿਹਤ ਬੀਮੇ ਦਾ ਸਬੂਤ ਸਿਰਫ਼ ਕੈਨੇਡੀਅਨ ਸਿਹਤ ਬੀਮਾ ਪ੍ਰਦਾਤਾਵਾਂ ਤੋਂ ਪ੍ਰਾਪਤ ਕੀਤਾ ਜਾ ਸਕਦਾ ਸੀ। ਹੁਣ ਇਮੀਗ੍ਰੇਸ਼ਨ ਰਫਿਊਜੀ ਅਤੇ ਸਿਟੀਜ਼ਨਸ਼ਿਪ ਕੈਨੇਡਾ ਨੇ ਸੁਪਰ ਵੀਜ਼ਾ ਬਿਨੈਕਾਰਾਂ ਨੂੰ ਕੈਨੇਡਾ ਤੋਂ ਬਾਹਰ ਦੀਆਂ ਕੰਪਨੀਆਂ ਤੋਂ ਪ੍ਰਾਈਵੇਟ ਸਿਹਤ ਬੀਮਾ ਪਾਲਿਸੀਆਂ ਖਰੀਦਣ ਦੇ ਹੁਕਮ ਦਿੱਤੇ ਹਨ। ਦੁਰਘਟਨਾ ਅਤੇ ਬਿਮਾਰੀ ਬੀਮਾ ਪ੍ਰਦਾਨ ਕਰਨ ਲਈ ਵਿੱਤੀ ਸੰਸਥਾਵਾਂ ਦੇ ਸੁਪਰਡੈਂਟ ਦੇ ਦਫ਼ਤਰ ਦੁਆਰਾ ਅਧਿਕਾਰਤ ਇੱਕ ਵਿਦੇਸ਼ੀ ਬੀਮਾ ਕੰਪਨੀ ਦੁਆਰਾ ਜਾਰੀ ਕੀਤਾ ਜਾਣਾ ਚਾਹੀਦਾ ਹੈ।




# ਅਮਰੀਕਾ ਰਹਿੰਦੇ ਗੈਂਗਸਟਰ ਹੈਪੀ ਪਰਸ਼ੀਆ ਨੇ ਅੰਮ੍ਰਿਤਸਰ ਗ੍ਰੇਨਾਈਟ ਧਮਾਕੇ ਦੀ ਲਈ ਜ਼ਿੰਮੇਵਾਰੀ

**ਅੰਮ੍ਰਿਤਸਰ, (ਪੰਜਾਬ ਮੇਲ)**- ਅੰਮ੍ਰਿਤਸਰ ਗ੍ਰੇਨਾਈਟ ਧਮਾਕੇ ਦੀ ਗੈਂਗਸਟਰ ਹੈਪੀ ਪਰਸ਼ੀਆ ਨੇ ਸੋਸ਼ਲ ਮੀਡੀਆ 'ਤੇ ਜ਼ਿੰਮੇਵਾਰੀ ਲਈ ਹੈ ਦੂਜੇ ਪਾਸੇ ਸੀ.ਪੀ. ਗੁਰਪ੍ਰੀਤ ਭੁੱਲਰ ਨੇ ਕਿਹਾ ਕਿ ਅੰਮ੍ਰਿਤਸਰ ਵਿਚ ਕੋਈ ਗ੍ਰਨੇਡ ਹਮਲਾ ਨਹੀਂ ਹੋਇਆ।

**■ ਸੀ.ਪੀ. ਗੁਰਪ੍ਰੀਤ ਭੁੱਲਰ ਨੇ ਕਿਹਾ; ਨਹੀਂ ਹੋਇਆ ਧਮਾਕਾ**

ਜ਼ਿਕਰਯੋਗ ਹੈ ਕਿ ਦੇਰ ਰਾਤ ਪੁਲਿਸ ਚੌਕੀ ਫਤਿਹਗੜ੍ਹ ਚੂੜੀਆਂ ਰੋਡ ਨੰਗਲੀ ਦੇ ਬਾਹਰ ਇੱਕ ਜ਼ੋਰਦਾਰ ਧਮਾਕਾ ਹੋਇਆ। ਇਹ ਧਮਾਕਾ ਇਲਾਕੇ ਵਿਚ ਦੂਰ-ਦੂਰ ਤੱਕ ਸੁਣਿਆ ਗਿਆ, ਜਿਸ ਨਾਲ ਇਲਾਕੇ ਵਿਚ ਦਹਿਸ਼ਤ ਦਾ ਮਾਹੌਲ ਬਣ ਗਿਆ। ਧਮਾਕੇ ਵਾਲੀ ਥਾਂ ਤੋਂ ਕੁਝ ਹੀ ਦੂਰੀ 'ਤੇ ਪੁਲਿਸ ਵੱਲੋਂ ਚੈਕਿੰਗ ਦਾ ਨਾਕਾ ਵੀ ਲਗਾਇਆ ਗਿਆ ਸੀ। ਮੌਕੇ 'ਤੇ ਤੈਨਾਤ ਏ.ਐੱਸ.ਆਈ. ਬਿਸ਼ੰਬਰ ਧਮਾਕੇ ਵਾਲੀ ਥਾਂ 'ਤੇ ਪਹੁੰਚੇ, ਜਿੱਥੇ ਉਨ੍ਹਾਂ ਨੂੰ ਸੜਕ ਵਿਚ ਧਮਾਕੇ ਦੇ ਨਿਸ਼ਾਨ ਮਿਲੇ।

ਏ.ਐੱਸ.ਆਈ. ਬਿਸ਼ੰਭਰ ਨੇ ਤੁਰੰਤ ਹੀ ਉੱਚ ਅਧਿਕਾਰੀਆਂ ਨੂੰ ਇਸ ਬਾਰੇ ਸੂਚਿਤ ਕੀਤਾ। ਮੌਕੇ 'ਤੇ ਪਹੁੰਚੇ ਪੁਲਿਸ ਕਮਿਸ਼ਨਰ ਗੁਰਪ੍ਰੀਤ ਸਿੰਘ ਭੁੱਲਰ ਨੇ ਕਿਹਾ ਕਿ ਹੋਏ ਧਮਾਕੇ ਦੀ ਪੂਰੀ ਜਾਂਚ ਕੀਤੀ ਜਾ ਰਹੀ ਹੈ। ਇਸ ਨੂੰ ਗ੍ਰਨੇਡ ਦਾ ਧਮਾਕਾ ਨਹੀਂ ਕਿਹਾ ਜਾ ਸਕਦਾ। ਉਨ੍ਹਾਂ ਕਿਹਾ ਕਿ ਫਿਰ ਵੀ ਫਰੈਂਸਿਕ ਟੀਮ ਧਮਾਕੇ ਦੀ ਜਾਂਚ ਕਰ ਰਹੀ ਹੈ, ਜੋ ਵੀ ਤੱਥ ਸਾਹਮਣੇ ਆਉਣਗੇ, ਉਹ ਦੱਸ ਦਿੱਤਾ ਜਾਵੇਗਾ। ਪੁਲਿਸ ਕਮਿਸ਼ਨਰ ਗੁਰਪ੍ਰੀਤ ਭੁੱਲਰ ਵੱਲੋਂ ਇਹ ਵੀ ਕਿਹਾ ਗਿਆ ਕਿ ਇਹ ਪੁਲਿਸ ਚੌਕੀ ਪਿਛਲੇ ਸਮੇਂ 'ਚ ਬੰਦ ਕਰ ਦਿੱਤੀ ਗਈ ਸੀ।

ਇੱਥੇ ਇਹ ਵੀ ਦੱਸਣਯੋਗ ਹੈ ਕਿ ਇਸ ਤੋਂ ਪਹਿਲਾਂ ਵੀ ਅੰਮ੍ਰਿਤਸਰ ਵਿਖੇ ਸਥਿਤ ਵੱਖ-ਵੱਖ ਚੌਕੀਆਂ ਅਤੇ ਥਾਣਿਆਂ ਵਿਚ ਧਮਾਕੇ ਹੋਏ ਹਨ, ਜਿਸ ਨੂੰ ਗ੍ਰਨੇਡ ਜਾਂ ਹੈਂਡਗ੍ਰਨੇਡ ਦਾ ਧਮਾਕਾ ਨਾ ਦੱਸਦੇ ਹੋਏ ਪੁਲਿਸ ਹਮੇਸ਼ਾ ਹੀ ਧਮਾਕੇ ਦਾ ਕੋਈ ਹੋਰ ਕਾਰਨ ਦੱਸ ਕੇ ਪਰਦਾ ਪਾਉਣ ਦੀ ਕੋਸ਼ਿਸ਼ ਕਰਦੀ ਰਹੀ ਹੈ, ਜਿਸ ਤੋਂ ਬਾਅਦ ਪੁਲਿਸ ਧਮਾਕੇ ਨਾਲ ਸੰਬੰਧਿਤ ਮੁਲਜਮਾਂ ਨੂੰ ਫੜ ਕੇ ਹੈੱਡ ਗਰਨੇਡ ਦਾ ਧਮਾਕਾ ਦੱਸਦੇ ਹੋਏ ਵਿਦੇਸ਼ 'ਚ ਬੈਠੇ ਅੱਤਵਾਦੀ ਗਤੀਵਿਧੀਆਂ ਨੂੰ ਅੰਜਾਮ ਦੇਣ ਵਾਲਿਆਂ ਨਾਲ ਜੋੜਦੀ ਰਹੀ ਹੈ।

ਦੂਸਰੇ ਪਾਸੇ ਘਟਨਾ ਵਾਲੀ ਥਾਂ ਤੇ ਗ੍ਰਨੇਡ ਦਾ ਕਲਿਪ ਮਿਲਿਆ ਹੈ। ਪੁਲਿਸ ਵੱਲੋਂ ਭਾਵੇਂ ਇਸ ਨੂੰ ਗ੍ਰਨੇਡ ਹਮਲਾ ਨਾ ਦੱਸਦੇ ਹੋਏ ਕੁਝ ਹੋਰ ਧਮਾਕਾ ਦੱਸਿਆ ਜਾ ਰਿਹਾ ਹੈ ਪਰ ਫਿਰ ਵੀ ਆਉਣ ਵਾਲੇ ਦਿਨਾਂ ਵਿਚ ਪੁਲਿਸ ਵੱਲੋਂ ਇਸ ਨੂੰ ਗ੍ਰਨੇਡ ਹਮਲਾ ਪਹਿਲਾਂ ਵਾਂਗ ਸਾਬਤ ਕੀਤਾ ਜਾ ਸਕਦਾ ਹੈ।

ਉੱਧਰ, ਧਮਾਕੇ ਤੋਂ ਬਾਅਦ ਸੀਨੀਅਰ ਅਕਾਲੀ ਆਗੂ ਬਿਕਰਮ ਸਿੰਘ ਮਜੀਠੀਆ ਵੱਲੋਂ ਵੀ ਸਰਕਾਰ ਤੇ ਕਈ ਤਰ੍ਹਾਂ ਦੇ ਸਵਾਲੀਆ ਚਿੰਨ੍ਹ ਲਗਾਏ ਗਏ ਹਨ। ਉਨ੍ਹਾਂ ਐਕਸ 'ਤੇ ਟਵੀਟ ਕਰ ਕੇ ਕਿਹਾ ਕਿ ਇੰਡੋ ਪਾਕਿ ਬਾਰਡਰ ਇਲਾਕੇ 'ਚ ਲਾਅ ਐਂਡ ਆਰਡਰ ਦੀ ਸਥਿਤੀ ਬਦ ਤੋਂ ਬਦਤਰ ਹੈ। ਪੁਲਿਸ ਇਸ ਮਾਮਲੇ 'ਤੇ ਜਵਾਬ ਦੇਣ ਤੋਂ ਅਸਮਰੱਥ ਹੈ। ਪਿਛਲੇ ਦੋ ਮਹੀਨਿਆਂ 'ਚ 12 ਤੋਂ ਜ਼ਿਆਦਾ ਗ੍ਰਨੇਡ ਹਮਲੇ ਹੋਣੇ ਪੰਜਾਬ ਦੀ ਲਾਅ ਐਂਡ ਆਰਡ ਦੀ ਸਥਿਤੀ ਬਿਆਨ ਕਰਦੀ ਹੈ। ਉਨ੍ਹਾਂ ਖਦਸ਼ਾ ਪ੍ਰਗਟਾਇਆ ਕਿ ਪੰਜਾਬ ਸਰਹੱਦੀ ਸੂਬਾ ਹੈ ਅਤੇ ਸਰਹੱਦੀ ਇਲਾਕਿਆਂ ਵਿਚ ਅਜਿਹੇ ਗ੍ਰਨੇਡ ਧਮਾਕੇ ਪੰਜਾਬ ਨੂੰ ਮੁੜ ਕਾਲੇ ਦੌਰ ਵੱਲ ਨਾ ਲੈ ਜਾਣ। ਉਨ੍ਹਾਂ ਮੁੱਖ ਮੰਤਰੀ ਭਗਵੰਤ ਮਾਨ ਨੂੰ ਕਿਹਾ ਕਿ ਜੇ ਹਾਲਾਤ ਸੁਧਾਰ ਨਹੀਂ ਸਕਦੇ ਤਾਂ ਅਸਤੀਫਾ ਦਿਓ।

ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ :
www.punjabmailusa.com

## ਅਦਾਲਤ ਵੱਲੋਂ ਕੋਟਕਪੂਰਾ ਗੋਲੀ ਕਾਂਡ ਦੀ ਸੁਣਵਾਈ ਮੁੜ ਸ਼ੁਰੂ

**ਫਰੀਦਕੋਟ, (ਪੰਜਾਬ ਮੇਲ)**- ਇਥੋਂ ਦੀ ਅਦਾਲਤ ਨੇ ਕੋਟਕਪੂਰਾ ਗੋਲੀ ਕਾਂਡ ਦੀ ਸੁਣਵਾਈ ਮੁੜ ਸ਼ੁਰੂ ਕਰ ਦਿੱਤੀ ਹੈ ਅਤੇ ਇਸ ਦੀ ਅਗਲੀ ਸੁਣਵਾਈ 24 ਫਰਵਰੀ ਨੂੰ ਹੋਵੇਗੀ। ਬਹਿਬਲ ਗੋਲੀ ਕਾਂਡ ਸਬੰਧੀ ਕੇਸ ਫ਼ਰੀਦਕੋਟ ਤੋਂ ਚੰਡੀਗੜ੍ਹ ਅਦਾਲਤ ਤਬਦੀਲ ਕਰ ਦਿੱਤਾ ਗਿਆ ਹੈ। ਪਹਿਲਾਂ ਇਹ ਦੋਵੇਂ ਮੁਕਦਮੇ ਇੱਕੋ ਅਦਾਲਤ ਵਿਚ ਚਲਦੇ ਸਨ ਅਤੇ ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਆਦੇਸ਼ ਦਿੱਤਾ ਸੀ ਕਿ ਇਹ ਦੋਵੇਂ ਕੇਸ ਇੱਕੋ ਅਦਾਲਤ ਵਿਚ ਇਕੱਠੇ ਚੱਲਣਗੇ। ਪਿਛਲੇ ਕਰੀਬ ਇੱਕ ਸਾਲ ਤੋਂ ਇਹ ਵਿਵਾਦ ਚੱਲ ਰਿਹਾ ਸੀ ਕਿ ਕੋਟਕਪੁਰਾ ਗੋਲੀ ਕਾਂਡ ਸਬੰਧੀ ਕੇਸ ਦੀ ਸੁਣਵਾਈ ਚੰਡੀਗੜ੍ਹ ਦੀ ਅਦਾਲਤ ਵਿਚ ਹੋਵੇਗੀ ਜਾਂ ਫਰੀਦਕੋਟ ਦੀ ਅਦਾਲਤ ਵਿਚ। ਜੱਜ ਨੇ ਆਪਣੇ ਫੈਸਲੇ ਵਿਚ ਕਿਹਾ ਹੈ ਕਿ ਪੰਜਾਬ ਤੇ ਹਰਿਆਣਾ ਹਾਈ ਕੋਰਟ ਵੱਲੋਂ ਕੋਟਕਪੂਰਾ ਗੋਲੀ ਕਾਂਡ ਨੂੰ ਚੰਡੀਗੜ੍ਹ ਬਦਲਣ ਬਾਰੇ ਉਨ੍ਹਾਂ ਨੂੰ ਕੋਈ ਹੁਕਮ ਨਹੀਂ ਮਿਲਿਆ, ਇਸ ਲਈ ਮੁਲਜਮਾਂ ਖ਼ਿਲਾਫ਼ ਅਗਲੀ ਕਾਰਵਾਈ ਸ਼ੁਰੂ ਕੀਤੀ ਜਾਵੇ। 24 ਫਰਵਰੀ ਨੂੰ ਅਦਾਲਤ ਮੁਲਜ਼ਮਾਂ ਖਿਲਾਫ ਦੋਸ਼ ਆਇਦ ਕਰਨ ਦੇ ਮੁੱਦੇ 'ਤੇ ਬਹਿਸ ਸੁਣੇਗੀ। ਕੋਟਕਪੁਰਾ ਗੋਲੀ ਕਾਂਡ ਵਿਚ ਸਾਬਕਾ ਡੀ.ਜੀ.ਪੀ. ਸੁਮੇਧ ਸੈਣੀ, ਆਈ.ਜੀ. ਪਰਮਰਾਜ ਸਿੰਘ ਉਮਰਾ ਨੰਗਲ ਅਤੇ ਅੱਧੀ ਦਰਜਨ ਪੁਲਿਸ ਅਧਿਕਾਰੀਆਂ ਨੇ ਵੀਡੀਓ ਕਾਨਫਰੰਸ ਰਾਹੀਂ ਪੇਸ਼ੀ ਭੁਗਤੀ।

## ਅੰਤਰਰਾਸ਼ਟਰੀ ਪੁਲਾੜ ਸਟੇਸ਼ਨ ਜਾਣ ਵਾਲੇ ਪਹਿਲੇ ਭਾਰਤੀ ਹੋਣਗੇ ਸ਼ੁਭਾਂਸ਼ੂ ਸ਼ੁਕਲਾ

**ਨਵੀਂ ਦਿੱਲੀ, (ਪੰਜਾਬ ਮੇਲ)**- ਭਾਰਤੀ ਹਵਾਈ ਸੈਨਾ ਦੇ ਅਧਿਕਾਰੀ ਸ਼ੁਭਾਂਸ਼ੂ ਸ਼ੁਕਲਾ ਜਲਦ ਹੀ ਇਤਿਹਾਸ ਰਚਣ ਜਾ ਰਹੇ ਹਨ। ਉਹ ਅੰਤਰਰਾਸ਼ਟਰੀ ਪੁਲਾੜ ਸਟੇਸ਼ਨ ਜਾਣ ਵਾਲੇ ਪਹਿਲੇ ਭਾਰਤੀ ਬਣ ਜਾਣਗੇ। ਉਹ ਇੱਕ ਨਿੱਜੀ ਮਿਸ਼ਨ ਤਹਿਤ ਪੁਲਾੜ ਵਿਚ ਜਾਣਗੇ। ਉਨ੍ਹਾਂ ਦੀ ਯਾਤਰਾ ਇਸ ਸਾਲ ਅਪ੍ਰੈਲ ਤੋਂ ਜੂਨ ਦੇ ਵਿਚਕਾਰ ਸ਼ੁਰੂ ਹੋਵੇਗੀ ਅਤੇ 14 ਦਿਨਾਂ ਤੱਕ ਚੱਲੇਗੀ।



ਪਿਛਲੇ ਸਾਲ ਹੀ ਸ਼ੁਭਾਂਸ਼ੂ ਸ਼ੁਕਲਾ ਨੂੰ ਭਾਰਤ ਦੇ ਪੁਲਾੜ ਮਿਸ਼ਨ 'ਗਗਨਯਾਨ' ਲਈ ਵੀ ਚੁਣਿਆ ਗਿਆ ਸੀ। ਹੁਣ ਭਾਰਤ ਦੇ ਇਸ ਮਿਸ਼ਨ ਤੋਂ ਪਹਿਲਾਂ, ਸ਼ੁਭਸ਼ਨ ਨੂੰ ਐਕਸੀਓਮ ਮਿਸ਼ਨ-4 (ਐਕਸੀਓਮ-4) ਲਈ ਚੁਣਿਆ ਗਏ ਹਨ। ਨਾਸਾ ਨੇ ਵੀਰਵਾਰ ਨੂੰ ਉਨ੍ਹਾਂ ਦੇ ਨਾਮ ਦਾ ਐਲਾਨ ਕੀਤਾ। ਇਸ ਦੌਰਾਨ, ਇਸ ਮਿਸ਼ਨ 'ਤੇ ਜਾਣ ਵਾਲੇ ਸਾਰੇ ਚਾਰੇ ਪੁਲਾੜ ਯਾਤਰੀ ਵੀ ਨਾਸਾ ਦੀ ਪ੍ਰੈੱਸ ਕਾਨਫਰੰਸ ਵਿਚ ਮੌਜੂਦ ਸਨ। ਇਸ ਮਿਸ਼ਨ ਵਿਚ ਸ਼ੁਭਾਂਸ਼ੂ ਨੂੰ ਅੰਤਰਰਾਸ਼ਟਰੀ ਪੁਲਾੜ ਸਟੇਸ਼ਨ (ਆਈ.ਐੱਸ.ਐੱਸ.) ਦੇ ਐਕਸੀਓਮ ਮਿਸ਼ਨ-4 ਦੇ ਪਾਇਲਟ ਵਜੋਂ ਚੁਣਿਆ ਗਿਆ ਹੈ। ਭਾਰਤੀ ਹਵਾਈ ਸੈਨਾ ਦੇ ਗਰੁੱਪ ਕੈਪਟਨ ਸ਼ੁਕਲਾ ਨੇ ਕਿਹਾ, 'ਮੈਂ 'ਮਾਈਕ੍ਰੋਗ੍ਰੈਵਿਟੀ' ਵਿਚ ਜਾਣ ਅਤੇ ਆਪਣੇ ਦਮ 'ਤੇ ਪੁਲਾੜ ਉਡਾਣ ਦਾ ਅਨੁਭਵ ਕਰਨ ਲਈ ਸੱਚਮੁੱਚ ਉਤਸ਼ਾਹਿਤ ਹਾਂ।

## ਹਸ਼ ਮਨੀ ਮਾਮਲਾ: ਟਰੰਪ ਵੱਲੋਂ ਸਜ਼ਾ ਖ਼ਿਲਾਫ਼ ਅਪੀਲ ਦਾਖ਼ਲ

**ਨਿਊਯਾਰਕ, (ਪੰਜਾਬ ਮੇਲ)**- ਰਾਸ਼ਟਰਪਤੀ ਡੋਨਲਡ ਟਰੰਪ ਨੇ ਹਸ਼ ਮਨੀ (ਪੌਰਨ ਸਟਾਰ ਸਟੌਰਮੀ ਡੈਨੀਅਲਜ਼ ਨੂੰ ਮੂੰਹ ਬੰਦ ਰੱਖਣ ਲਈ ਕੀਤੀ ਅਦਾਇਗੀ) ਕੇਸ ਵਿਚ ਨਿਊਯਾਰਕ ਦੀ ਕੋਰਟ ਵੱਲੋਂ ਸੁਣਾਈ ਸਜ਼ਾ ਖਿਲਾਫ਼ ਅਪੀਲ ਦਾਇਰ ਕੀਤੀ ਹੈ। ਟਰੰਪ ਨੇ ਕੋਰਟ ਦਾ ਫੈਸਲਾ ਰੱਦ ਕੀਤੇ ਜਾਣ ਦੀ ਮੰਗ ਕੀਤੀ ਹੈ। ਉਂਝ ਟਰੰਪ ਪਹਿਲੇ ਰਾਸ਼ਟਰਪਤੀ ਹਨ, ਜਿਨ੍ਹਾਂ ਨੂੰ ਕਿਸੇ ਅਪਰਾਧਿਕ ਕੇਸ ਵਿਚ ਦੋਸ਼ੀ ਠਹਿਰਾਇਆ ਗਿਆ ਹੈ। ਟਰੰਪ ਦੇ ਵਕੀਲਾਂ ਨੇ ਨਿਊਯਾਰਕ ਦੀ ਮਿੱਡ-ਲੈਵਲ ਅਪੀਲੀ ਕੋਰਟ ਵਿਚ ਅਰਜ਼ੀ ਦਾਖ਼ਲ ਕਰਕੇ ਪਿਛਲੇ ਮਹੀਨੇ ਸੁਣਾਈ ਸਜ਼ਾ ਰੱਦ ਕਰਨ ਦੀ ਮੰਗ ਕੀਤੀ ਹੈ। ਟਰੰਪ ਨੇ ਆਪਣਾ ਕੇਸ ਲੜਨ ਲਈ ਨਵੀਂ ਲੀਗਲ ਟੀਮ ਦੀਆਂ ਸੇਵਾਵਾਂ ਲਈਆਂ ਹਨ। ਕਾਬਿਲੇਗੌਰ ਹੈ ਕਿ ਨਿਊਯਾਰਕ ਦੀ ਕੋਰਟ ਨੇ ਟਰੰਪ ਨੂੰ ਹਸ਼ ਮਨੀ ਕੇਸ ਵਿਚ 9 ਜਨਵਰੀ ਨੂੰ ਦੋਸ਼ੀ ਠਹਿਰਾਇਆ ਸੀ, ਪਰ ਸਜ਼ਾ ਨਹੀਂ ਸੁਣਾਈ। ਟਰੰਪ ਨੂੰ ਸਜ਼ਾ ਸੁਣਾਏ ਜਾਣ ਨਾਲ ਅਮਰੀਕਾ ਲਈ ਸਿਆਸੀ ਸੰਕਟ ਖੜ੍ਹਾ ਹੋ ਸਕਦਾ ਸੀ ਕਿਉਂਕਿ ਟਰੰਪ ਨੇ ਉਦੋਂ ਅਗਲੇ ਦਿਨਾਂ ਵਿਚ ਅਮਰੀਕੀ ਰਾਸ਼ਟਰਪਤੀ ਵਜੋਂ ਹਲਫ਼ ਲੈਣਾ ਸੀ।



# ਚਾਰ ਨਗਰ ਨਿਗਮਾਂ ’ਚ ਜੋੜ-ਤੋੜ ਨਾਲ ਮੇਅਰ ਬਣਾਉਣ ’ਚ ਕਾਮਯਾਬ ਰਹੀ ‘ਆਪ’

- ਢਾਈ ਦਰਜਨ ਤੋਂ ਵੱਧ ਨਗਰ ਕੌਂਸਲਾਂ ਤੇ ਨਗਰ ਪੰਚਾਇਤਾਂ ਵਿਚ ਵੀ ਹਾਕਮ ਧਿਰ ਦੇ ਪ੍ਰਧਾਨ ਬਣੇ
- ਕਾਂਗਰਸ ਨੇ ਅੰਮ੍ਰਿਤਸਰ ’ਚ ਮੇਅਰ ਦੀ ਚੋਣ ਨੂੰ ਦਿੱਤੀ ਸੀ ਚੁਣੌਤੀ

**ਚੰਡੀਗੜ੍ਹ, (ਪੰਜਾਬ ਮੇਲ)-** ਵਿਧਾਨ ਸਭਾ ਚੋਣਾਂ 2022 ’ਚ ਸ਼ਾਨਦਾਰ ਜਿੱਤ ਮਗਰੋਂ ਆਮ ਆਦਮੀ ਪਾਰਟੀ (ਆਪ) ਨੂੰ 2024 ਦੀਆਂ ਲੋਕ ਸਭਾ ਚੋਣਾਂ ਵਿਚ ਨਮੋਸ਼ੀ ਦਾ ਸਾਹਮਣਾ ਕਰਨਾ ਪਿਆ ਸੀ, ਜਦੋਂ ਪਾਰਟੀ ਪੱਲੇ 13 ਵਿਚੋਂ ਤਿੰਨ ਸੀਟਾਂ ਹੀ ਪਈਆਂ ਸਨ। ਲੋਕ ਸਭਾ ਚੋਣਾਂ ਤੋਂ ਬਾਅਦ ਪੰਜਾਬ ਵਿਚ ਹੋਈਆਂ ਨਗਰ ਨਿਗਮ, ਨਗਰ ਕੌਂਸਲ ਤੇ ਨਗਰ ਪੰਚਾਇਤ ਚੋਣਾਂ ਵਿਚ ‘ਆਪ’ ਫਿਰ ਤੋਂ ਮਜ਼ਬੂਤ ਹੋ ਕੇ ਨਿੱਤਰੀ ਹੈ। ‘ਆਪ’ ਦਸੰਬਰ ਮਹੀਨੇ ਵਿਚ ਹੋਈਆਂ 5 ਨਗਰ ਨਿਗਮਾਂ ਅਤੇ 41 ਨਗਰ ਕੌਂਸਲ ਤੇ ਨਗਰ ਪੰਚਾਇਤ ਦੀਆਂ ਚੋਣਾਂ ਮਗਰੋਂ ਸਾਰੀਆਂ ਸੀਟਾਂ ’ਤੇ ਤੇਜ਼ੀ ਨਾਲ ਕਬਜ਼ਾ ਕਰਨ ਵੱਲ ਅੱਗੇ ਵੱਧ ਰਹੀ ਹੈ। ‘ਆਪ’ ਪੰਜਾਬ ਵਿਚ 5 ਨਗਰ ਨਿਗਮਾਂ ਪਟਿਆਲਾ, ਲੁਧਿਆਣਾ, ਅੰਮ੍ਰਿਤਸਰ, ਜਲੰਧਰ ਤੇ ਫਗਵਾੜਾ ਵਿਚ ਆਪਣਾ ਮੇਅਰ ਬਣਾਉਣ ਵਿਚ ਕਾਮਯਾਬ ਹੋ ਗਈ ਹੈ। ਦੂਜੇ ਪਾਸੇ 41 ਨਗਰ ਕੌਂਸਲ ਤੇ ਨਗਰ ਪੰਚਾਇਤ ਵਿਚੋਂ ਵੀ ਢਾਈ ਦਰਜਨ ਤੋਂ ਵੱਧ ਸੀਟਾਂ ’ਤੇ ਆਪਣੇ ਪ੍ਰਧਾਨ ਕਾਬਜ਼ ਕਰ ਚੁੱਕੀ ਹੈ, ਜਦਕਿ ਬਾਕੀਆਂ ’ਤੇ ਵੀ ਪ੍ਰਧਾਨ ਬਣਾਉਣ ਦੀ ਤਿਆਰੀ ਵਿਚ ਹੈ।

ਪੰਜਾਬ ਵਿਚ 21 ਦਸੰਬਰ ਨੂੰ 5 ਨਗਰ ਨਿਗਮ ਅਤੇ 41 ਨਗਰ ਕੌਂਸਲ ਤੇ ਨਗਰ ਪੰਚਾਇਤ ਦੀਆਂ ਚੋਣਾਂ ਹੋਈਆਂ ਸਨ। ਨਗਰ ਨਿਗਮ ਪਟਿਆਲਾ ਵਿਚ 60 ਵਾਰਡਾਂ ਵਿਚੋਂ 50 ਵਾਰਡਾਂ ਵਿਚ ਜਿੱਤ ਹਾਸਲ ਕਰ ਕੇ ‘ਆਪ’ ਨੇ ਸਪੱਸ਼ਟ ਬਹੁਮਤ ਹਾਸਲ ਕੀਤਾ। ਪਟਿਆਲਾ ਵਿਚ ਕਾਂਗਰਸ ਤੇ ਭਾਜਪਾ ਨੇ 4-4 ਅਤੇ ਸ਼੍ਰੋਮਣੀ ਅਕਾਲੀ ਦਲ ਨੇ ਦੋ ਵਾਰਡਾਂ ਵਿਚ ਜਿੱਤ ਹਾਸਲ ਕੀਤੀ। ਨਗਰ ਨਿਗਮ ਜਲੰਧਰ, ਲੁਧਿਆਣਾ, ਅੰਮ੍ਰਿਤਸਰ ਤੇ ਫਗਵਾੜਾ ਵਿਚ ਆਮ ਆਦਮੀ ਪਾਰਟੀ (ਆਪ) ਜੋੜ-ਤੋੜ ਨਾਲ ਮੇਅਰ ਬਣਾਉਣ ਵਿਚ ਕਾਮਯਾਬ ਰਹੀ ਹੈ।

ਜ਼ਿਕਰਯੋਗ ਹੈ ਕਿ ਨਗਰ ਨਿਗਮ ਜਲੰਧਰ ਵਿਚ 85 ਵਾਰਡਾਂ ਵਿਚੋਂ ‘ਆਪ’ ਨੇ 38, ਕਾਂਗਰਸ ਨੇ 25, ਭਾਜਪਾ ਨੇ 19 ਅਤੇ ਤਿੰਨ ਵਾਰਡਾਂ ਵਿਚ ਆਜ਼ਾਦ ਉਮੀਦਵਾਰਾਂ ਨੇ ਜਿੱਤ ਹਾਸਲ ਕੀਤੀ ਹੈ। ਨਗਰ ਨਿਗਮ ਲੁਧਿਆਣਾ ਦੀ ਚੋਣ ਵਿਚ 95 ਵਾਰਡਾਂ ਵਿਚੋਂ ‘ਆਪ’ ਨੇ 41, ਕਾਂਗਰਸ ਨੇ 30, ਭਾਜਪਾ ਨੇ 19, ਸ਼੍ਰੋਮਣੀ ਅਕਾਲੀ ਦਲ ਨੇ 2 ਅਤੇ ਤਿੰਨ ਵਾਰਡਾਂ ਵਿਚ ਆਜ਼ਾਦ ਉਮੀਦਵਾਰਾਂ ਨੇ ਜਿੱਤ ਹਾਸਲ ਕੀਤੀ ਹੈ। ਇਸੇ ਤਰ੍ਹਾਂ ਨਗਰ ਨਿਗਮ ਅੰਮ੍ਰਿਤਸਰ ਦੀ ਚੋਣ ਵਿਚ 85 ਵਾਰਡਾਂ ਵਿਚੋਂ ਕਾਂਗਰਸ ਨੇ 40, ‘ਆਪ’ ਨੇ 24, ਭਾਜਪਾ ਨੇ 9, ਸ਼੍ਰੋਮਣੀ ਅਕਾਲੀ ਦਲ ਨੇ 4 ਅਤੇ 8 ਵਾਰਡਾਂ ਵਿਚ ਆਜ਼ਾਦ ਉਮੀਦਵਾਰਾਂ ਨੇ ਜਿੱਤ ਹਾਸਲ ਕੀਤੀ ਹੈ। ਨਗਰ ਨਿਗਮ ਫਗਵਾੜਾ ਦੀ ਚੋਣ ਵਿਚ 50 ਵਾਰਡਾਂ ਵਿਚੋਂ ਕਾਂਗਰਸ ਨੇ 22, ‘ਆਪ’ ਨੇ 12, ਭਾਜਪਾ ਨੇ 4, ਸ਼੍ਰੋਮਣੀ ਅਕਾਲੀ ਦਲ ਤੇ ਬਹੁਜਨ ਸਮਾਜ ਪਾਰਟੀ ਨੇ 3-3 ਅਤੇ 6 ਆਜ਼ਾਦ ਉਮੀਦਵਾਰਾਂ ਨੇ ਜਿੱਤ ਹਾਸਲ ਕੀਤੀ ਸੀ। ਨਗਰ ਕੌਂਸਲ ਤੇ ਨਗਰ ਪੰਚਾਇਤ ਚੋਣਾਂ ਵਿਚ ‘ਆਪ’ ਨੇ ਰਾਜਾਸਾਂਸੀ, ਬਾਬਾ ਬਕਾਲਾ, ਹੰਡਿਆਇਆ, ਤਲਵੰਡੀ ਸਾਬੋ, ਅਮਲੋਹ, ਮੱਖੂ, ਮੱਲਾਂਵਾਲਾ ਖਾਸ, ਮਾਹਿਲਪੁਰ, ਗੁਰਾਇਆ, ਬਿਲਗਾ, ਭੁਲੱਥ, ਮਾਛੀਵਾੜਾ, ਸਾਹਨੇਵਾਲ, ਮਲੌਦ, ਸਰਦੂਲਗੜ੍ਹ, ਬਾਘਾਪੁਰਾਣਾ, ਫਤਹਿਗੜ੍ਹ ਪੰਜਤੂਰ, ਘੜੂੰਆਂ, ਬਾੜੀਵਾਲਾ, ਬਲਾਚੌਰ, ਸਨੌਰ, ਘੱਗਾ, ਘਨੌਰ, ਦੇਵੀਗੜ੍ਹ, ਚੀਮਾ, ਮੂਨਕ, ਦਿੜ੍ਹਬਾ ਤੇ ਖੇਮਕਰਨ ਵਿਚ ਬਹੁਮਤ ਹਾਸਲ ਕੀਤਾ ਹੈ। ਇਸ ਤੋਂ ਇਲਾਵਾ ਵੱਡੀ ਗਿਣਤੀ ਵਿਚ ਨਗਰ ਕੌਂਸਲਾਂ ਤੇ ਨਗਰ ਪੰਚਾਇਤਾਂ ਵਿਚ ਕਿਸੇ ਵੀ ਪਾਰਟੀ ਨੂੰ ਬਹੁਮਤ ਨਹੀਂ ਮਿਲਿਆ ਸੀ, ਉੱਥੇ ਹੀ ‘ਆਪ’ ਹੀ ਬਾਜ਼ੀ ਮਾਰਨ ਦੀਆਂ ਕੋਸ਼ਿਸ਼ਾਂ ਕਰ ਰਹੀ ਹੈ।

### ਲੁਧਿਆਣਾ ’ਚ ਮੁੜ ਚੋਣਾਂ ਦੀਆਂ ਤਿਆਰੀਆਂ ਜ਼ੋਰਾਂ ’ਤੇ!

**ਲੁਧਿਆਣਾ, (ਪੰਜਾਬ ਮੇਲ)-** ਲੁਧਿਆਣਾ ’ਚ ਮੁੜ ਚੋਣਾਂ ਦੀਆਂ ਤਿਆਰੀਆਂ ਜ਼ੋਰਾਂ ’ਤੇ ਹਨ। ਇਸ ਵਾਰ ਪੂਰੇ ਲੁਧਿਆਣਾ ਵਿਚ ਨਹੀਂ, ਸਗੋਂ ਹਲਕਾ ਪੱਛਮੀ ਸੀਟ ’ਤੇ ਹੀ ਚੋਣਾਂ ਹੋਣਗੀਆਂ। ਇਸ ਦੇ ਨਾਲ ਹੀ ਕਾਂਗਰਸੀ ਕੌਂਸਲਰ ਰਾਜ ਕੁਮਾਰ ਰਾਜੂ ਦੀ ਮੌਤ ਮਗਰੋਂ ਉਹ ਵਾਰਡ ਵੀ ਖਾਲੀ ਹੋ ਗਿਆ ਹੈ। ਹਲਕਾ ਪੱਛਮੀ ਦੀ ਸੀਟ ‘ਆਪ’ ਵਿਧਾਇਕ ਗੁਰਪ੍ਰੀਤ ਗੋਗੀ ਦੇ ਦੇਹਾਂਤ ਮਗਰੋਂ ਖਾਲੀ ਹੋ ਗਈ ਹੈ। ‘ਆਪ’ ਵੱਲੋਂ ਇਸ ਸੀਟ ਲਈ ਮਜ਼ਬੂਤ ਦਾਅਵੇਦਾਰ ਮਰਹੂਮ ਵਿਧਾਇਕ ਗੋਗੀ ਦੀ ਪਤਨੀ ਡਾ. ਸੁਖਚੈਨ ਕੌਰ ਗੋਗੀ ਹਨ, ਜਦਕਿ ਕਾਂਗਰਸ ਇੱਕ ਵਾਰ ਮੁੜ ਸਾਬਕਾ ਕੈਬਨਿਟ ਮੰਤਰੀ ਭਾਰਤ ਭੂਸ਼ਣ ਆਸ਼ੂ ’ਤੇ ਦਾਅ ਲਗਾਉਣ ਦੀ ਤਿਆਰੀ ਕਰ ਰਹੀ ਹੈ। ਉਹ ਰੋਜ਼ਾਨਾ ਕਈ ਪ੍ਰੋਗਰਾਮਾਂ ਵਿਚ ਹਿੱਸਾ ਲੈ ਰਹੇ ਹਨ। ਇਸ ਦੇ ਨਾਲ ਹੀ ਡਾ. ਸੁਖਚੈਨ ਕੌਰ ਗੋਗੀ ਵੀ ਰੋਜ਼ਾਨਾ ਵਾਂਗ ਵਰਕਰਾਂ ਨਾਲ ਮੀਟਿੰਗਾਂ ਕਰ ਰਹੇ ਹਨ ਅਤੇ ਸੂਤਰਾਂ ਦਾ ਕਹਿਣਾ ਹੈ ਕਿ ਪਾਰਟੀ ਨੇ ਉਨ੍ਹਾਂ ਨੂੰ ਅੰਦਰੂਨੀ ਤੌਰ ’ਤੇ ਚੋਣਾਂ ਲਈ ਤਿਆਰ ਰਹਿਣ ਲਈ ਕਿਹਾ ਹੈ। ਭਾਜਪਾ ਵੱਲੋਂ ਐਡਵੋਕੇਟ ਬਿਕਰਮਜੀਤ ਸਿੰਘ ਸਿੱਧੂ, ਜੀਵਨ ਗੁਪਤਾ, ਐਡਵੋਕੇਟ ਅਨਿਲ ਸਰੀਨ ਸਣੇ ਕਈ ਆਗੂ ਕਤਾਰ ਵਿਚ ਹਨ। ਅਕਾਲੀ ਦਲ ਵੱਲੋਂ ਸਾਬਕਾ ਮੰਤਰੀ ਮਹੇਸ਼ਇੰਦਰ ਸਿੰਘ ਗਰੇਵਾਲ ਅਤੇ ਜ਼ਿਲ੍ਹਾ ਅਕਾਲੀ ਦਲ ਦੇ ਪ੍ਰਧਾਨ ਭੁਪਿੰਦਰ ਸਿੰਘ ਭਿੰਦਾ ਕਤਾਰ ’ਚ ਹਨ।

# ਐੱਨ.ਆਰ.ਆਈ. ਪੰਜਾਬੀ ਦੇ ਕਤਲ ਦੇ ਦੋਸ਼ ਹੇਠ ਦੋ ਨਾਮਜ਼ਦ



**ਦਸੂਹਾ, (ਪੰਜਾਬ ਮੇਲ)-** ਇੱਥੋਂ ਨੇੜਲੇ ਪਿੰਡ ਪੱਸੀ ਬੇਟ ਵਿਚ ਇੱਕ ਐੱਨ.ਆਰ.ਆਈ. ਭਾਰਤੀ ਦਾ ਕਤਲ ਕਰ ਦਿੱਤਾ ਗਿਆ। ਮ੍ਰਿਤਕ ਦੀ ਪਛਾਣ ਬਲਵਿੰਦਰ ਸਿੰਘ (68) ਵਾਸੀ ਬਾਕਰਪੁਰ, ਜ਼ਿਲ੍ਹਾ ਕਪੂਰਥਲਾ ਵਜੋਂ ਹੋਈ ਹੈ। ਜਾਣਕਾਰੀ ਮੁਤਾਬਕ ਬਲਵਿੰਦਰ ਕਰੀਬ 10 ਦਿਨਾਂ ਤੋਂ ਲਾਪਤਾ ਸੀ। ਦਸੂਹਾ ਪੁਲਿਸ ਨੇ ਉਸ ਦੀ ਲਾਸ਼ ਪੱਸੀ ਬੇਟ ਦੇ ਜੰਗਲ ’ਚੋਂ ਬਰਾਮਦ ਕੀਤੀ ਹੈ। ਪੁਲਿਸ ਨੇ ਇਸ ਸਬੰਧੀ ਕੇਸ ਦਰਜ ਕਰ ਕੇ ਮੁਲਜ਼ਮਾਂ ਰਮੇਸ਼ ਕੁਮਾਰ ਤੇ ਨਰਿੰਦਰਪਾਲ ਵਾਸੀਅਨ ਪਿੰਡ ਪੱਸੀ ਬੇਟ ਨੂੰ ਨਾਮਜ਼ਦ ਕੀਤਾ ਹੈ। ਪੁਲਿਸ ਮੁਲਜ਼ਮਾਂ ਦੀ ਭਾਲ ਕਰ ਰਹੀ ਹੈ।

ਮ੍ਰਿਤਕ ਬਲਵਿੰਦਰ ਸਿੰਘ ਦੀ ਪਤਨੀ ਸੁਰਿੰਦਰ ਕੌਰ ਨੇ ਪੁਲਿਸ ਨੂੰ ਦੱਸਿਆ ਕਿ ਉਹ ਕੈਨੇਡਾ ਰਹਿੰਦੇ ਆਪਣੇ ਪੁੱਤਰ ਕੋਲ ਗਈ ਹੋਈ ਸੀ। ਉਸ ਦਾ ਪਤੀ ਬਲਵਿੰਦਰ ਸਿੰਘ ਸਪੇਨ ਦਾ ਨਾਗਰਿਕ ਹੈ। ਉਹ 20 ਜਨਵਰੀ ਨੂੰ ਆਪਣੇ ਪਿੰਡ ਬਾਕਰਪੁਰ ਆ ਗਿਆ ਸੀ ਤੇ 21 ਜਨਵਰੀ ਨੂੰ ਉਹ ਪਿੰਡ ਪੱਸੀ ਬੇਟ ਵਿਚ ਜ਼ਮੀਨ ਖ਼ਰੀਦਣ ਲਈ ਰਮੇਸ਼ ਕੁਮਾਰ ਤੇ ਨਰਿੰਦਰ ਪਾਲ ਨਿੰਦੀ ਨੂੰ ਮਿਲਿਆ ਸੀ। ਬਲਵਿੰਦਰ ਸਿੰਘ ਨੇ ਉਨ੍ਹਾਂ ਦੇ ਖਾਤੇ ਵਿਚ 2.80 ਲੱਖ ਰੁਪਏ ਜਮ੍ਹਾਂ ਕਰਵਾਏ ਸਨ ਤੇ ਕੁਝ ਸਮੇਂ ਬਾਅਦ ਉਸ ਦੇ ਪਤੀ ਦਾ ਫੋਨ ਬੰਦ ਹੋ ਗਿਆ। ਉਹ ਜਦੋਂ ਘਰ ਨਾ ਪੁੱਜਿਆ ਤਾਂ ਉਸ ਦੇ ਭਤੀਜੇ ਅਮਰਜੀਤ ਅਤੇ ਹੋਰ ਪਰਿਵਾਰਕ ਮੈਂਬਰਾਂ ਨੇ ਕਾਫ਼ੀ ਭਾਲ ਕੀਤੀ ਪਰ ਪੰਜ ਦਿਨਾਂ ਤੱਕ ਕੋਈ ਸੁਰਾਗ ਨਾ ਲੱਗਿਆ। ਇਸ ਮਗਰੋਂ ਥਾਣਾ ਭੁਲੱਥ ਵਿਚ ਸ਼ਿਕਾਇਤ ਕੀਤੀ ਗਈ। ਸ਼ਿਕਾਇਤਕਰਤਾ ਨੇ ਕਿਹਾ ਕਿ ਇਸ ਕਾਰਨ ਉਹ ਆਪਣੇ ਪੁੱਤਰ ਸਣੇ ਕੈਨੇਡਾ ਤੋਂ ਪਿੰਡ ਬਾਕਰਪੁਰ ਆ ਗਈ। ਸੁਰਿੰਦਰ ਕੌਰ ਨੇ ਰਮੇਸ਼ ਤੇ ਨਰਿੰਦਰਪਾਲ ’ਤੇ ਆਪਣੇ ਪਤੀ ਦੇ ਕਤਲ ਦਾ ਦੋਸ਼ ਲਾਇਆ ਹੈ।

**ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ ’ਤੇ ਕਲਿੱਕ ਕਰੋ :**
**www.punjabmailusa.com**


ਵਕਤ ਬਦਲ ਚੁੱਕਾ ਹੈ, ਵਕਤ ਦੇ ਨਾਲ ਬਦਲ ਚੁੱਕੇ ਨੇ Entertainment ਦੇ ਸਾਧਨ ਵੀ




e-Baba Entertainment App ਨੂੰ Download ਕਰੋ।

ਹੁਣ ਕਿਸੇ ਵੀ Company ਦੇ ਬਣੇ Android TV ’ਚ eBaba App ਡਾਊਨਲੋਡ ਕਰੋ ਜਾਂ ਸਮਾਰਟ TV ਦੀ HDMI Port ’ਚ Google TV Dongle ਲਾਵੋ ਤੇ eBaba ਡਾਊਨਲੋਡ ਕਰਕੇ ਰਿਮੋਟ ਦੀ ਵਰਤੋਂ ਰਾਹੀਂ, ਵੱਡੀ TV Screen ਉਤੇ ਬਹੁਤ ਸਾਰੇ English, Punjabi, Hindi ਅਤੇ Urdu ਦੇ TV Channel ਫ੍ਰੀ ’ਚ ਵੇਖੋ ਅਤੇ ਰੇਡੀਓ ’ਚ ਸੁਣੋ, also eBaba Entertainment App available for your ਸਮਾਰਟ phone on app store and Play store.




Cast Dongle ਦੀ ਮਦਦ ਨਾਲ ਆਪਣੀ ਪਸੰਦੀਦਾ TV Channel ਜਾਂ Movies ਆਪਣੇ TV ’ਤੇ ਵੀ ਦੇਖ ਸਕਦੇ ਹੋ ਅਤੇ Drive ਕਰਦੇ ਵੇਲੇ Bluetooth ਨਾਲ ਰੇਡਿਓ ਵੀ ਸੁਣ ਸਕਦੇ ਹੋ।




ਇਸ ਲਈ ਜਲਦੀ ਤੋਂ ਜਲਦੀ ਇਹ App Download ਕਰੋ ਅਤੇ ਆਪਣੇ ਦੋਸਤਾਂ ਨਾਲ ਵੀ ਇਹ ਜਾਣਕਾਰੀ Share ਕਰੋ।


# ਅਮਰੀਕਾ ਵੱਲੋਂ ਕੈਨੇਡੀਅਨ ਉਤਪਾਦਾਂ ’ਤੇ 25 ਫੀਸਦੀ ਟੈਰਿਫ ਲਗਾਉਣ ਤੋਂ ਬਾਅਦ ਕੈਨੇਡੀਅਨ ਸਰਕਾਰ ਦੀ ਜਵਾਬੀ ਕਾਰਵਾਈ

- ਸ਼ਰਾਬ ਸਣੇ ਕਈ ਹੋਰ ਅਮਰੀਕੀ ਉਤਪਾਦਾਂ ’ਤੇ ਲਗਾਇਆ ਟੈਰਿਫ

**ਓਟਾਵਾ, (ਪੰਜਾਬ ਮੇਲ)-** ਅਮਰੀਕਾ ਵੱਲੋਂ ਕੈਨੇਡੀਅਨ ਉਤਪਾਦਾਂ ’ਤੇ 25 ਫੀਸਦੀ ਟੈਰਿਫ ਲਗਾਉਣ ਤੋਂ ਇੱਕ ਦਿਨ ਬਾਅਦ, ਕੈਨੇਡੀਅਨ ਸਰਕਾਰ ਨੇ ਵੀ ਜਵਾਬੀ ਕਾਰਵਾਈ ਕੀਤੀ ਹੈ। ਕੈਨੇਡੀਅਨ ਵਿੱਤ ਮੰਤਰੀ ਡੋਮਿਨਿਕ ਲੇਬਲੈਂਕ ਨੇ ਐਤਵਾਰ ਨੂੰ ਉਨ੍ਹਾਂ ਅਮਰੀਕੀ ਉਤਪਾਦਾਂ ਦੀ ਸੂਚੀ ਜਾਰੀ ਕੀਤੀ, ਜਿਨ੍ਹਾਂ ’ਤੇ ਕੈਨੇਡੀਅਨ ਸਰਕਾਰ ਟੈਰਿਫ ਲਗਾਉਣ ਜਾ ਰਹੀ ਹੈ। ਕੈਨੇਡਾ, ਅਮਰੀਕਾ ਤੋਂ ਆਉਣ ਵਾਲੇ ਲਗਭਗ 30 ਬਿਲੀਅਨ ਡਾਲਰ ਦੇ ਉਤਪਾਦਾਂ ’ਤੇ ਟੈਰਿਫ ਲਗਾਏਗਾ। ਇਸ ਸੂਚੀ ਵਿਚ ਅਮਰੀਕਾ ਦੁਆਰਾ ਤਿਆਰ ਸ਼ਰਾਬ, ਘਰੇਲੂ ਉਪਕਰਣ, ਔਜ਼ਾਰ, ਹਥਿਆਰ, ਡੇਅਰੀ ਉਤਪਾਦ, ਫਲ, ਸਬਜ਼ੀਆਂ, ਕੱਪੜੇ ਅਤੇ ਹੋਰ ਬਹੁਤ ਕੁਝ ਸ਼ਾਮਲ ਹੈ।

ਇੱਥੇ ਦੱਸ ਦੇਈਏ ਕਿ ਇਹ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੁਆਰਾ ਕੈਨੇਡਾ ਅਤੇ ਮੈਕਸੀਕੋ ’ਤੇ 25 ਫੀਸਦੀ ਟੈਰਿਫ ਲਗਾਉਣ ਦੇ ਨਾਲ-ਨਾਲ ਚੀਨ ਤੋਂ ਆਉਣ ਵਾਲੇ ਸਮਾਨ ’ਤੇ 10 ਫੀਸਦੀ ਵਾਧੂ ਟੈਕਸ ਲਗਾਉਣ ਤੋਂ ਇੱਕ ਦਿਨ ਬਾਅਦ ਚੁੱਕਿਆ ਗਿਆ ਹੈ। ਕੈਨੇਡਾ ਦੇ ਪ੍ਰਧਾਨ ਮੰਤਰੀ ਅਹੁਦੇ ਦੀ ਉਮੀਦਵਾਰ ਕ੍ਰਿਸਟੀਆ ਫ੍ਰੀਲੈਂਡ ਨੇ ਅਮਰੀਕੀ ਉਤਪਾਦਾਂ ’ਤੇ ਟੈਰਿਫ ਲਗਾਉਣ ਦੇ ਸਰਕਾਰ ਦੇ ਫੈਸਲੇ ਦਾ ਬਚਾਅ ਕਰਦੇ ਹੋਏ ਕਿਹਾ ਕਿ “ਅਸੀਂ ਇਹ ਲੜਾਈ ਨਹੀਂ ਚਾਹੁੰਦੇ, ਪਰ ਅਸੀਂ ਇਸਨੂੰ ਹਾਰਨ ਵਾਲੇ ਵੀ ਨਹੀਂ ਹਾਂ।”

# ਟਰੰਪ ਦੇ ਨਵੇਂ ਫ਼ੈਸਲੇ ਨੇ ਸੰਘੀ ਕਰਮਚਾਰੀਆਂ ਦੀਆਂ ਵਧਾਈਆਂ ਮੁਸ਼ਕਲਾਂ

- ਟਰੰਪ ਪ੍ਰਸ਼ਾਸਨ ਨੇ 23 ਲੱਖ ਕਰਮਚਾਰੀਆਂ ਨੂੰ ਈਮੇਲ ਰਾਹੀਂ ਅਸਤੀਫਾ ਦੇਣ ਜਾਂ ਛਾਂਟੀ ਲਈ ਤਿਆਰ ਰਹਿਣ ਲਈ ਕਿਹਾ

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਨਵੇਂ ਫੈਸਲੇ ਨੇ ਸੰਘੀ ਕਰਮਚਾਰੀਆਂ ਦੀਆਂ ਮੁਸ਼ਕਲਾਂ ਵਧਾ ਦਿੱਤੀਆਂ ਹਨ। ਟਰੰਪ ਪ੍ਰਸ਼ਾਸਨ ਨੇ 23 ਲੱਖ ਸੰਘੀ ਕਰਮਚਾਰੀਆਂ ਨੂੰ ਈਮੇਲ ਜ਼ਰੀਏ ਸੂਚਿਤ ਕੀਤਾ ਹੈ ਕਿ ਅਸਤੀਫ਼ਾ ਦਿਓ ਜਾਂ ਫਿਰ ਛਾਂਟੀ ਲਈ ਤਿਆਰ ਰਹੋ। 23 ਲੱਖ ਕਾਮਿਆਂ ਨੂੰ ਭੇਜੀ ਗਈ ਇੱਕ ਈਮੇਲ ਅਨੁਸਾਰ ਸਵੈ-ਇੱਛਾ ਨਾਲ ਨੌਕਰੀ ਛੱਡਣ ਵਾਲਿਆਂ ਨੂੰ ਅੱਠ ਮਹੀਨਿਆਂ ਦੀ ਤਨਖਾਹ ਮਿਲੇਗੀ ਪਰ ਉਨ੍ਹਾਂ ਨੂੰ 6 ਫਰਵਰੀ ਤੱਕ ਅਜਿਹਾ ਕਰਨ ਦੀ ਚੋਣ ਕਰਨੀ ਪਵੇਗੀ। ਟਰੰਪ ਪ੍ਰਸ਼ਾਸਨ ਨੇ ਕਿਹਾ ਕਿ ਇਹ ਲਾਭ ਸਿਰਫ਼ ਉਨ੍ਹਾਂ ਕਰਮਚਾਰੀਆਂ ਨੂੰ ਹੀ ਮਿਲੇਗਾ, ਜੋ ਅਗਲੇ ਹਫ਼ਤੇ ਮਤਲਬ 6 ਫਰਵਰੀ ਤੱਕ ਆਪਣੀ ਨੌਕਰੀ ਛੱਡਣ ਦੀ ਚੋਣ ਕਰਦੇ ਹਨ।

ਟਰੰਪ ਪ੍ਰਸ਼ਾਸਨ ਨੇ ਐਲਾਨ ਕੀਤਾ ਹੈ ਕਿ ਉਹ ਨੌਕਰੀ ਛੱਡਣ ਦੀ ਪੇਸ਼ਕਸ਼ ਵਜੋਂ ਉਨ੍ਹਾਂ ਸਾਰੇ ਸੰਘੀ ਕਰਮਚਾਰੀਆਂ ਨੂੰ ਅੱਠ ਮਹੀਨਿਆਂ ਦੀ ਤਨਖਾਹ ਦਾ ਵਿਕਲਪ ਦੇ ਰਿਹਾ ਹੈ। ਇਸ ਨੂੰ ਅਮਰੀਕੀ ਸਰਕਾਰ ਦੇ ਆਕਾਰ ਨੂੰ ਘਟਾਉਣ ਲਈ ਇੱਕ ਬੇਮਿਸਾਲ ਕਦਮ ਮੰਨਿਆ ਜਾ ਰਿਹਾ ਹੈ। ਮਾਹਿਰਾਂ ਦਾ ਮੰਨਣਾ ਹੈ ਕਿ ਇਹ ਅਮਰੀਕਾ ਵਿਚ ਸੰਘੀ ਕਰਮਚਾਰੀਆਂ ਦੀ ਛਾਂਟੀ ਦੀ ਤਿਆਰੀ ਹੈ। ਅਮਰੀਕੀ ਸਰਕਾਰ ਦੀ ਮਨੁੱਖੀ ਸਰੋਤ ਏਜੰਸੀ ਨੇ ਵੀ ਭਵਿੱਖ ਵਿਚ ਛਾਂਟੀ ਦੀ ਚਿਤਾਵਨੀ ਦਿੱਤੀ ਹੈ। ਕਰਮਚਾਰੀਆਂ ਦੀ ਛਾਂਟੀ ਲਈ ਟਰੰਪ ਮਸਕ ਮਾਡਲ ਅਪਨਾ ਰਹੇ ਹਨ। ਅਸਲ ਵਿਚ ਮਸਕ ਨੇ ਟਵਿੱਟਰ ਖਰੀਦਣ ਮਗਰੋਂ ਛਾਂਟੀ ਲਈ ਕੁਝ ਅਜਿਹਾ ਹੀ ਮਾਡਲ ਅਪਣਾਇਆ ਸੀ। ਟਰੰਪ ਦੇ ਇਸ ਆਰਡਰ ਵਿਚ ਪੋਸਟਲ ਪਰਵਿਸ, ਇਮੀਗ੍ਰੇਸ਼ਨ ਅਤੇ ਫੌਜੀ ਸੈਕਟਰ ਸ਼ਾਮਲ ਨਹੀਂ ਹਨ। ਇਨ੍ਹਾਂ ਖੇਤਰਾਂ ਦੇ ਇਲਾਵਾ ਫ਼ੈਸਲੇ ਦਾ ਅਸਰ ਪਾਸਪੋਰਟ ਸੇਵਾ, ਯਾਤਰਾ, ਸੋਸ਼ਲ ਸਿਕਉਰਿਟੀ, ਬੀਮਾ, ਸਿੱਖਿਆ ਅਤੇ ਸਾਰੀਆਂ ਬੁਨਿਆਦੀ ਲੋੜਾਂ ’ਤੇ ਵਿਆਪਕ ਤੌਰ ’ਤੇ ਪਵੇਗਾ। ਅਮਰੀਕਨ ਫੈਡਰੇਸ਼ਨ ਆਫ ਗਵਰਮੈਂਟ ਐਂਪਲਾਈਜ਼ ਕਰਮਚਾਰੀ ਸੰਘ ਨੇ ਫ਼ੈਸਲੇ ਦੀ ਨਿੰਦਾ ਕੀਤੀ ਹੈ। ਸੰਘ ਨੇ ਕਿਹਾ ਕਿ ਜਿਹੜੇ ਕਰਮਚਾਰੀ ਟਰੰਪ ਪ੍ਰਸ਼ਾਸਨ ਪ੍ਰਤੀ ਵਫਾਦਾਰ ਨਹੀਂ ਹਨ, ਇਸ ਆਦੇਸ਼ ਜ਼ਰੀਏ ਉਨ੍ਹਾਂ ’ਤੇ ਨੌਕਰੀ ਛੱਡਣ ਦਾ ਦਬਾਅ ਬਣਾਇਆ ਜਾ ਰਿਹਾ ਹੈ।

# PUNJAB MAIL USA

TV Channel, Newspaper, Radio

All over America, Canada, Australia & Europe

## 24 Hours 7 Days



Gold # 2867, Gem # 375, TV Zon # 6888,
Glow TV # 1828, Tashan # 131, Real TV etc.

For any Information & Advertisement Call at

+1-916-320-9444

E-mail: punjabmailtv@gmail.com

Iphone/Andriod App : Punjab Mail USA

Web: punjabmailusa.com

Facebook Page : Punjab Mail USA

# ਵੱਡਾ ਘੱਲੂਘਾਰਾ

## 5 ਫ਼ਰਵਰੀ ’ਤੇ ਵਿਸ਼ੇਸ਼ ਲੇਖ

ਸੁਖਵਿੰਦਰ ਸਿੰਘ ਮੁੱਲਾਂਪੁਰ
ਵ. ਅੱਪ : +91-99141-84794
ਪੰਜਾਬ ਮੇਲ USA



ਸਿੱਖਾਂ ਦਾ ਇਤਿਹਾਸ ਸ਼ਹੀਦੀਆਂ ਨਾਲ ਭਰਿਆ ਪਿਆ ਹੈ। ਜਦ ਮੁਗਲਾਂ ਨੇ ਗੁਰੂ ਸਾਹਿਬ ਜੀ ਦੇ ਦੋ ਛੋਟੇ ਸਾਹਿਬਜ਼ਾਦੇ ਨੀਹਾਂ ਵਿਚ ਚਿਣ ਕੇ ਸ਼ਹੀਦ ਕੀਤੇ ਫਿਰ ਉਨ੍ਹਾਂ ਦਾ ਬਦਲਾ ਲੈਣ ਲਈ ਬਾਬਾ ਬੰਦਾ ਸਿੰਘ ਬਹਾਦਰ ਨੂੰ ਨਦੇੜ ਤੋਂ ਪੰਜਾਬ ਵੱਲ ਭੇਜਿਆ ਆ ਕੇ ਬੰਦਾ ਸਿੰਘ ਬਹਾਦਰ ਨੇ ਸਰਹੰਦ ਦੀ ਇੱਟ ਨਾਲ ਇੱਟ ਖੜਕਾ ਦਿੱਤੀ। ਸਾਹਿਬਜ਼ਾਦਿਆਂ ਦੇ ਕਾਤਲਾਂ ਨੂੰ ਤਸੀਹੇ ਦੇ ਕੇ ਮਾਰਿਆ ਗੁਰੂ ਸਾਹਿਬ ਜੀ ਦੇ ਲਾਲਾਂ ਦਾ ਬਦਲਾ ਲੈਣ ਤੋਂ ਬਾਅਦ ਫਿਰ ਬੰਦਾ ਸਿੰਘ ਬਹਾਦਰ ਨੇ ਆਪਣਾ ਸਿੱਖ ਰਾਜ ਸਥਾਪਤ ਕਰ ਲਿਆ। 1716 ਵਿਚ ਬੰਦਾ ਸਿੰਘ ਬਹਾਦਰ ਨੂੰ ਬਹੁਤ ਸਾਰੇ ਸਿੰਘਾਂ ਸਮੇਤ ਦਿੱਲੀ ਵਿਚ ਸ਼ਹੀਦ ਕਰ ਦਿੱਤਾ।

18ਵੀਂ ਸਦੀ ਵਿਚ ਸਿੱਖਾਂ ਉਪਰ ਵਾਪਰੇ ਦੋ ਘੱਲੂਘਾਰਿਆਂ ਦਾ ਇਤਿਹਾਸ ਵੱਖਰਾ ਹੀ ਹੈ, ਇਹ ਦੋਵੇਂ ਘੱਲੂਘਾਰੇ ਛੋਟੇ ਅਤੇ ਵੱਡੇ ਘੱਲੂਘਾਰੇ ਦੇ ਨਾਮ ਨਾਲ ਜਾਣੇ ਜਾਂਦੇ ਹਨ। ਛੋਟਾ ਘੱਲੂਘਾਰਾ 17 ਮਈ 1746 ਨੂੰ ਜ਼ਿਲ੍ਹਾ ਗੁਰਦਾਸਪੁਰ ਦੇ ਕਾਹਨੂੰਵਾਨ ਛੰਭ ’ਚੋਂ ਵਾਪਰਿਆ। ਇਹ ਜਗ੍ਹਾ ਗੁਰਦਾਸਪੁਰ ਤੋਂ ਮੁਕੇਰੀਆਂ ਜਾਂਦੀ ਸੜਕ ’ਤੇ 8 ਕਿਲੋਮੀਟਰ ਦੀ ਦੂਰੀ ’ਤੇ ਸਥਿਤ ਹੈ। ਇਸ ਘੱਲੂਘਾਰੇ ਵਿਚ ਦਸ ਹਜ਼ਾਰ ਸਿੰਘ, ਬੀਬੀਆਂ ਅਤੇ ਬੱਚੇ ਸ਼ਹੀਦ ਹੋਏ।

ਵੱਡਾ ਘੱਲੂਘਾਰਾ ਇਸ ਛੋਟੇ ਘੱਲੂਘਾਰੇ ਤੋਂ 16 ਸਾਲ ਬਾਅਦ 5 ਫ਼ਰਵਰੀ 1762 ਨੂੰ ਰੋਹੀੜੇ (ਨੇੜੇ ਕੁੱਪ) ਜ਼ਿਲ੍ਹਾ ਸੰਗਰੂਰ ਦੀ ਧਰਤੀ ’ਤੇ ਵਾਪਰਿਆ।

ਮੁਗਲਾਂ ਦਾ ਰਾਜ ਲਗਭਗ ਖ਼ਤਮ ਹੋ ਚੱਲਿਆ ਸੀ। ਮਰਹੱਟੇ ਤਾਕਤ ਫੜ੍ਹਦੇ ਜਾ ਰਹੇ ਸਨ। ਉਨ੍ਹਾਂ ਦੀ ਤਾਕਤ ਘੱਟ ਕਰਨ ਲਈ ਅਬਦਾਲੀ ਨੇ ਮਰਹੱਟਿਆਂ ’ਤੇ ਹੱਲਾ ਬੋਲ ਦਿੱਤਾ। ਏਸ਼ੀਆ ਦੇ ਵੱਡੇ ਸੈਨਾਪਤੀਆਂ ਵਿਚ ਗਿਣੇ ਜਾਣ ਵਾਲੇ ਅਬਦਾਲੀ ਨੇ ਹਿੰਦੁਸਤਾਨ ਉਪਰ ਅੱਠ ਹਮਲੇ ਕੀਤੇ। ਆਪਣੇ ਪੰਜਵੇਂ ਹਮਲੇ ਸਮੇਂ ਪਾਣੀਪਤ ਦੇ ਮੈਦਾਨ ਵਿਚ ਮਰਹੱਟਿਆਂ ਨਾਲ ਯੁੱਧ ਕਰਨ ਸਮੇਂ ਉਨ੍ਹਾਂ ਦਾ ਚੰਗੀ ਤਰ੍ਹਾਂ ਲੱਕ ਤੋੜ ਦਿੱਤਾ। ਅਬਦਾਲੀ ਮਰਹੱਟਿਆਂ ਨੂੰ ਲੁੱਟ ਕੇ ਇਕ ਮਹਾਨ ਜੇਤੂ ਦੇ ਰੂਪ ਵਿਚ ਕਾਬਲ ਜਾ ਰਿਹਾ ਸੀ। ਪੰਜਾਬ ਵਿਚ ਦੀ ਲੰਘਦਿਆਂ ਖ਼ਾਲਸੇ ਨੇ ਉਸ ਨੂੰ ਆਪਣੀ ਹੋਂਦ ਦਾ ਅਹਿਸਾਸ ਕਰਵਾਉਣ ਦਾ ਫੈਸਲਾ ਕੀਤਾ। ਸਰਦਾਰ ਚੜ੍ਹਤ ਸਿੰਘ ਸੁਕਰਚੱਕੀਆ ਆਪਣੇ ਯੋਧਿਆਂ ਨਾਲ ਅਬਦਾਲੀ ਦੇ ਪਿੱਛੇ ਲੱਗ ਗਿਆ। ਜੋ ਅਬਦਾਲੀ ਮਾਲ ਮਰਹੱਟਿਆਂ ਤੋਂ ਲੁੱਟ ਕੇ ਲਿਜਾ ਰਿਹਾ ਸੀ, ਉਹ ਸਾਰਾ ਮਾਲ ਹੱਲਾ ਬੋਲਕੇ ਆਪਣੇ ਕਬਜ਼ੇ ਵਿਚ ਕਰ ਲਿਆ। ਇਹ ਵੇਖ ਕੇ ਅਬਦਾਲੀ ਦੇ ਗੁੱਸੇ ਦੀ ਕੋਈ ਹੱਦ ਨਾ ਰਹੀ।

ਅਬਦਾਲੀ ਨੂੰ ਤਿੰਨੇ ਚੁਗਲਾਂ ਮਹੰਤ ਆਕਲ ਦਾਸ ਹੰਡਾਲੀਆ ਜੰਡਿਆਲੇ ਵਾਲਾ, ਚੁਗਲਾ ਰਾਮ ਰੰਧਾਵਾ, ਰਾਜਾ ਘੁਮੰਡ ਅਤੇ ਹੋਰ ਨਵਾਬਾਂ ਚੌਧਰੀਆਂ ਨੇ ਸਿੰਘਾਂ ਬਾਰੇ ਉਕਸਾ ਕੇ ਸਿੰਘਾਂ ’ਤੇ ਛੇਵਾਂ ਹਮਲਾ ਕਰਕੇ ਖੋਜ ਖੁਰਾ ਮਿਟਾਉਣ ਲਈ ਕਿਹਾ।

ਜਦੋਂ ਸਿੰਘਾਂ ਨੂੰ ਅਬਦਾਲੀ ਦੇ ਛੇਵੇਂ ਹਮਲੇ ਦੀ ਸੂਹ ਮਿਲੀ ਕਿ ਅਬਦਾਲੀ ਬੜੀ ਤੇਜ਼ੀ ਨਾਲ ਮਾਲਵੇ ਦੇ ਇਲਾਕੇ ਵੱਲ ਸਿੰਘਾਂ ’ਤੇ ਹਲਾ ਬੋਲ ਕੇ ਉਨ੍ਹਾਂ ਦਾ ਖੋਜ ਖੁਰਾ ਮਿਟਾਉਣ ਆ ਰਿਹਾ ਹੈ। ਖ਼ਾਲਸੇ ਨੇ ਬੜੀ ਦੂਰ-ਅੰਦੇਸ਼ੀ ਵਾਲਾ ਫ਼ੈਸਲਾ ਕੀਤਾ ਕਿ ਸਭ ਤੋਂ ਪਹਿਲਾਂ ਟੱਬਰਾਂ ਅਤੇ ਬੱਚਿਆਂ ਦੀ ਰੱਖਿਆ ਕੀਤੀ ਜਾਵੇ, ਜੇਕਰ ਪਰਿਵਾਰ ਬੱਚ ਰਹੇ, ਤਾਂ ਸਿੱਖ ਕੌਮ ਬਚ ਰਹੇਗੀ। ਜੇਕਰ ਸਿੱਖ ਕੌਮ ਬਚ ਰਹੀ, ਤਾਂ ਸਿੱਖ ਧਰਮ ਬਚ ਰਹੇਗਾ। ਰੋਹੀੜੇ (ਕੁੱਪ) ਦੀ ਥੇਹ ਨੇੜੇ ਪੰਜਾਹ ਪੰਚਵੰਜਾ ਹਜ਼ਾਰ ਦੀ ਗਿਣਤੀ ਵਿਚ ਸਿੱਖ ਇਕੱਠੇ ਹੋ ਗਏ। ਇਸ ਗਿਣਤੀ ਵਿਚ ਬੱਚੇ, ਬੁੱਢੇ, ਔਰਤਾਂ ਵੀ ਸ਼ਾਮਲ ਸਨ। ਇਨ੍ਹਾਂ ਪਰਿਵਾਰਾਂ ਨੂੰ ਬਰਨਾਲੇ ਵਿਖੇ ਜਿੱਥੇ ਬਾਬਾ ਆਲਾ ਸਿੰਘ ਜੀ ਦਾ ਰਾਜ ਸੀ ਸੁਰੱਖਿਅਤ ਥਾਂ ਵੱਲ ਲਿਜਾਇਆ ਜਾ ਰਿਹਾ ਸੀ। ਸਿੱਖ ਸਰਦਾਰਾਂ ਨੂੰ ਉਮੀਦ ਸੀ ਕਿ ਅਬਦਾਲੀ ਨੂੰ ਸਿੱਖਾਂ ਤੱਕ ਪੁੱਜਣ ਲਈ ਕਈ ਦਿਨ ਲੱਗ ਜਾਣਗੇ। ਅਬਦਾਲੀ 3 ਫ਼ਰਵਰੀ, 1762 ਨੂੰ ਲਾਹੌਰ ਪਹੁੰਚ ਗਿਆ। ਸਿੱਖਾਂ ਨੂੰ ਉਮੀਦ ਸੀ ਹਜੇ ਲਾਹੌਰ ਆਰਾਮ ਕਰਕੇ ਫਿਰ ਇੱਧਰ ਆਵੇਗਾ ਪਰ ਅਬਦਾਲੀ ਮਾਰੋ-ਮਾਰ ਕਰਦਾ ਪੰਜਾਹ ਹਜ਼ਾਰ ਫ਼ੌਜ ਅਤੇ ਵੀਹ-ਪੰਚੀ ਹਜ਼ਾਰ ਮੁਸਲਿਮ ਮੁਲਖਈਆਂ ਸਮੇਤ 5 ਫ਼ਰਵਰੀ ਨੂੰ ਰੋਹੀੜੇ ਆ ਸਿੱਖਾਂ ਨੂੰ ਘੇਰ ਲਿਆ। ਇਧਰੋਂ ਨਵਾਬ ਜੈਨ ਖਾਂ ਸਰਹਿੰਦ ਤੇ ਨਵਾਬ ਮਲੇਰਕੋਟਲਾ ਆਪਣੀ ਸੈਨਾ ਲੈ ਕੇ ਆ ਗਏ।

ਭਾਵੇਂ ਪੰਜਾਬ ਉੱਤੇ ਅਬਦਾਲੀ ਵਲੋਂ ਥਾਪੇ ਗਏ ਸੂਬੇਦਾਰਾਂ ਦਾ ਰਾਜ ਸੀ ਪਰ ਪੰਜਾਬ ਬਾਰ੍ਹਾਂ ਮਿਸਲਾਂ ਦੇ ਰੂਪ ਵਿਚ ਸਿੱਖਾਂ ਦੇ ਕਬਜ਼ੇ ਵਿਚ ਆ ਚੁਕਾ ਸੀ। ਦਲ ਖਾਲਸਾ ਜੱਸਾ ਸਿੰਘ ਅਹਲੂਵਾਲੀਏ ਦੀ ਅਗਵਾਈ ਵਿਚ ਮਜ਼ਬੂਤ ਦਲ ਬਣ ਚੁੱਕਾ ਸੀ। ਇਸ ਜੰਗ ਦੀ ਕਮਾਨ ਜੱਸਾ ਸਿੰਘ ਆਹਲੂਵਾਲੀਏ ਨੇ ਸੰਭਾਲ ਲਈ। ਉਨ੍ਹਾਂ ਦਾ ਸਾਥ ਸਰਦਾਰ ਸ਼ਾਮ ਸਿੰਘ ਕਰੋੜ ਸਿੰਘੀਆ ਤੇ ਸਰਦਾਰ ਚੜ੍ਹਤ ਸਿੰਘ ਸ਼ੁਕਚੱਕੀਆ ਵਰਗੇ ਜਰਨੈਲ ਦੇ ਰਹੇ ਸਨ। ਘਮਸਾਨ ਦਾ ਜੰਗ ਜਾਰੀ ਹੋ ਚੁੱਕਾ ਸੀ। ਇਸ ਵਿਚ ਲੜਨ ਵਾਲੇ ਸਿੰਘਾਂ ਦੀ ਗਿਣਤੀ ਘੱਟ ਸੀ। ਛੋਟੇ ਬੱਚੇ ਬੁੱਢਿਆਂ ਦੀ ਗਿਣਤੀ ਜ਼ਿਆਦਾ ਸੀ।

ਸਿੰਘਾਂ ਨੂੰ ਆਪਣੀ ਮੌਤ ਨਾਲੋਂ ਜ਼ਿਆਦਾ ਚਿੰਤਾ ਵਹੀਰ ਨੂੰ ਬਚਾਉਣ ਦੀ ਸੀ। ਸਾਰੇ ਸਿੰਘ ਵਹੀਰ ਦੇ ਆਲੇ-ਦੁਆਲੇ ਘੇਰਾ ਬੰਨ੍ਹ ਕੇ ਦੁਸ਼ਮਣਾਂ ਨਾਲ ਲੜ ਰਹੇ ਸਨ। ਜੱਸਾ ਸਿੰਘ ਅਹਲੂਵਾਲੀਆ ਵਹੀਰ ਨੂੰ ਕਹਿ ਰਹੇ ਸਨ, ਲੜ-ਲੜ ਕੇ ਤੁਰਦੇ ਜਾਓ।

ਅਬਦਾਲੀ ਅਤੇ ਉਸ ਦੇ ਜਰਨੈਲਾਂ ਵਲੀ ਖ਼ਾਨ, ਭੀਖਨ ਖ਼ਾਨ ਅਤੇ ਜੈਨ ਖ਼ਾਨ ਨੇ ਇਕਦਮ ਇਕੱਠਾ ਹਮਲਾ ਕਰਨ ਦੀ ਸਕੀਮ ਬਣਾਈ। ਇਸ ਹਮਲੇ ਨਾਲ ਸਿੰਘਾਂ ਦੇ ਪੈਰ ਉੱਖੜ ਗਏ। ਵਹੀਰ ਦੁਵਾਲੇ ਸਿੰਘਾਂ ਦਾ ਘੇਰਾ ਟੁੱਟ ਗਿਆ। ਵਹੀਰ ਦਾ ਬਹੁਤ ਨੁਕਸਾਨ ਹੋਇਆ। ਵੈਰੀਆਂ ਨੇ ਬਹੁਤ ਗਿਣਤੀ ’ਚ ਸਿੱਖ ਟੱਬਰ ਸ਼ਹੀਦ ਕਰ ਦਿੱਤੇ ਪਰ ਥੋੜੇ ਸਮੇਂ ਬਾਅਦ ਸਿੰਘ ਫਿਰ ਵਹੀਰ ਦੁਆਲੇ ਘੇਰਾ ਬਨਾਉਣ ਵਿਚ ਸਫ਼ਲ ਹੋ ਗਏ।

ਸਿੰਘ ਤੁਰਦੇ-ਤੁਰਦੇ ਕੁਤਬੇ ਬਾਮਣੀ ਤੋਂ ਅੱਗੇ ਹਠੂਰ ਦੀ ਢਾਬ ਉੱਤੇ ਪਹੁੰਚ ਗਏ। ਕੁਤਬੇ ਦੀ ਢਾਬ ’ਤੇ ਪਹੁੰਚ ਕੇ ਢਾਬ ਦੇ ਇਕ ਪਾਸੇ ਮੁਗਲ ਸੈਨਾਂ ਅਤੇ ਦੂਸਰੇ ਪਾਸੇ ਸਿੰਘ ਫ਼ੌਜਾਂ ਨੇ ਪਾਣੀ ਪੀਤਾ। ਲੜ੍ਹਾਈ ਲੜਦੀ ਹੋਈ ਕੁਝ ਫ਼ੌਜ ਬਰਨਾਲੇ ਵੱਲ ਨੂੰ ਅਤੇ ਕੁਝ ਫ਼ੌਜ ਹਠੂਰ ਹੁੰਦੀ ਹੋਈ ਹਨੇਰੇ ਦਾ ਫਾਇਦਾ ਲੈ ਕੇ ਦੂਰ-ਦੂਰ ਪਿੰਡਾਂ ਵਿਚ ਖਿਲਰ ਗਈ।

ਇਸ ਜੰਗ ਵਿਚ ਜੱਸਾ ਸਿੰਘ ਆਹਲੂਵਾਲੀਏ ਦੇ ਸਰੀਰ ਉਪਰ 32 ਅਤੇ ਸ਼ਾਮ ਸਿੰਘ ਦੇ ਸਰੀਰ ਉਪਰ 16 ਫੱਟ ਲੱਗੇ ਸਨ। ਕੋਈ ਸਿੰਘ ਅਜਿਹਾ ਨਹੀਂ ਸੀ, ਜਿਸ ਦੇ ਸਰੀਰ ਉਪਰ ਜ਼ਖ਼ਮ ਦਾ ਨਿਸ਼ਾਨ ਨਾ ਹੋਵੇ। ਇਹ ਲੜਾਈ ਰੋਹੀੜੇ ਦੇ ਮੈਦਾਨ ਤੋਂ ਲੈ ਕੇ ਗਹਿਲਾਂ ਤੱਕ ਲਗਭਗ ਵੀਹ ਮੀਲ ਦੇ ਏਰੀਏ ਵਿਚ ਲੜੀ ਗਈ। ਇਸ ਘੱਲੂਘਾਰੇ ਵਿਚ ਲਗਭਗ ਪੈਂਤੀ ਹਜ਼ਾਰ ਸਿੰਘ ਸ਼ਹੀਦ ਹੋਣ ਕਰਕੇ ਇਕ ਦਿਨ ਵਿਚ ਅੱਧੀ ਕੌਮ ਸ਼ਹੀਦ ਹੋ ਚੁੱਕੀ ਸੀ ਪਰ ਫਿਰ ਵੀ ਸਰਬੱਤ ਦਾ ਭਲਾ ਚਾਹੁੰਣ ਵਾਲੀ ਕੌਮ ਨੇ ਸ਼ਾਮ ਨੂੰ ਨਿਤਨੇਮ ਵਾਲੀ ਜੋ ਅਰਦਾਸ ਕੀਤੀ, ਉਸ ਵਿਚ ਕਿਹਾ, ‘ਚਾਰ ਪਹਿਰ ਦਿਨ ਸੁਖ ਸ਼ਾਂਤੀ ਦਾ ਬਤੀਤ ਹੋਇਆ, ਚਾਰ ਪਹਿਰ ਰਾਤ ਆਈ ਏ ਸੁਖ ਦੀ ਬਤੀਤ ਹੋਵੇ’।

15 ਫਰਵਰੀ, 1762 ਨੂੰ ਅਬਦਾਲੀ ਜਦ ਸਰਹੰਦ ਤੋਂ ਲਾਹੌਰ ਵੱਲ ਮੁੜਿਆ, ਰਸਤੇ ਵਿਚ ਉਸ ਨੇ ਸ੍ਰੀ ਅੰਮ੍ਰਿਤਸਰ ਨੂੰ ਘੇਰਾ ਪਾ ਲਿਆ। ਸ੍ਰੀ ਅੰਮ੍ਰਿਤਸਰ ਸਾਹਿਬ ਦੇ ਸਾਰੇ ਗੁਰਧਾਮ ਢਹਿ ਢੇਰੀ ਕਰ ਦਿੱਤੇ। ਹਰਿਮੰਦਰ ਸਾਹਿਬ ਨੂੰ ਬਰੂਦ ਦੇ ਕੁੱਪੇ ਰੱਖ ਕੇ ਉੱਡਾ ਦਿੱਤਾ। ਦਰਬਾਰ ਸਾਹਿਬ ਦੇ ਸਰੋਵਰ ਨੂੰ ਇਟਾਂ ਵੱਟੇ ਅਤੇ ਆਲੇ-ਦਆਲੇ ਦੇ ਘਰ ਢਾਅ ਕੇ ਪੂਰ ਦਿੱਤਾ। ਸ੍ਰੀ ਅਕਾਲ ਤਖ਼ਤ ਸਾਹਿਬ ਵੀ ਢਹਿ-ਢੇਰੀ ਕਰ ਦਿੱਤਾ। ਜੋ ਚੁਗਲੀ ਕਰਕੇ ਸਿੰਘ ਸਿੰਘਣੀਆਂ ਅਤੇ ਬੱਚੇ ਅਬਦਾਲੀ ਨੂੰ ਫੜ੍ਹਾ ਦਿੱਤੇ ਗਏ, ਉਨ੍ਹਾਂ ਨੂੰ ਗੁਰੂ ਕੇ ਬਾਗ਼ ਦੀ ਖੁੱਲੀ ਜਗ੍ਹਾ ਵਿਚ ਕਤਲ ਕਰ ਦਿੱਤਾ ਗਿਆ।

ਸ੍ਰੀ ਹਰਿਮੰਦਰ ਸਾਹਿਬ ਦੀ ਹੋਈ ਬੇਅਦਬੀ ਨੇ ਘੱਲੂਘਾਰੇ ਦੇ ਜ਼ਖ਼ਮਾਂ ਨੂੰ ਹੋਰ ਤਾਜ਼ਾ ਕਰ ਦਿੱਤਾ। ਜੱਸਾ ਸਿੰਘ ਅਹਲੂਵਾਲੀਏ ਅਤੇ ਚੜ੍ਹਤ ਸਿੰਘ ਆਦਿ ਸਰਦਾਰਾ ਨੇ ਘੱਲੂਘਾਰੇ ਤੋਂ ਤਿੰਨ ਕੁ ਮਹੀਨੇ ਬਾਅਦ ਹੀ ਪੰਦਰਾਂ ਕੁ ਹਜ਼ਾਰ ਸਿੰਘਾਂ ਦੁਆਰਾ ਸਰਹੰਦ ’ਤੇ ਹਮਲਾ ਕਰਕੇ ਜੈਨ ਖ਼ਾਂ ਨੂੰ ਹਰਾ ਕੇ ਘੱਲੂਘਾਰੇ ਦਾ ਬਦਲਾ ਲਿਆ।

ਸਿੰਘ 17 ਅਕਤੂਬਰ 1762 ਨੂੰ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਦਿਵਾਲੀ ਮਨਾਉਣ ਦਾ ਮਤਾ ਪਾਸ ਕਰਕੇ ਪਹੁੰਚ ਗਏ। ਉੱਥੇ ਚਾਲੀ ਕੁ ਹਜ਼ਾਰ ਸਿੰਘ ਸਿੰਘਣੀਆਂ ਦਾ ਇਕੱਠ ਹੋ ਗਿਆ। ਉਨ੍ਹਾਂ ਗੁਰੂ ਮਹਾਰਾਜ ਅੱਗੇ ਅਰਦਾਸ ਕਰਕੇ ਢਹਿ-ਢੇਰੀ ਹੋਏ ਦਰਬਾਰ ਸਾਹਿਬ ਅਤੇ ਸਰੋਵਰ ਵਿਚੋ ਇੱਟਾਂ ਵੱਟੇ ਕੱਢਣ ਦੀ ਸੇਵਾ ਸ਼ੁਰੂ ਕਰ ਦਿੱਤੀ। ਅਬਦਾਲੀ ਨੂੰ ਪਤਾ ਲੱਗਣ ’ਤੇ ਆਪਣੀਆਂ ਫ਼ੌਜਾਂ ਲੈ ਕੇ ਪੁਤਲੀ ਘਰ ਅੰਮ੍ਰਿਤਸਰ ਨੇੜੇ ਪਹੁੰਚ ਗਿਆ। ਇਧਰੋਂ ਸਿੰਘ ਵੀ ਘੱਲੂਘਾਰੇ ਵਿਚ ਹੋਏ ਨੁਕਸਾਨ ਅਤੇ ਗੁਰੂ ਘਰ ਦੀ ਬੇਅਦਬੀ ਕਰਕੇ ਗੁੱਸੇ ਨਾਲ ਭਰੇ ਬੈਠੇ ਸਨ। ਸਿੰਘਾਂ ਦਾ ਅਬਦਾਲੀ ਦੀਆਂ ਫ਼ੌਜਾਂ ਨਾਲ ਯੁੱਧ ਲੱਗ ਗਿਆ। ਅਬਦਾਲੀ ਦੀ ਫ਼ੌਜ ਮਾਰੀ ਗਈ। ਆਪ ਫ਼ੌਜ ਮਰਵਾ ਕੇ ਲਾਹੌਰ ਜਾ ਵੜਿਆ। ਸਿੰਘਾਂ ਨੇ ਸਾਲ ਵਿਚ ਹੀ ਘੱਲੂਘਾਰੇ ਅਤੇ ਗੁਰੂ ਘਰ ਦੀ ਹੋਈ ਬੇਅਦਬੀ ਦਾ ਬਦਲਾ ਲੈ ਲਿਆ। ਜਿਸ ਟਾਇਮ ਅਬਦਾਲੀ ਨੇ ਸ੍ਰੀ ਹਰਿਮੰਦਰ ਸਾਹਿਬ ਬਰੂਦ ਨਾਲ ਉਡਾਇਆ, ਤਾਂ ਉਸ ਦੇ ਪਰਿਕਰਮਾਂ ਵਿਚ ਖੜ੍ਹੇ ਦੇ ਇਕ ਇਟ ਨੱਕ ’ਤੇ ਆ ਵੱਜੀ, ਉਸ ਜ਼ਖ਼ਮ ਨੂੰ ਮੁੜ ਆਰਾਮ ਨਾ ਆਇਆ ਅਤੇ ਕੈਂਸਰ ਦਾ ਰੋਗ ਬਣ ਕੇ ਉਸ ਦੀ ਮੌਤ ਹੋ ਗਈ। ਇਹ ਅਸਥਾਨ ਮਲੇਰਕੋਟਲਾ ਤੋਂ ਲੁਧਿਆਣਾ ਜਾਣ ਵਾਲੀ ਸੜਕ ’ਤੇ ਮਲੇਰਕੋਟਲਾ ਤੋਂ 15 ਕੁ ਕਿਲੋਮੀਟਰ ’ਤੇ ਸਥਿਤ ਹੈ। ਇੱਥੇ ਹਰ ਸਾਲ ਸ਼ਹੀਦਾਂ ਦੀ ਯਾਦ ਵਿਚ 3, 4, 5 ਫ਼ਰਵਰੀ ਨੂੰ ਜੋੜ ਮੇਲ ਬੜੀ ਸ਼ਰਧਾ ਨਾਲ ਮਨਾਇਆ ਜਾਂਦਾ ਹੈ।

ਜਦੋਂ ਸਿੰਘਾਂ ਨੂੰ ਅਬਦਾਲੀ ਦੇ ਛੇਵੇਂ ਹਮਲੇ ਦੀ ਸੂਹ ਮਿਲੀ ਕਿ ਅਬਦਾਲੀ ਬੜੀ ਤੇਜ਼ੀ ਨਾਲ ਮਾਲਵੇ ਦੇ ਇਲਾਕੇ ਵੱਲ ਸਿੰਘਾਂ ’ਤੇ ਹਲਾ ਬੋਲ ਕੇ ਉਨ੍ਹਾਂ ਦਾ ਖੋਜ ਖੁਰਾ ਮਿਟਾਉਣ ਆ ਰਿਹਾ ਹੈ। ਖ਼ਾਲਸੇ ਨੇ ਬੜੀ ਦੂਰ-ਅੰਦੇਸ਼ੀ ਵਾਲਾ ਫ਼ੈਸਲਾ ਕੀਤਾ ਕਿ ਸਭ ਤੋਂ ਪਹਿਲਾਂ ਟੱਬਰਾਂ ਅਤੇ ਬੱਚਿਆਂ ਦੀ ਰੱਖਿਆ ਕੀਤੀ ਜਾਵੇ, ਜੇਕਰ ਪਰਿਵਾਰ ਬੱਚ ਰਹੇ, ਤਾਂ ਸਿੱਖ ਕੌਮ ਬਚ ਰਹੇਗੀ। ਜੇਕਰ ਸਿੱਖ ਕੌਮ ਬਚ ਰਹੀ, ਤਾਂ ਸਿੱਖ ਧਰਮ ਬਚ ਰਹੇਗਾ। ਰੋਹੀੜੇ (ਕੁੱਪ) ਦੀ ਥੇਹ ਨੇੜੇ ਪੰਜਾਹ ਪੰਚਵੰਜਾ ਹਜ਼ਾਰ ਦੀ ਗਿਣਤੀ ਵਿਚ ਸਿੱਖ ਇਕੱਠੇ ਹੋ ਗਏ। ਇਸ ਗਿਣਤੀ ਵਿਚ ਬੱਚੇ, ਬੁੱਢੇ, ਔਰਤਾਂ ਵੀ ਸ਼ਾਮਲ ਸਨ।

## ਮੌਤ ਦਿਨ 'ਤੇ ਵਿਸ਼ੇਸ਼ ਲੇਖ

# ਪੰਜਾਬ ਨੂੰ ਮੁੜ ਨਹੀਂ ਲੱਭਿਆ ਅਜਿਹਾ ਮੁੱਖ ਮੰਤਰੀ.. ਸ. ਪਰਤਾਪ ਸਿੰਘ ਕੈਰੋਂ

ਸੁਖਵਿੰਦਰ ਸਿੰਘ ਮੁੱਲਾਂਪੁਰ
ਵ. ਅੱਪ : +91-99141-84794
ਪੰਜਾਬ ਮੇਲUSA



ਦੇਸ਼ ਨੂੰ ਮਿਲੀ ਆਜ਼ਾਦੀ ਤੋਂ ਬਾਅਦ ਅਣਵੰਡੇ ਪੰਜਾਬ ਜਿਸ ਦਾ ਇਲਾਕਾ ਹੁਣ ਵਾਲਾ ਸਾਰਾ ਪੰਜਾਬ, ਹਰਿਆਣਾ ਅਤੇ ਹਿਮਾਚਲ ਪ੍ਰਦੇਸ਼ ਦਾ ਕੁਝ ਇਲਾਕਾ ਸੀ। ਇਸ ਦੀ ਤਰੱਕੀ ਲਈ ਜੱਦੋ-ਜਹਿਦ ਕਰਕੇ ਵਿਕਾਸ ਕਰਵਾਉਣ ਵਾਲਾ ਇੱਕੋ ਇਕ ਮੁੱਖ ਮੰਤਰੀ ਸੀ ਸ. ਪਰਤਾਪ ਸਿੰਘ ਕੈਰੋਂ!


ਸ. ਪਰਤਾਪ ਸਿੰਘ ਕੈਰੋਂ ਦਾ ਜਨਮ 1 ਅਕਤੂਬਰ, 1901 ਨੂੰ ਸ ਨਿਹਾਲ ਸਿੰਘ ਦੇ ਘਰ ਪਿੰਡ ਕੈਰੋਂ ਜ਼ਿਲ੍ਹਾ ਅੰਮ੍ਰਿਤਸਰ ਵਿਖੇ ਹੋਇਆ। ਆਪ ਦੇ ਪਿਤਾ ਨਿਹਾਲ ਸਿੰਘ ਸਿੰਘ ਸਭਾ ਲਹਿਰ ਦੇ ਮੋਢੀਆਂ ਵਿਚੋਂ ਸਨ।

ਇਸ ਨੇ ਮੁੱਢਲੀ ਵਿਦਿਆ ਕੋਲੋਨਲ ਬ੍ਰਾਊਨ ਕੈਂਬ੍ਰਿਜ ਸਕੂਲ ਦੇਹਰਾਦਨ ਤੋਂ ਪਾਸ ਕੀਤੀ। ਫਿਰ ਖ਼ਾਲਸਾ ਕਾਲਜ ਤੋਂ ਬੀ.ਏ. ਕਰਕੇ ਉਚੇਰੀ ਪੜ੍ਹਾਈ ਲਈ ਅਮਰੀਕਾ ਚਲੇ ਗਏ, ਜਿੱਥੇ ਉਨ੍ਹਾਂ ਯੂਨੀਵਰਸਿਟੀ ਕੈਲੀਫ਼ੋਰਨੀਆਂ ਐਟ ਬਰਕਲੇ ਤੋਂ ਐੱਮ.ਏ. (ਇਕਨਾਮਿਕਸ) ਅਤੇ ਯੂਨੀਵਰਸਿਟੀ ਆਫ਼ ਮਿਸ਼ੀਗਨ ਤੋਂ ਐੱਮ.ਏ. (ਪੋਲੀਟੀਕਲ ਸਾਇੰਸ ਦੀ ਡਿਗਰੀ) ਪ੍ਰਾਪਤ ਕਰਕੇ 1929 ਵਿਚ ਵਾਪਸ ਮੁੜ ਆਏ। ਇੱਥੇ ਆਕੇ ਉਹ ਸ਼੍ਰੋਮਣੀ ਅਕਾਲੀ ਦਲ ਵਿਚ ਸ਼ਾਮਲ ਹੋ ਗਏ। 1930 ਵਿਚ ਅਕਾਲੀ ਦਲ ਤੋਂ ਅਸਤੀਫ਼ਾ ਦੇ ਕੇ ਕਾਂਗਰਸ ਵਿਚ ਚਲੇ ਗਏ।

ਇਸ ਦਾ ਵਿਆਹ ਬੀਬੀ ਰਾਮ ਕੌਰ ਨਾਲ ਹੋਇਆ। ਇਸ ਘਰ ਤਿੰਨ ਬੱਚਿਆਂ ਸੁਰਿੰਦਰ ਸਿੰਘ ਕੈਰੋਂ, ਗੁਰਿੰਦਰ ਸਿੰਘ ਕੈਰੋਂ ਅਤੇ ਧੀ ਸਰਬਰਿੰਦਰ ਕੌਰ ਕੈਰੋਂ ਨੇ ਜਨਮ ਲਿਆ।

13 ਅਪ੍ਰੈਲ 1932 ਵਿਚ ਉਸ ਨੇ ਅੰਮ੍ਰਿਤਸਰ ਵਿਚ ਇੱਕ ਅੰਗਰੇਜ਼ੀ ਹਫ਼ਤਾਵਰੀ ਅਖ਼ਬਾਰ ਦ ਨਿਊ ਏਰਾ ਸ਼ੁਰੂ ਕੀਤਾ। ਪਰਤਾਪ ਸਿੰਘ ਕੈਰੋਂ ਰਾਜਨੀਤੀ ਵਿਚ ਸਰਗਰਮ ਹੋਣ ਕਰਕੇ ਅਖ਼ਬਾਰ ਬੰਦ ਕਰਨਾ ਪਿਆ। 1932 ਵਿਚ ਜਦ ਸਿਵਲ ਨਾ ਫੁਰਮਾਨੀ ਲਹਿਰ ਸ਼ੁਰੂ ਹੋਈ, ਤਾਂ ਆਪ ਨੇ ਮੋਹਰੀ ਹੋ ਕੇ ਇਸ ਵਿਚ ਹਿੱਸਾ ਲੈ ਲਿਆ, ਜਿਸ ਦੇ ਸਿੱਟੇ ਵਜੋਂ ਆਪ ਨੂੰ ਗ੍ਰਿਫ਼ਤਾਰ ਕਰ ਲਿਆ ਅਤੇ ਪੰਜ ਸਾਲ ਦੀ ਸਜ਼ਾ ਹੋਈ।

1937 ਵਿਚ ਫਿਰ ਅਕਾਲੀ ਦਲ ਵਿਚ ਸ਼ਾਮਲ ਹੋ ਗਏ। 1941 ਵਿਚ ਫਿਰ ਕਾਂਗਰਸੀ ਬਣ ਗਏ। 1942 ਵਿਚ ਭਾਰਤ ਛੱਡੋ ਅੰਦੋਲਨ ਵਿਚ ਫਿਰ ਪੰਜ ਸਾਲ ਦੀ ਸਜ਼ਾ ਹੋਈ।



1946 ਵਿਚ ਆਪ ਸੰਵਿਧਾਨਿਕ ਅਸੈਂਬਲੀ ਪੱਟੀ ਹਲਕੇ ਤੋਂ ਚੁਣੇ ਗਏ। 1947 ਤੋਂ 49 ਤੱਕ ਪੰਜਾਬ ਦੇ ਵਿਕਾਸ ਅਤੇ ਮੁੜ ਵਸੇਬਾ ਮੰਤਰੀ ਰਹੇ। ਪੱਛਮੀ ਪੰਜਾਬ ਤੋਂ ਆਏ ਤੀਹ ਲੱਖ ਲੋਕਾਂ ਨੂੰ ਮੁੜ ਵਸਾਇਆ ਅਤੇ ਉਨ੍ਹਾਂ ਨੂੰ ਜ਼ਮੀਨਾਂ ਅਤੇ ਘਰ ਅਲਾਟ ਕੀਤੇ। ਆਪ 1952 ਤੋਂ 57 ਅਤੇ 1957 ਤੋਂ 62 ਤੱਕ ਸਰਹਾਲੀ ਹਲਕੇ ਤੋਂ ਐੱਮ.ਐੱਲ.ਏ. ਰਹੇ। 1962 ਵਿਚ ਫਿਰ ਸਰਹਾਲੀ ਹਲਕੇ ਤੋਂ ਐੱਮ.ਐੱਲ.ਏ. ਚੁਣੇ ਗਏ।

ਸ. ਪਰਤਾਪ ਸਿੰਘ ਕੈਰੋਂ 23 ਜਨਵਰੀ 1956 ਤੋਂ 21 ਜੂਨ 1964 ਤੱਕ ਲਗਾਤਾਰ ਅੱਠ ਸਾਲ ਤੋਂ ਵੱਧ ਸਮਾਂ ਪੰਜਾਬੀ ਸੂਬਾ ਬਣਨ ਤੋਂ ਪਹਿਲਾਂ ਜਦੋਂ ਪੰਜਾਬ ਵਿਚ ਹਰਿਆਣਾ ਅਤੇ ਕੁਝ ਇਲਾਕਾ ਹਿਮਾਚਲ ਦਾ ਪੰਜਾਬ ਵਿਚ ਸੀ, ਉਸ ਟਾਇਮ ਪੰਜਾਬ ਦੇ ਮੁੱਖ ਮੰਤਰੀ ਰਹੇ।

ਇਨ੍ਹਾਂ ਮੁੱਖ ਮੰਤਰੀ ਹੁੰਦਿਆਂ ਪੰਜਾਬ ਦਾ ਬਹੁਤ ਵਿਕਾਸ ਕਰਵਾਇਆ। ਪੰਜਾਬ ਦੀ ਹਰ ਵੱਡੀ ਸੰਸਥਾ ਬਣਾਉਣ ਦਾ ਸਿਹਰਾ ਪਰਤਾਪ ਸਿੰਘ ਕੈਰੋਂ ਮੁੱਖ ਮੰਤਰੀ ਦੇ ਹਿੱਸੇ ਆਉਂਦਾ ਹੈ, ਜਿਵੇਂ ਚੰਡੀਗੜ੍ਹ ਸ਼ਹਿਰ, ਭਾਖੜਾ ਡੈਮ (ਨੰਗਲ), ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ, ਪੰਜਾਬੀ ਯੂਨੀਵਰਸਿਟੀ ਪਟਿਆਲਾ, ਕੁਰੂਕਸ਼ੇਤਰ ਯੂਨੀਵਰਸਿਟੀ (ਕੁਰੂਕਸ਼ੇਤਰ), ਪੀ.ਜੀ.ਆਈ. ਚੰਡੀਗੜ੍ਹ, ਵੇਰਕਾ ਮਿਲਕ ਪਲਾਂਟ ਵੇਰਕਾ, ਮੈਡੀਕਲ ਕਾਲਜ ਰੋਹਤਕ ਆਦਿ ਬਹੁਤ ਸਾਰੀਆਂ ਸੰਸਥਾਵਾਂ ਦਾ ਨਿਰਮਾਣ ਕੀਤਾ।

ਮੁੱਖ ਮੰਤਰੀ ਕੈਰੋਂ ਨੇ ਪੰਜਾਬ ਵਿਚ ਜ਼ਮੀਨਾਂ ਦੀ ਮੁਰੱਬੇਬੰਦੀ ਕਰਵਾ ਕੇ ਹਰ ਕਿਸਾਨ ਦੀ ਜ਼ਮੀਨ ਇੱਕ ਥਾਂ ਇਕੱਠੀ ਕੀਤੀ। ਆਪਦੇ ਉੱਪਰ ਭ੍ਰਿਸ਼ਟਾਚਾਰ ਦੇ ਦੋਸ਼ ਲੱਗੇ, ਜਿਸ ਕਰਕੇ ਪੜਤਾਲੀਆ ਕਮਿਸ਼ਨ ਬਣਾਇਆ ਗਿਆ। ਪੜਤਾਲੀਆ ਕਮਿਸ਼ਨ ਕੋਈ ਦੋਸ਼ ਸਾਬਤ ਨਾ ਕਰ ਸਕਿਆ। ਆਖ਼ਰ ਦਾਸ ਕਮਿਸ਼ਨ ਬੈਠਾ, ਉਹ ਇਹ ਸਾਬਤ ਕਰ ਸਕਿਆ ਕਿ ਮੁੱਖ ਮੰਤਰੀ ਕੈਰੋਂ ਸ਼ੂਗਰ ਦਾ ਮਰੀਜ਼ ਹੋਣ ਕਰਕੇ 1956 ਦੀਆਂ ਚੋਣਾਂ ਦੌਰਾਨ ਦੌਰਿਆਂ ਸਮੇਂ ਅਸਿਸਟੈਂਟ ਸਰਜਨ ਡਾ. ਢਿੱਲੋਂ ਨੂੰ ਆਪਣੇ ਨਾਲ ਰੱਖਦਾ ਸੀ। ਡਾ. ਢਿੱਲੋਂ ਨੇ ਆਪਣੇ ਦਫ਼ਤਰੋਂ ਛੁੱਟੀ ਨਹੀਂ ਲਈ ਸੀ।

ਮੁੱਖ ਮੰਤਰੀ ਕੈਰੋਂ ਪ੍ਰਧਾਨ ਮੰਤਰੀ ਪੰਡਤ ਜਵਾਹਰ ਲਾਲ ਨਹਿਰੂ ਦਾ ਬਹੁਤ ਨਜ਼ਦੀਕੀ ਬੰਦਾ ਸੀ। ਪੰਡਤ ਨਹਿਰੂ ਦੀ 27 ਮਈ 1964 ਨੂੰ ਮੌਤ ਹੋ ਗਈ। ਆਪਣੀ ਜ਼ਿੰਮੇਵਾਰੀ ਸਮਝਦਿਆਂ ਕੈਰੋਂ ਨੇ 21 ਜੂਨ 1964 ਨੂੰ ਮੁੱਖ ਮੰਤਰੀ ਦੇ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ। ਮੁੱਖ ਮੰਤਰੀ ਕੈਰੋਂ ਦੇ ਨਾਓਂ ਦੀ 2005 ਵਿਚ ਡਾਕ ਟਿਕਟ ਜਾਰੀ ਕੀਤੀ ਗਈ।

6 ਫ਼ਰਵਰੀ, 1965 ਨੂੰ ਪੰਡਤ ਨਹਿਰੂ ਦੀ ਮੌਤ ਤੋਂ ਬਾਅਦ ਦੇਸ਼ ਦੇ ਨਵੇਂ ਬਣੇ ਪ੍ਰਧਾਨ ਮੰਤਰੀ ਲਾਲ ਬਹਾਦਰ ਸ਼ਾਸਤਰੀ ਨੂੰ ਮਿਲ ਕੇ ਜਦ ਪਰਤਾਪ ਸਿੰਘ ਕੈਰੋਂ ਵਾਪਸ ਦਿੱਲੀ ਤੋਂ ਚੰਡੀਗੜ੍ਹ ਨੂੰ ਆ ਰਹੇ ਸਨ, ਤਾਂ ਜੀ.ਟੀ. ਰੋਡ 'ਤੇ ਸੋਨੀਪਤ ਜ਼ਿਲ੍ਹੇ ਦੇ ਪਿੰਡ ਰਸੋਈ ਨੇੜੇ ਉਸ ਦੀ ਉਡੀਕ ਕਰ ਰਹੇ ਚਾਰ ਕਾਤਲਾਂ ਨੇ ਗੋਲੀਆਂ ਮਾਰ ਕੇ ਮਾਰ ਦਿੱਤਾ। ਚਾਰੇ ਕਾਤਲ ਫੜੇ ਗਏ, ਤਿੰਨ ਕਾਤਲਾਂ ਨੂੰ ਫਾਂਸੀ ਲਾ ਦਿੱਤਾ ਗਿਆ ਅਤੇ ਚੌਥੇ ਕਾਤਲ ਦਯਾ ਸਿੰਘ ਨੂੰ ਬਰੀ ਕਰ ਦਿੱਤਾ ਗਿਆ। ਪੰਜਾਬ ਨੂੰ ਮੁੜ ਅਜਿਹਾ ਤਰੱਕੀ ਦੇ ਰਾਹ ਲਿਜਾਣ ਵਾਲਾ ਪੜ੍ਹਿਆ-ਲਿਖਿਆ ਸੂਝਵਾਨ ਮੁੱਖ ਮੰਤਰੀ ਨਹੀਂ ਮਿਲਿਆ। ਹਜੇ ਵੀ ਪਰਤਾਪ ਸਿੰਘ ਕੈਰੋਂ ਦਾ ਨਾਮ ਰਾਜਨੀਤਿਕ ਤੌਰ 'ਤੇ ਬੜੇ ਪਿਆਰ ਨਾਲ ਲਿਆ ਜਾਂਦਾ ਹੈ।


# 'ਵਿਦੇਸ਼ ਉਡਾਰੀ' ਲਈ ਆਈਲੈਟਸ ਕਰ ਚੁੱਕੇ ਲੱਖਾਂ ਵਿਦਿਆਰਥੀਆਂ ਦੀ ਉਡੀਕ ਹੋਈ ਲੰਬੀ

## ਅਰਬਾਂ ਰੁਪਇਆ ਵਿਦੇਸ਼ੀ ਬੈਂਕਾਂ ਵਿਚ ਜਮ੍ਹਾਂ ਕਰਵਾ ਕੇ 'ਖੰਘਲ' ਹੋ ਚੁੱਕੇ ਮਾਪੇ ਬੱਚਿਆਂ ਦੇ ਚੰਗੇ ਭਵਿੱਖ ਨੂੰ ਲੈ ਕੇ ਚਿੰਤਾ 'ਚ ਡੁੱਬੇ

- ਸਿੰਦਰ ਸਿੰਘ ਮੀਰਪੁਰੀ
ਫਰਿਜ਼ਨੋ, ਕੈਲੀਫੋਰਨੀਆ
559-285-0841
ਪੰਜਾਬ ਮੇਲUSA



ਲੰਘੇ ਵਰ੍ਹੇ ਕੋਰੋਨਾ ਨਾਂ ਦੀ ਮਹਾਂਮਾਰੀ ਨੇ ਪੂਰੀ ਦੁਨੀਆਂ ਅੰਦਰ ਅਜਿਹਾ ਤਾਂਡਵ ਨਾਚ ਨੱਚਿਆ ਕਿ ਬਹੁਤ ਸਾਰੇ ਖੇਤਰਾਂ ਅੰਦਰ ਕੰਮ ਕਰਦੇ ਵਿਅਕਤੀਆਂ ਨੂੰ ਅਵਾਜ਼ਾਰ ਕਰਨ ਦੇ ਨਾਲ-ਨਾਲ ਪੜ੍ਹਾਈ ਦੇ ਖੇਤਰ ਨੂੰ ਵੀ ਭਾਰੀ ਸੱਟ ਮਾਰੀ। ਉਦਯੋਗਪਤੀਆਂ ਨੂੰ ਹਾਲੋਂ-ਬੇਹਾਲ ਕਰਨ ਤੋਂ ਬਾਅਦ ਸਭ ਤੋਂ ਜ਼ਿਆਦਾ ਨੁਕਸਾਨ ਉਨ੍ਹਾਂ ਵਿਦਿਆਰਥੀਆਂ ਦਾ ਹੋਇਆ, ਜੋ ਲੱਖਾਂ ਰੁਪਏ ਖਰਚ ਕੇ ਹੋਰਨਾਂ ਮੁਲਕਾਂ ਅੰਦਰ ਪੜ੍ਹਾਈ ਦੇ ਤੌਰ 'ਤੇ ਜਾਣਾ ਚਾਹੁੰਦੇ ਸਨ। ਉਨ੍ਹਾਂ ਵਿਦਿਆਰਥੀਆਂ ਨੂੰ ਕੁਝ ਵੀ ਸਮਝ ਵਿਚ ਨਹੀਂ ਆ ਰਿਹਾ ਅਤੇ ਨਾ ਹੀ ਸਰਕਾਰਾਂ ਵੱਲੋਂ ਇਸ ਸੰਬੰਧੀ ਕੋਈ ਸਪੱਸ਼ਟ ਨੀਤੀ ਅਪਣਾਈ ਜਾ ਰਹੀ ਹੈ। ਅੱਜ ਪੰਜਾਬ ਦੇ ਵੱਡੀ ਗਿਣਤੀ ਵਿਚ ਵਿਦਿਆਰਥੀ ਜੋ ਆਈਲੈੱਟਸ ਪਾਸ ਕਰਕੇ ਆਪਣੀਆਂ ਫੀਸਾਂ ਦੂਸਰੇ ਮੁਲਕਾਂ ਦੀਆਂ ਯੂਨੀਵਰਸਿਟੀਆਂ ਤੇ ਕਾਲਜਾਂ ਵਿਚ ਜਮ੍ਹਾਂ ਕਰਵਾ ਚੁੱਕੇ ਹਨ। ਆਪਣੇ ਜਿਗਰ ਦੇ ਟੁਕੜਿਆਂ ਨੂੰ ਹੋਰਨਾਂ ਮੁਲਖਾਂ ਅੰਦਰ ਪਹੁੰਚਦਾ ਕਰਨ ਲਈ ਅਰਬਾਂ ਰੁਪਿਆ ਵਿਦੇਸ਼ੀ ਬੈਂਕਾਂ ਵਿਚ ਜਮ੍ਹਾਂ ਕਰਵਾ ਕੇ ਖੰਗਲ ਹੋ ਚੁੱਕੇ ਮਾਪਿਆਂ ਨੂੰ ਆਪਣੇ ਢਿੱਡੋਂ ਜੰਮਿਆਂ ਦਾ ਭਵਿੱਖ ਕਿਸੇ ਵੀ ਦਿਸ਼ਾ ਵਿਚ ਸਹੀ ਨਜ਼ਰ ਨਹੀਂ ਆ ਰਿਹਾ।




ਵਿਦਿਆਰਥੀਆਂ ਦੀ ਇਹ ਲੰਬੀ ਉਡੀਕ ਮੁੱਕਣ ਦਾ ਨਾਂ ਨਹੀਂ ਲੈ ਰਹੀ ਕਿ ਕਦ ਉਨ੍ਹਾਂ ਨੂੰ ਦੂਸਰੇ ਮੁਲਕਾਂ ਦੀਆਂ ਅੰਬੈਸੀਆਂ ਵੱਲੋਂ ਆਪਣੇ ਦੇਸ਼ ਆਉਣ ਦੀ ਆਗਿਆ ਦਿੱਤੀ ਜਾਵੇਗੀ। ਲੱਖਾਂ ਵਿਦਿਆਰਥੀਆਂ ਵੱਲੋਂ ਆਈਲੈੱਟਸ ਪਾਸ ਕਰਨ ਤੋਂ ਬਾਅਦ ਲਗਪਗ 10 ਲੱਖ ਰੁਪਏ ਦੀ ਫੀਸ ਤੋਂ ਇਲਾਵਾ ਹੋਰ ਲੱਖਾਂ ਰੁਪਏ ਖ਼ਰਚ ਕੇ ਆਪਣੇ ਵਿਦੇਸ਼ ਜਾਣ ਦਾ ਰਾਹ ਪੱਧਰਾ ਕੀਤਾ ਸੀ ਪਰ ਕੋਰੋਨਾ ਨਾਂ ਦੀ ਮਹਾਂਮਾਰੀ ਨੇ ਉਨ੍ਹਾਂ ਬੱਚਿਆਂ ਦੇ ਭਵਿੱਖ ਦੀਆਂ ਆਸਾਂ 'ਤੇ ਪਾਣੀ ਫੇਰ ਦਿੱਤਾ। ਪੰਜਾਬ ਦੇ ਹਰ ਪਿੰਡ ਅੰਦਰ ਅਤੇ ਸ਼ਹਿਰਾਂ ਅੰਦਰ ਬਹੁਤ ਸਾਰੇ ਵਿਦਿਆਰਥੀ ਵੱਡੀ ਗਿਣਤੀ ਵਿਚ ਮੌਜੂਦ ਹਨ, ਜਿਨ੍ਹਾਂ ਵੱਲੋਂ ਦੂਸਰੇ ਮੁਲਕਾਂ ਅੰਦਰ ਫ਼ੀਸ ਦੇ ਤੌਰ 'ਤੇ ਲੱਖਾਂ ਰੁਪਿਆ ਭੇਜਿਆ ਜਾ ਚੁੱਕਿਆ ਹੈ ਅਤੇ 10 ਤੋਂ 15 ਲੱਖ ਰੁਪਿਆ ਖਰਚ ਚੁੱਕੇ ਹਨ। ਭਾਵੇਂ ਉਨ੍ਹਾਂ ਨੂੰ ਫ਼ੀਸ ਭੇਜਣ ਵਾਲੇ ਏਜੰਟਾਂ ਅਤੇ ਯੂਨੀਵਰਸਿਟੀਆਂ ਵੱਲੋਂ ਇਹ ਜ਼ਰੂਰ ਆਖਿਆ ਜਾ ਰਿਹਾ ਹੈ ਕਿ ਇਹ ਫੀਸ ਵਾਪਸ ਆਵੇਗੀ ਪਰ ਸੁਆਲ ਇਹ ਪੈਦਾ ਹੁੰਦਾ ਹੈ ਕਿ ਆਖ਼ਰ ਇਹ ਫ਼ੀਸ ਵਾਪਸ ਕਦ ਆਵੇਗੀ, ਜੇਕਰ ਆਵੇਗੀ ਤਾਂ ਉਸ ਦੀ ਰੂਪ-ਰੇਖਾ ਕੀ ਹੋਵੇਗੀ, ਇਹ ਕਿਸੇ ਨੂੰ ਕੁਝ ਵੀ ਨਹੀਂ ਪਤਾ।

ਬਹੁਤ ਸਾਰੇ ਮਾਪੇ ਇਸ ਗੱਲ ਤੋਂ ਡਰਦੇ ਵੀ ਫੀਸ ਵਾਪਸ ਨਹੀਂ ਮੰਗਵਾਉਣਾ ਚਾਹੁੰਦੇ ਕਿ ਫਿਰ ਸ਼ਾਇਦ ਇਹ ਕਹਾਣੀ ਹੋਰ ਨਾ ਵਿਗੜ ਜਾਵੇ। ਵਿਦਿਆਰਥੀਆਂ ਦੀਆਂ ਫ਼ੀਸਾਂ ਤੋਂ ਇਲਾਵਾ ਕਰੋੜਾਂ ਰੁਪਿਆ ਮਾਪਿਆਂ ਵੱਲੋਂ ਆਪਣੇ ਲਾਡਲਿਆਂ ਨੂੰ ਵਿਦੇਸ਼ ਭੇਜਣ ਦੇ ਲਈ ਜਹਾਜ਼ਾਂ ਦੀਆਂ ਟਿਕਟਾਂ ਲਈ ਖਰਚਿਆ ਗਿਆ, ਉਹ ਵੀ ਕਿਸੇ ਵੱਟੇ ਖਾਤੇ ਵਿਚ ਨਜ਼ਰ ਨਹੀਂ ਆ ਰਿਹਾ। ਕਿਉਂਕਿ ਬਹੁਤ ਸਾਰੇ ਵਿਦਿਆਰਥੀ ਅਜਿਹੇ ਵੀ ਹਨ, ਜਿਨ੍ਹਾਂ ਦੇ ਵੀਜ਼ੇ ਵੀ ਆ ਚੁੱਕੇ ਸਨ ਪਰ ਉਹ ਕਰੋਨਾ ਕਾਰਨ ਹੋਰਾਂ ਮੁਲਕਾਂ ਵਿਚ ਪੜ੍ਹਾਈ ਲਈ ਨਹੀਂ ਜਾ ਸਕੇ। ਫਿਰ ਉਨ੍ਹਾਂ ਵੱਲੋਂ ਅੱਕ ਕੇ ਬਦਲਵੀਆਂ ਹਵਾਈ ਕੰਪਨੀਆਂ ਦੇ ਜਹਾਜ਼ਾਂ ਦੀ ਟਿਕਟ ਖ਼ਰੀਦੀ ਗਈਆਂ। ਕਈ ਹਵਾਈ ਕੰਪਨੀਆਂ ਵੀ ਕੋਰੋਨਾ ਦੀ ਭੇਟ ਚੜ੍ਹਨ ਕਰ ਕੇ ਵਿਦਿਆਰਥੀਆਂ ਦਾ ਪੈਸਾ ਮੋੜਨ ਤੋਂ ਅਸਮਰੱਥ ਜਾਪ ਰਹੀਆਂ ਹਨ। ਕੋਰੋਨਾ ਤੋਂ ਬਾਅਦ ਪੈਸਿਆਂ ਦੇ ਲੈਣ-ਦੇਣ ਨੂੰ ਲੈ ਕੇ ਪੈਦਾ ਹੋਏ ਗੰਭੀਰ ਸੰਕਟ ਦੇ ਕਾਰਨ ਕਈ ਕੰਪਨੀਆਂ ਦੀਵਾਲੀਆ ਹੋ ਕੇ ਇਸ ਧੰਦੇ ਵਿਚੋਂ ਬਾਹਰ ਹੋ ਚੁੱਕੀਆਂ ਹਨ ਅਤੇ ਕਈਆਂ ਵੱਲੋਂ ਟਿਕਟਾਂ ਵਾਲੇ ਪੈਸੇ ਗਾਹਕਾਂ ਨੂੰ ਕੱਟ-ਕਟਾ ਕੇ ਮੋੜਨ ਤੋਂ ਬਾਅਦ ਆਪਣੇ ਕਾਰੋਬਾਰ ਨੂੰ ਸਮੇਟਿਆ ਜਾ ਰਿਹਾ ਹੈ।

ਇਸ ਸਾਰੇ ਵਰਤਾਰੇ ਦੌਰਾਨ ਲੱਖਾਂ ਰੁਪਏ ਦੇ ਕਰਜ਼ਾਈ ਹੋ ਚੁੱਕੇ ਮਾਪਿਆਂ ਦੇ ਮਨਾਂ ਨੂੰ ਇੱਕੋ ਝੋਰਾ ਵੱਢ-ਵੱਢ ਕੇ ਖਾਈ ਜਾ ਰਿਹਾ ਹੈ ਕਿ ਆਖ਼ਰ ਉਨ੍ਹਾਂ ਦੇ ਜਿਗਰ ਦੇ ਟੋਟੇ ਹੁਣ ਵਿਦੇਸ਼ੀ ਧਰਤੀ 'ਤੇ ਪੜ੍ਹਨ ਦੇ ਲਈ ਜਾ ਸਕਣਗੇ ਜਾਂ ਨਹੀਂ, ਜਿਸ ਕਾਰਨ ਵਿਦਿਆਰਥੀਆਂ ਦੇ ਨਾਲ-ਨਾਲ ਉਨ੍ਹਾਂ ਦੇ ਮਾਪੇ ਵੀ ਬੇਹੱਦ ਤਣਾਅ ਭਰੇ ਮਾਹੌਲ ਵਿਚੋਂ ਗੁਜ਼ਰ ਰਹੇ ਹਨ। ਉਡੀਕ ਕਰ ਰਹੇ ਵਿਦਿਆਰਥੀਆਂ ਨੂੰ ਕੋਰੋਨਾ ਤੋਂ ਬਾਅਦ ਕਿਸੇ ਵੀ ਦੇਸ਼ ਨੇ ਅਜੇ ਤੱਕ ਸਪੱਸ਼ਟ ਤੌਰ 'ਤੇ ਕੁਝ ਵੀ ਨਹੀਂ ਆਖਿਆ ਕਿ ਆਖ਼ਰ ਉਨ੍ਹਾਂ ਦੀ ਇਹ ਉਡੀਕ ਕਦੋਂ ਮੁੱਕੇਗੀ। ਕਿਉਂਕਿ ਬੱਚਿਆਂ ਦੀ ਵਧ ਰਹੀ ਉਮਰ ਦੀ ਚਿੰਤਾ ਵੀ ਮਾਪਿਆਂ ਨੂੰ ਸਤਾ ਰਹੀ ਹੈ। ਪਿੰਡਾਂ ਅੰਦਰ ਬਹੁਤ ਸਾਰੇ ਵਿਦਿਆਰਥੀ ਮੱਧਵਰਗੀ ਪਰਿਵਾਰਾਂ ਨਾਲ ਜੁੜੇ ਹੋਣ ਕਰਕੇ ਉਨ੍ਹਾਂ ਦੀ ਕਮਾਈ ਦਾ ਸਾਧਨ ਖੇਤੀ ਤੋਂ ਸਿਵਾਏ ਹੋਰ ਕੁਝ ਨਹੀਂ ਹੈ ਪਰ ਹੁਣ ਖੇਤੀ 'ਤੇ ਲਟਕ ਰਹੀ ਤਲਵਾਰ ਵੀ ਮਾਪਿਆਂ ਨੂੰ ਚਿੰਤਾ ਦੇ ਸਮੁੰਦਰਾਂ ਵਿਚ ਗੋਤੇ ਲਾਉਣ ਲਈ ਮਜਬੂਰ ਕਰ ਰਹੀ ਹੈ।

# ਕੌਤਕੀ ਟਰੰਪ : ਦੁਨੀਆਂ ਲਈ ਖ਼ਤਰਾ

ਗੁਰਮੀਤ ਸਿੰਘ ਪਲਾਹੀ
# ਮੋਬਾਈਲ : 98158-02070
ਪੰਜਾਬ ਮੇਲUSA





ਅਮਰੀਕਾ ਵਿਚ ਟਰੰਪ ਯੁੱਗ ਦੀ ਸ਼ੁਰੂਆਤ ਹੋ ਗਈ ਹੈ। ਅਮਰੀਕਾ ਵਿਚ ਰਾਸ਼ਟਰਪਤੀ ਬਣਨ ਦੇ ਨਾਲ ਹੀ ਟਰੰਪ ਨੂੰ ਲੈ ਕੇ ਵਿਵਾਦ ਖੜ੍ਹਾ ਹੋ ਗਿਆ ਹੈ। ਮੀਡੀਆ ਰਿਪੋਰਟਾਂ ਅਨੁਸਾਰ ਇਹ ਦਾਅਵਾ ਕੀਤਾ ਗਿਆ ਹੈ ਕਿ ਟਰੰਪ ਨੇ ਪਹਿਲੇ ਹੀ ਦਿਨ ਵੀਹ ਝੂਠ ਬੋਲੇ ਹਨ ਜਾਂ ਵੀਹ ਝੂਠੇ ਵਾਅਦੇ ਕੀਤੇ ਹਨ।

ਇਥੇ ਇਹ ਦੱਸਣਾ ਬਣਦਾ ਹੈ ਕਿ ਆਪਣੇ ਪਹਿਲੇ ਕਾਰਜਕਾਲ ਦੌਰਾਨ ਡੋਨਾਲਡ ਟਰੰਪ ਨੇ 30573 ਝੂਠ ਬੋਲੇ ਸਨ ਅਰਥਾਤ ਉਨ੍ਹਾਂ ਵੱਲੋਂ ਰੋਜ਼ਾਨਾ ਔਸਤਨ 21 ਝੂਠ ਬੋਲੇ ਗਏ ਸਨ। ਟਰੰਪ ਨੇ ਦੂਜੇ ਕਾਰਜਕਾਲ ਦੇ ਪਹਿਲੇ ਦਿਨ ਹੀ ਵਾਅਦਿਆਂ, ਦਾਅਵਿਆਂ ਦੀ ਝੜੀ ਲਗਾ ਦਿੱਤੀ। ਉਨ੍ਹਾਂ ਕਿਹਾ ਕਿ ਸਾਬਕਾ ਰਾਸ਼ਟਰਪਤੀ ਨੇ 33 ਹੱਤਿਆਰਿਆਂ ਦੀ ਸਜ਼ਾ ਮੁਆਫ਼ ਕੀਤੀ, ਸਾਲ 2020 ਦੀਆਂ ਚੋਣਾਂ 'ਚ ਧਾਂਦਲੀ ਹੋਈ, ਬਾਇਡਨ ਦੇ ਰਾਜ 'ਚ ਰਿਕਾਰਡ ਤੋੜ ਮਹਿੰਗਾਈ ਹੋਈ, ਚੀਨ ਨੇ ਬਾਇਡਨ ਰਾਜ ਵੇਲੇ ਪਨਾਮਾ ਨਹਿਰ 'ਤੇ ਕਬਜ਼ਾ ਕੀਤਾ, ਬਾਇਡਨ ਨੇ ਖ਼ਤਰਨਾਕ ਅਪਰਾਧੀਆਂ ਨੂੰ ਸ਼ਰਨ ਦਿੱਤੀ ਆਦਿ-ਆਦਿ। ਪਰ ਇਹ ਸਾਰੇ ਦਾਅਵੇ ਮੀਡੀਆ ਨੇ ਝੁਠਲਾ ਦਿੱਤੇ।

ਮੁੱਢਲੇ ਤੌਰ 'ਤੇ ਦੁਨੀਆਂ ਭਰ ਵਿਚ ਅਮਰੀਕਾ ਨੂੰ "ਥਾਣੇਦਾਰ" ਦਾ ਦਰਜਾ ਮਿਲਿਆ ਹੋਇਆ ਹੈ। ਟਰੰਪ ਦੇ ਮੁੜ ਸੱਤਾ 'ਚ ਆਉਣ ਨਾਲ਼ ਇੱਕ ਸਖ਼ਤ ਠਾਣੇਦਾਰ ਅਮਰੀਕਾ ਨੂੰ ਮਿਲਿਆ ਹੈ, ਜੋ ਡੰਡੇ ਦੇ ਜ਼ੋਰ ਨਾਲ ਸਾਰੀ ਦੁਨੀਆਂ ਨੂੰ ਡਰਾ ਕੇ ਰੱਖਣ ਦਾ ਹਾਮੀ ਹੈ। ਉਸ ਦੇ ਪਿੱਛੇ ਸਿਲੀਕੋਨ ਵੈਲੀ ਦੇ ਵੱਡੇ ਦਿੱਗਜਾਂ ਦੀ ਟੇਕ ਹੈ। ਅਮਰੀਕੀ ਅਰਬਪਤੀ, ਖਰਬਪਤੀ ਸੁੰਦਰ ਪਿਚਾਈ, ਜ਼ੁਕਰਬਰ.ਗ, ਜੈਫ਼ ਬੇਜੋਸ ਅਤੇ ਵੱਡੇ ਅਮੀਰ ਕਾਰਪੋਰੇਟ ਘਰਾਣੇ ਉਸ ਦੀ ਪਿੱਠ 'ਤੇ ਖੜ੍ਹੇ ਹਨ।

ਗੱਦੀ ਸੰਭਾਲਦਿਆਂ ਹੀ ਉਸ ਨੇ ਬ੍ਰਿਕਸ ਦੇਸ਼ਾਂ ਨੂੰ ਧਮਕਾਇਆ। ਕਿਊਬਾ ਨੂੰ ਬਲੈਕ ਲਿਸਟ ਵਿਚ ਪਾ ਦਿੱਤਾ। ਵਿਸ਼ਵ ਸਿਹਤ ਸੰਗਠਨ ਤੇ ਪੈਰਿਸ ਜਲਵਾਯੂ ਸਮਝੌਤੇ 'ਚੋਂ ਵੀ ਨਿਕਲਣ ਦਾ ਉਸ ਨੇ ਐਲਾਨ ਕਰ ਦਿੱਤਾ। ਬ੍ਰਿਕਸ ਦੇਸ਼ ਜਿਸ ਵਿਚ ਭਾਰਤ ਸਮੇਤ 10 ਦੇਸ਼ਾਂ ਦੀ ਸ਼ਮੂਲੀਅਤ ਹੈ, ਨੂੰ ਉਨ੍ਹਾਂ ਨੇ ਚੇਤਾਵਨੀ ਦਿੱਤੀ ਹੈ ਕਿ ਜੇ ਉਨ੍ਹਾਂ ਨੇ ਅਮਰੀਕੀ ਡਾਲਰ ਨੂੰ ਬਦਲਣ ਲਈ ਕੋਈ ਚਾਰਾਜੋਈ ਕੀਤੀ, ਤਾਂ ਉਹ ਉਨ੍ਹਾਂ 'ਤੇ 100 ਫ਼ੀਸਦੀ ਟੈਕਸ ਲਗਾਉਣਗੇ। ਸਹੁੰ ਚੁੱਕਣ ਦੇ ਛੇ ਘੰਟਿਆਂ ਅੰਦਰ ਹੀ ਬਾਇਡਨ ਸਰਕਾਰ ਦੇ 78 ਫ਼ੈਸਲਿਆਂ ਨੂੰ ਉਨ੍ਹਾਂ ਪਲਟ ਦਿੱਤਾ, ਜਿਸ ਵਿਚ ਗ਼ੈਰ ਕਾਨੂੰਨੀ ਪ੍ਰਵਾਸੀਆਂ ਨੂੰ ਬਾਹਰ ਕੱਢਣ, ਬੱਚਿਆਂ ਦੀ ਨਾਗਰਿਕਤਾ ਖ਼ਤਮ ਕਰਨ ਜਿਹੇ ਅਤਿ ਮਹੱਤਵਪੂਰਨ ਫ਼ੈਸਲੇ ਸ਼ਾਮਲ ਹਨ। ਟਰੰਪ ਨੇ ਉਨ੍ਹਾਂ ਮਾਪਿਆਂ ਦੇ ਬੱਚਿਆਂ ਨੂੰ ਜਨਮ ਜਾਤ ਨਾਗਰਿਕਤਾ ਦੇਣ ਤੋਂ ਇਨਕਾਰ ਕਰਨ ਦਾ ਤਤਕਾਲੀ ਹੁਕਮ ਦਿੱਤਾ, ਜਿਹੜੇ ਗ਼ੈਰ ਕਾਨੂੰਨੀ ਤੌਰ 'ਤੇ ਅਮਰੀਕਾ ਵਿਚ ਰਹਿ ਰਹੇ ਹਨ ਜਾਂ ਆਰਜ਼ੀ ਵੀਜ਼ੇ 'ਤੇ ਰਹਿ ਰਹੇ ਹਨ।

ਟਰੰਪ ਦੇਸ਼ ਅਮਰੀਕਾ ਵਿਚ ਪੁਰਾਤਨ ਯੁੱਗ ਲਿਆਉਣ ਦਾ ਹਾਮੀ ਹੈ। ਡੋਨਾਲਡ ਟਰੰਪ ਨੇ ਸਹੁੰ ਚੁੱਕ ਸਮਾਰੋਹ ਤੋਂ ਬਾਅਦ ਕਈ ਐਕਸ਼ਨ ਕੀਤੇ, ਪਰ ਸਭ ਤੋਂ ਵੱਧ ਚਰਚਾ ਅਮੀਰਜ਼ਾਦੇ ਐਲਨ ਮਸਕ ਦੇ ਸਲੂਟ ਦੀ ਹੋ ਰਹੀ ਹੈ। ਅਮਰੀਕੀ ਮੀਡੀਏ ਤੇ ਸੋਸ਼ਲ ਮੀਡੀਏ ਵੱਲੋਂ ਇਸ ਸਲੂਟ ਦੀ ਤੁਲਨਾ ਹਿਟਲਰ ਦੇ ਨਾਜ਼ੀ ਸਲੂਟ ਨਾਲ ਕੀਤੀ ਜਾ ਰਹੀ ਹੈ। ਹਿਟਲਰ ਨੇ ਇਸ ਸਲੂਟ ਦਾ ਇਸਤੇਮਾਲ 1933 ਤੋਂ 1945 ਤੱਕ ਤੀਜੇ ਰਾਈਖ (ਤੀਜਾ ਜਰਮਨ ਸਾਮਰਾਜ) ਦੌਰਾਨ ਕੀਤਾ ਸੀ। ਜਾਪਦਾ ਹੈ ਟਰੰਪ ਹਿਟਲਰੀ ਸੋਚ ਦਾ ਮੁਦੱਈ ਹੈ। ਉਸ ਅਨੁਸਾਰ ਅਮਰੀਕਾ ਵਿਚ ਸਿਰਫ਼ ਅਮਰੀਕੀਆਂ ਨੂੰ ਹੀ ਵਸਣ ਦਾ ਅਧਿਕਾਰ ਹੈ। ਉਹ ਪ੍ਰਵਾਸੀਆਂ ਖ਼ਾਸ ਕਰ ਕੇ ਨਾਜਾਇਜ਼ ਤੌਰ 'ਤੇ ਅਮਰੀਕਾ ਪੁੱਜੇ ਪ੍ਰਵਾਸੀਆਂ ਨੂੰ ਦੇਸ਼ ਵਿਚੋਂ ਬਾਹਰ ਕੱਢਣ ਲਈ ਤੱਤਪਰ ਦਿੱਸਦਾ ਹੈ। ਟਰੰਪ ਨੇ ਇੱਕ ਹੁਕਮ ਜਾਰੀ ਕਰਕੇ 30,000 ਗ਼ੈਰ-ਕਾਨੂੰਨੀ ਪ੍ਰਵਾਸੀਆਂ ਨੂੰ ਫੜਕੇ ਬਦਨਾਮ ਗਵਾਂਤਾਨਾਮੋ ਬੇ ਜੇਲ੍ਹ (ਕਿਊਬਾ) ਵਿਚ ਡੱਕਣ ਲਈ ਤਿਆਰੀਆਂ ਕਰਨ ਦਾ ਹੁਕਮ ਕੀਤਾ ਹੈ। ਇਸ ਜੇਲ੍ਹ ਵਿਚ 30,000 ਕੈਦੀਆਂ ਨੂੰ ਡੱਕਣ ਲਈ ਤੁਰੰਤ ਮੰਜੇ-ਬਿਸਤਰੇ ਤਿਆਰ ਕਰ ਦਿੱਤੇ ਗਏ ਹਨ। ਇਸ ਜੇਲ੍ਹ ਵਿਚ ਆਮ ਤੌਰ 'ਤੇ ਅਤਿ ਖ਼ਤਰਨਾਕ ਅੱਤਵਾਦੀਆਂ, ਅਪਰਾਧੀਆਂ ਨੂੰ ਅਤਿਅੰਤ ਸੁਰੱਖਿਆ ਪ੍ਰਬੰਧਾਂ ਹੇਠ ਰੱਖਿਆ ਜਾਂਦਾ ਹੈ। ਇਥੇ ਕੈਦੀਆਂ ਨੂੰ ਬਹੁਤ ਤਸੀਹੇ ਦਿੱਤੇ ਜਾਂਦੇ ਹਨ। ਕੈਦੀਆਂ ਨੂੰ ਬਿਨ੍ਹਾਂ ਮੁਕੱਦਮੇ ਅਣਮਿੱਥੇ ਸਮੇਂ ਲਈ ਰੱਖਿਆ ਜਾਂਦਾ ਹੈ। ਪਿਛਲੇ 20 ਸਾਲਾਂ 'ਚ ਇਥੇ ਘੱਟੋ-ਘੱਟ 9 ਕੈਦੀਆਂ ਦੀ ਮੌਤ ਹੋਈ ਅਤੇ 7 ਨੇ ਆਤਮ ਹੱਤਿਆ ਕੀਤੀ। ਕੈਦੀਆਂ ਨੂੰ ਕਠਿਨ ਤਸੀਹੇ ਦੇਣ ਦੀ ਵਜ੍ਹਾ ਕਾਰਨ ਮਨੁੱਖੀ ਅਧਿਕਾਰ ਸੰਗਠਨਾਂ ਵੱਲੋਂ ਇਸ ਜੇਲ੍ਹ ਨੂੰ ਵਿਰੋਧ ਝੱਲਣਾ ਪਿਆ। ਇਸ ਸਮੇਂ ਇਸ ਜੇਲ੍ਹ 'ਚ ਸਿਰਫ਼ 15 ਕੈਦੀ ਹਨ। ਸਾਲ 2020 ਤੋਂ 2023 ਤੱਕ ਇਥੇ ਸਿਰਫ਼ 37 ਗ਼ੈਰ-ਕਾਨੂੰਨੀ ਪ੍ਰਵਾਸੀਆਂ ਨੂੰ ਰੱਖਿਆ ਗਿਆ। ਰਾਸ਼ਟਰਪਤੀ ਬਰਾਕ ਓਬਾਮਾ ਅਤੇ ਜੋਅ ਬਾਇਡਨ ਇਸ ਜੇਲ੍ਹ ਨੂੰ ਬੰਦ ਕਰਨ ਲਈ ਯਤਨ ਕਰ ਚੁੱਕੇ ਹਨ, ਪਰ ਅਮਰੀਕੀ ਕਾਂਗਰਸ ਦੇ ਵਿਰੋਧ ਕਾਰਨ ਬੰਦ ਨਹੀਂ ਕੀਤੀ ਜਾ ਸਕੀ।

ਅਮਰੀਕਾ 'ਚ ਇੱਕ ਸੂਚਨਾ ਅਨੁਸਾਰ ਦੁਨੀਆਂ ਭਰ ਦੇ 1 ਕਰੋੜ ਦੇ ਕਰੀਬ ਨਾਜਾਇਜ਼ ਤੌਰ 'ਤੇ ਅਮਰੀਕਾ ਵਸੇ ਪ੍ਰਵਾਸੀ (ਟਰੰਪ ਅਨੁਸਾਰ 2 ਕਰੋੜ) ਜਿਨ੍ਹਾਂ ਵਿਚ 6 ਲੱਖ ਪ੍ਰਵਾਸੀ ਭਾਰਤੀ ਵੀ ਸ਼ਾਮਲ ਹਨ, ਜੋ ਮੋਟੀਆਂ ਰਕਮਾਂ ਦੇ ਕੇ ਕੈਨੇਡਾ ਤੋਂ ਜਾਂ ਮੈਕਸੀਕੋ ਰਾਹੀਂ ਅਮਰੀਕਾ ਪੁੱਜੇ ਹਨ। ਜੋ ਟਰੰਪ ਦੇ ਡਰ ਤੋਂ ਸੁਰੱਖਿਅਤ ਟਿਕਾਣਿਆਂ ਤੇ ਕੈਲੀਫੋਰਨੀਆ ਬੋਸਟਨ ਆਦਿ ਰਾਜਾਂ 'ਚ ਜਾ ਦੁਬਕੇ ਹਨ, ਜਿੱਥੇ ਬਾਇਡਨ ਤੇ ਕਮਲਾ ਹੈਰਿਸ ਦੀ ਪਾਰਟੀ ਡੈਮੋਕਰੇਟਿਕ ਦਾ ਰਾਜ ਹੈ। ਟਰੰਪ ਨੇ ਮੈਕਸੀਕੋ ਬਾਰਡਰ ਬੰਦ ਕਰ ਦਿੱਤਾ ਹੈ ਅਤੇ ਨਾਜਾਇਜ਼ ਪ੍ਰਵਾਸੀਆਂ ਦੇ ਲਾਂਘੇ ਨੂੰ ਸਖ਼ਤੀ ਨਾਲ ਰੋਕ ਦਿੱਤਾ ਹੈ। ਅਮਰੀਕੀ ਬਾਰਡਰ ਇਮੀਗ੍ਰੇਸ਼ਨ ਅਨੁਸਾਰ ਕੈਨੇਡਾ ਬਾਰਡਰ ਤੋਂ 2.75 ਲੱਖ, ਮੈਕਸੀਕੋ ਬਾਰਡਰ ਤੋਂ 2.25 ਲੱਖ ਅਤੇ ਹੋਰ ਬਾਰਡਰਾਂ ਰਾਹੀਂ ਦੋ 2.25 ਲੱਖ ਭਾਰਤੀ ਅਮਰੀਕਾ ਪੁੱਜੇ ਹੋਏ ਹਨ। ਟਰੰਪ ਪ੍ਰਸ਼ਾਸਨ ਨੇ ਤੁਰੰਤ 18000 ਗ਼ੈਰ ਕਾਨੂੰਨੀ ਪ੍ਰਵਾਸੀਆਂ ਨੂੰ ਭਾਰਤ ਭੇਜਣ ਦਾ ਫ਼ੈਸਲਾ ਲੈ ਲਿਆ ਹੈ। ਰਾਸ਼ਟਰਪਤੀ ਟਰੰਪ ਨੇ ਲੇਕਨ ਰਿਲੇਅ ਐਕਟ ਉੱਪਰ ਦਸਤਖ਼ਤ ਕੀਤੇ ਹਨ, ਜਿਹੜਾ ਗ਼ੈਰ-ਕਾਨੂੰਨੀ ਪ੍ਰਵਾਸੀਆਂ ਵਿਰੁੱਧ ਕਾਰਵਾਈ ਲਈ ਇਮੀਗ੍ਰੇਸ਼ਨ ਅਫ਼ਸਰਾਂ ਨੂੰ ਬਹੁਤ ਜ਼ਿਆਦਾ ਅਧਿਕਾਰ ਦਿੰਦਾ ਹੈ। ਹੁਣ ਇਸ ਕਾਨੂੰਨ ਤਹਿਤ ਇਮੀਗ੍ਰੇਸ਼ਨ ਅਫ਼ਸਰ ਗ਼ੈਰ-ਕਾਨੂੰਨੀ ਪ੍ਰਵਾਸੀ ਨੂੰ ਉਸੇ ਵੇਲੇ ਆਪਣੀ ਹਿਰਾਸਤ ਵਿਚ ਲੈ ਸਕਣਗੇ, ਜਦੋਂ ਕਿਸੇ ਅਪਰਾਧ ਤਹਿਤ ਪੁਲਿਸ ਅਫ਼ਸਰਾਂ ਵੱਲੋਂ ਉਸ ਨੂੰ ਗ੍ਰਿਫ਼ਤਾਰ ਕੀਤਾ ਜਾਵੇਗਾ। ਉਸ ਵਿਰੁੱਧ ਮੁਕੱਦਮੇ ਦੀ ਬਜਾਏ ਉਸ ਨੂੰ ਸਿੱਧਾ ਦੇਸ਼-ਨਿਕਾਲਾ ਦੇ ਦਿੱਤਾ ਜਾਵੇਗਾ।

ਟਰੰਪ ਤਾਕਤ ਦੇ ਗ਼ਰੂਰ ਵਿਚ ਇੰਨਾ ਨਸ਼ਿਆ ਚੁੱਕਾ ਹੈ ਕਿ ਨਿੱਤ-ਦਿਹਾੜੇ ਉਸ ਵੱਲੋਂ ਗ਼ੈਰ ਕਾਨੂੰਨੀ ਆਦੇਸ਼ ਜਾਰੀ ਹੋ ਰਹੇ ਹਨ, ਜਿਨ੍ਹਾਂ ਨੂੰ ਅਮਰੀਕੀ ਅਦਾਲਤਾਂ ਵਿਚ ਚੁਣੌਤੀ ਦਿੱਤੀ ਗਈ ਹੈ। ਸਿਆਟਲ (ਕੈਲੀਫੋਰਨੀਆ) ਦੀ ਅਮਰੀਕੀ ਸੰਘੀ ਅਦਾਲਤ ਵੱਲੋਂ ਜਨਮ ਦੇ ਆਧਾਰ 'ਤੇ ਨਾਗਰਿਕਤਾ ਖ਼ਤਮ ਕਰਨ ਦੇ ਟਰੰਪ ਦੇ ਹੁਕਮਾਂ 'ਤੇ ਰੋਕ ਲਗਾ ਦਿੱਤੀ ਗਈ ਹੈ। ਅਦਾਲਤ ਨੇ ਕਿਹਾ ਹੈ ਕਿ ਜਨਮ ਦੇ ਆਧਾਰ 'ਤੇ ਨਾਗਰਿਕਤਾ ਦੇਣ ਤੋਂ ਇਨਕਾਰ ਕਰਨਾ ਗ਼ੈਰ ਕਾਨੂੰਨੀ ਤੇ ਜ਼ਾਲਮਾਨਾ ਹੈ ਤੇ ਅਮਰੀਕੀ ਕਦਰਾਂ-ਕੀਮਤਾਂ ਦੇ ਉਲਟ ਹੈ। ਇਥੇ ਇਹ ਵਰਣਨ ਕਰਨਾ ਜ਼ਰੂਰੀ ਹੈ ਕਿ ਅਮਰੀਕੀ ਸੰਵਿਧਾਨ ਦੀ ਚੌਦਵੀਂ ਸੋਧ ਜਨਮ ਨਾਗਰਿਕਤਾ ਗਰੰਟੀ ਨੂੰ 1868 'ਚ ਸਿਵਲ ਯੁੱਧ ਦੇ ਮੱਦੇ ਨਜ਼ਰ ਪ੍ਰਵਾਨਗੀ ਦਿੱਤੀ ਗਈ ਸੀ, ਤਾਂ ਜੋ ਗੁਲਾਮ ਕਾਲੇ ਲੋਕ ਵੀ ਨਾਗਰਿਕ ਬਣ ਸਕਣ। ਅਮਰੀਕੀ ਸੈਨੇਟ 'ਚ ਇੱਕ ਬਿੱਲ ਪੇਸ਼ ਕਰਦੇ ਹੋਏ ਅਮਰੀਕਾ 'ਚ ਜਨਮ ਤੋਂ ਹੀ ਨਾਗਰਿਕਤਾ ਦੇ ਅਧਿਕਾਰ ਨੂੰ ਖ਼ਤਮ ਕਰਨ ਦੀ ਮੰਗ ਕੀਤੀ ਗਈ ਹੈ। ਇਹ ਬਿੱਲ ਸੱਤਾਧਾਰੀ ਰੀਪਬਲਿਕਨ ਪਾਰਟੀ ਦੇ ਤਿੰਨ ਮੈਂਬਰਾਂ ਵੱਲੋਂ ਲਿਆਂਦਾ ਹੈ। ਇਥੇ ਇਹ ਵਰਨਣਯੋਗ ਹੈ ਕਿ ਸਾਲ 2023 'ਚ 2-2.5 ਲੱਖ ਬੱਚਿਆਂ ਨੂੰ ਜਨਮ ਅਧਿਕਾਰ ਨਾਗਰਿਕਤਾ ਮਿਲੀ ਸੀ। ਟਰੰਪ ਦਾ ਬਿਆਨ ਵੀ ਚਰਚਾ 'ਚ ਹੈ ਕਿ ਜਨਮ ਜਾਤ ਨਾਗਰਿਕਤਾ ਮੁੱਖ ਤੌਰ 'ਤੇ ਗੁਲਾਮਾਂ ਦੇ ਬੱਚਿਆਂ ਲਈ ਸੀ। ਇਹ ਪੂਰੀ ਦੁਨੀਆਂ ਦੇ ਲੋਕਾਂ ਦੇ ਅਮਰੀਕਾ ਆਉਣ 'ਤੇ ਭੀੜ ਲਗਾਉਣ ਲਈ ਨਹੀਂ ਹੈ।

ਡੋਨਾਲਡ ਟਰੰਪ ਅਤੇ ਉਸਦੇ ਪ੍ਰਸ਼ਾਸਨਿਕ ਅਧਿਕਾਰੀ ਆਪਣੇ ਵੱਲੋਂ ਕੀਤੇ ਸੱਚੇ ਝੂਠੇ ਵਾਅਦਿਆਂ ਦੀ ਪੂਰਤੀ ਲਈ ਇੰਨੇ ਕਾਹਲੇ ਹਨ ਕਿ ਉਨ੍ਹਾਂ ਵੱਲੋਂ ਇਮੀਗ੍ਰੇਸ਼ਨ ਕਸਟਮ ਫੋਰਸਮੈਂਟ ਅਤੇ ਸਰਹੱਦੀ ਸੁਰੱਖਿਆ ਲਾਗੂ ਕਰਨ ਲਈ ਬਾਇਡਨ ਪ੍ਰਸ਼ਾਸਨ ਦੇ ਵੱਲੋਂ ਦਿੱਤੇ ਦਿਸ਼ਾ-ਨਿਰਦੇਸ਼ਾਂ ਨੂੰ ਰੱਦ ਕਰ ਦਿੱਤਾ, ਜੋ ਅਖੌਤੀ ਸੰਵੇਦਨਸ਼ੀਲ ਖੇਤਰਾਂ ਜਾਂ ਉਨ੍ਹਾਂ ਨੇੜੇ ਕਾਨੂੰਨ ਲਾਗੂ ਕਰਨ ਸੰਬੰਧੀ ਕਾਰਵਾਈਆਂ ਨੂੰ ਰੋਕਦੀਆਂ ਹਨ।

ਇਨ੍ਹਾਂ ਸੰਵੇਦਨਸ਼ੀਲ ਖੇਤਰਾਂ 'ਚ ਗੁਰਦੁਆਰਾ ਅਤੇ ਚਰਚ ਵਰਗੇ ਪੂਜਾ ਸਥਾਨ ਵੀ ਸ਼ਾਮਲ ਹਨ। ਇਨ੍ਹਾਂ ਕਾਰਵਾਈਆਂ ਦੇ ਚਲਦਿਆਂ ਅਮਰੀਕੀ ਏਜੰਸੀਆਂ ਵੱਲੋਂ ਗੁਰਦੁਆਰਿਆਂ ਦੇ ਗੇੜੇ ਮਾਰਨੇ ਸ਼ੁਰੂ ਕਰ ਦਿੱਤੇ ਗਏ ਹਨ।

ਇੱਥੇ ਹੀ ਬੱਸ ਨਹੀਂ, ਤਾਕਤ ਦਾ ਗ਼ੁਬਾਰ ਟਰੰਪ ਦੇ ਸਿਰ ਵਿਚੋਂ ਇਥੋਂ ਤੱਕ ਚੜ੍ਹ ਕੇ ਬੋਲ ਰਿਹਾ ਹੈ ਕਿ ਟਰੰਪ ਦੇ ਇੱਕ ਫ਼ਰਮਾਨ ਨਾਲ਼ 180 ਦੇਸ਼ਾਂ ਨੂੰ 5 ਲੱਖ ਡਾਲਰ ਦੀ ਮਦਦ ਬੰਦ ਕਰ ਦਿੱਤੀ ਗਈ ਹੈ, ਜਿਸ ਵਿਚ ਭਾਰਤ ਦੀ 1300 ਕਰੋੜ ਦੀ ਮਦਦ ਥੰਮ੍ਹ ਗਈ ਹੈ। ਇਸ ਨਾਲ਼ ਐੱਚ.ਆਈ.ਵੀ./ਏਡਜ਼ ਦੇ ਖਿਲਾਫ਼ ਜਾਰੀ ਲੜਾਈ ਲਈ ਅਫ਼ਰੀਕੀ ਦੇਸ਼ਾਂ ਨੂੰ ਮਦਦ ਵੀ ਪ੍ਰਭਾਵਿਤ ਹੋਵੇਗੀ। ਇਸ ਯੋਜਨਾ ਤਹਿਤ ਹੁਣ ਤੱਕ 2.6 ਕਰੋੜ ਲੋਕਾਂ ਦੀ ਜਾਨ ਬਚਾਈ ਗਈ।

ਟਰੰਪ ਵੱਲੋਂ ਨਿੱਤ-ਦਿਹਾੜੇ ਕੀਤੇ ਜਾ ਰਹੇ ਐਲਾਨ ਅਤੇ ਵਾਅਦੇ ਦੇਸ਼ ਨੂੰ ਅਰਾਜਕਤਾ ਵੱਲ ਧੱਕਣ ਦਾ ਕਾਰਨ ਬਣਨਗੇ। ਅਮਰੀਕਾ ਵੱਲੋਂ ਵੱਖੋ-ਵੱਖਰੇ



ਦੇਸ਼ਾਂ ਨੂੰ ਉਨ੍ਹਾਂ ਵੱਲੋਂ ਦਿੱਤੇ ਆਦੇਸ਼ਾਂ ਨੂੰ ਨਾ ਮੰਨਣ 'ਤੇ ਦਿੱਤੀਆਂ ਵੱਡੀਆਂ ਧਮਕੀਆਂ, ਅਮਰੀਕਾ ਦੇ ਦੋਸਤ ਦੇਸ਼ਾਂ ਨਾਲ਼ ਸੰਬੰਧ ਵਿਗਾੜਨਗੀਆਂ ਅਤੇ ਇਹ ਦੇਸ਼ ਕਿਸੇ ਹੋਰ ਦੇਸ਼ ਨਾਲ਼ ਆਪਣੀ ਸਾਂਝ ਵਧਾਉਣ ਲਈ ਅੱਗੇ ਆਉਣਗੇ। ਭਾਰਤ ਤੇ ਅਮਰੀਕਾ ਦੇ ਸੰਬੰਧ ਸੁਖਾਵੇਂ ਹਨ, ਪਰ ਟਰੰਪ ਵੱਲੋਂ ਮੌਜੂਦਾ ਸਮੇਂ ਭਾਰਤ ਨਾਲ਼ ਭੈੜਾ ਵਿਵਹਾਰ ਦੋਹਾਂ ਦੇਸ਼ਾਂ ਦੇ ਆਪਸੀ ਵਪਾਰ ਅਤੇ ਸੰਬੰਧਾਂ 'ਤੇ ਅਸਰ ਪਾਏਗਾ। ਭਾਰਤ, ਚੀਨ ਅਤੇ ਬ੍ਰਾਜ਼ੀਲ ਉੱਤੇ 100 ਫ਼ੀਸਦੀ ਟੈਕਸ ਲਗਾਉਣ ਦੀਆਂ ਖ਼ਬਰਾਂ ਵੀ ਹਨ। ਟਰੰਪ ਦੇ ਨਿਸ਼ਾਨੇ ਉਤੇ ਚੀਨ ਅਤੇ ਰੂਸ ਤੋਂ ਵੀ ਪਹਿਲਾਂ ਗੁਆਂਢੀ ਮੁਲਕ ਕੈਨੇਡਾ ਅਤੇ ਮੈਕਸੀਕੋ ਹਨ। ਇਨ੍ਹਾਂ ਦੋਨਾਂ ਦੇਸ਼ਾਂ ਨਾਲ ਅਮਰੀਕਾ ਦਾ ਵਪਾਰ ਇੱਕ ਟ੍ਰਿਲੀਅਨ ਡਾਲਰ ਹੈ। ਟਰੰਪ ਦਾ ਕਹਿਣਾ ਹੈ ਕਿ ਇਹ ਦੋਵੇਂ ਮੁਲਕ ਉਸਦੀ ਉਦਾਰਤਾ ਦਾ ਲਾਭ ਲੈ ਰਹੇ ਹਨ। ਉਸਨੇ ਇਨ੍ਹਾਂ ਮੁਲਕਾਂ ਨੂੰ ਧਮਕੀ ਦਿੱਤੀ ਹੈ ਕਿ ਜੇਕਰ ਉਹ ਬਾਜ ਨਾ ਆਏ, ਤਾਂ ਅਮਰੀਕਾ ਟੈਕਸ ਟੈਰਿਫ ਵਧਾ ਦੇਵੇਗਾ।

ਡੋਨਾਲਡ ਟਰੰਪ ਸਹੁੰ ਚੁੱਕਣ ਤੋਂ ਬਾਅਦ ਸੈਨਾ ਦੇ ਕਮਾਂਡਰ-ਇਨ-ਚੀਫ਼ ਸਵਾਗਤ ਸਮਾਰੋਹ 'ਚ ਤਲਵਾਰ ਲੈ ਕੇ ਨੱਚਦੇ ਨਜ਼ਰ ਆਏ। ਉਨ੍ਹਾਂ ਤਲਵਾਰ ਨਾਲ ਕੇਕ ਕੱਟਿਆ। ਉਨ੍ਹਾਂ ਦਾ ਇਹ ਰੂਪ-ਸਰੂਪ ਨਾਜ਼ੀ ਸਰੂਪ ਦਾ ਪ੍ਰਤੀਕ ਜਾਪ ਰਿਹਾ ਹੈ। ਇਹ ਉਨ੍ਹਾਂ ਦਾ ਸਵਾਰਥੀ ਸਰੂਪ ਵੀ ਹੈ। ਟਰੰਪ ਅਮਰੀਕਾ ਨੂੰ ਗ੍ਰੇਟ ਬਣਾਉਣ ਦੇ ਚੱਕਰ 'ਚ ਆਪਣਾ ਅਕਸ ਵੱਡਾ ਕਰਨ ਦੀ ਤਾਕ 'ਚ ਹੈ।

ਜਿਵੇਂ ਭਾਰਤੀ ਲੋਕਤੰਤਰ 'ਚ ਨਰੇਂਦਰ ਮੋਦੀ ਭਾਜਪਾ ਆਰ.ਐੱਸ.ਐੱਸ. ਦੀ ਛਤਰ-ਛਾਇਆ 'ਚ ਦੇਸ਼ ਵਿਚ ਰਾਜਾਸ਼ਾਹੀ ਲਿਆਉਣ ਦੀ ਤਾਕ ਵਿਚ ਹੈ ਅਤੇ ਜਿਵੇਂ ਲੋਕਤੰਤਰ ਦੇ ਪਰਦੇ ਹੇਠ ਵਲਾਦੀਮੀਰ ਪੁਤਿਨ ਨੇ ਰੂਸ 'ਚ ਤਾਨਾਸ਼ਾਹੀ ਹਕੂਮਤ ਕਾਇਮ ਕਰ ਦਿੱਤੀ ਹੈ, ਉਵੇਂ ਹੀ ਰਾਸ਼ਟਰਪਤੀ ਡੋਨਾਲਡ ਟਰੰਪ ਜੋ ਰਾਸ਼ਟਰਵਾਦ ਦਾ ਅਮਰੀਕਾ ਵਿਚ ਨਵਾਂ ਅਧਿਆਏ ਲਿਖ ਰਿਹਾ ਹੈ, ਆਪਣੇ ਕੌਤਕੀ ਸੁਭਾਅ ਨਾਲ਼ ਆਪਣਾ ਸਖਸ਼ੀ ਉਭਾਰ ਕਰਕੇ ਦੁਨੀਆਂ 'ਚ ਇੱਕ ਡਿਕਟੇਟਰ ਵਜੋਂ ਆਪਣਾ ਨਾਂ ਪੈਦਾ ਕਰਨ ਦੇ ਯਤਨ 'ਚ ਹੈ। ਇਹ ਲੋਕਤੰਤਰ ਅਮਰੀਕਾ ਲਈ ਹੀ ਘਾਤਕ ਨਹੀਂ ਹੈ, ਸਗੋਂ ਸਮੁੱਚੀ ਦੁਨੀਆਂ ਲਈ ਖ਼ਤਰੇ ਦੀ ਘੰਟੀ ਹੈ।

# ਗੁ: ਸ੍ਰੀ ਛੇਹਰਟਾ ਸਾਹਿਬ ਦੀ ਬਸੰਤ ਪੰਚਮੀ ਦਾ ਇਤਿਹਾਸ

ਪ੍ਰੋ: ਬਾਬਾ ਨਿਰਮਲ ਸਿੰਘ ਰੰਧਾਵਾ
ਛੇਹਰਟਾ, 99880-66466
ਪੰਜਾਬ ਮੇਲ USA



ਸੰਨ 1595 ਈ: ਵਿਚ ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਵੱਲੋਂ ਆਪਣੇ ਗ੍ਰਹਿ ਅਤੇ ਮਾਤਾ ਗੰਗਾ ਜੀ ਦੀ ਕੁੱਖੋਂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਪਿੰਡ ਗੁਰੂ ਕੀ ਵਡਾਲੀ ਵਿਖੇ ਪ੍ਰਕਾਸ਼ ਲੈਣ ਦੀ ਖ਼ੁਸ਼ੀ ਵਿਚ ਪਿੰਡ ਦੀ ਜੂਹ ਵਿਚ ਪੰਜ ਖੂਹਾਂ (ਦੋ ਹਰਟਾ, ਤਿੰਨ ਹਰਟਾ, ਚਾਰ ਹਰਟਾ, ਪੰਜ ਹਰਟਾ ਅਤੇ ਛੇ ਹਰਟਾ) ਦੇ ਨਿਰਮਾਣ ਬਾਬਾ ਬੁੱਢਾ ਸਾਹਿਬ ਜੀ ਦੀ ਵੰਸ਼ਜ 'ਬਾਬਾ ਸਹਾਰੀ ਗੁਰੂ ਕਾ ਹਾਲੀ' ਰੰਧਾਵਾ ਦੀ ਨਿਗਰਾਨੀ ਹੇਠ ਕਰਵਾਏ ਸਨ ਕਿਉਂਕਿ ਉਸ ਸਮੇਂ ਇਸ ਇਲਾਕੇ 'ਚ ਔੜ ਕਾਰਨ ਪਾਣੀ ਦੀ ਬਹੁਤ ਘਾਟ ਸੀ। ਇਨ੍ਹਾਂ ਪੰਜਾਂ ਖੂਹਾਂ 'ਚ ਕਈ ਹਰਟੇ ਚੱਲਣ ਨਾਲ ਸਾਰੇ ਪਾਸੇ ਫਸਲਬਾੜੀ ਦੀਆਂ ਲਹਿਰਾਂ ਬਹਿਰਾਂ ਹੋ ਗਈਆਂ। ਛੇ ਹਰਟਾਂ ਵਾਲੇ ਖੂਹ ਦੇ ਨਾਮ 'ਤੇ ਹੀ ਕਸਬੇ ਦਾ ਨਾਮ 'ਛੇਹਰਟਾ' ਪ੍ਰਸਿੱਧ ਹੋ ਗਿਆ ਹੈ। ਸੰਨ 1598 ਈ: ਵਿਚ ਪੰਚਮ ਗੁਰੂ ਜੀ ਨੇ ਛੇਹਰਟਾ ਖੂਹ ਨੂੰ ਬਸੰਤ ਰੁੱਤ ਵਿਚ ਆਉਂਦੀ ਪੰਚਮੀ ਵਾਲੇ ਦਿਨ ਚਾਲੂ ਕੀਤਾ ਸੀ, ਜਿਸ ਕਰਕੇ ਇਸ ਮਹੀਨੇ ਆਉਂਦੀ ਪੰਚਮੀ ਨੂੰ 'ਬਸੰਤ ਪੰਚਮੀ' ਕਿਹਾ ਜਾਂਦਾ ਹੈ।

ਗੁ: ਸ੍ਰੀ ਛੇਹਰਟਾ ਸਾਹਿਬ ਵਿਖੇ ਸ਼ਰਧਾ ਭਾਵਨਾ ਨਾਲ ਮਨਾਏ ਜਾਂਦੇ ਸਾਲਾਨਾ



ਇਤਿਹਾਸਕ ਖੂਹ ਛੇਹਰਟਾ

ਬਸੰਤ ਪੰਚਮੀ ਦੇ ਜੋੜ ਮੇਲੇ ਦੇ ਇਤਿਹਾਸ ਦਾ ਪਿਛੋਕੜ ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਨਾਲ ਸਬੰਧਤ ਹੈ, ਭਾਵ ਪੰਚਮ ਗੁਰੂ ਜੀ ਦੇ ਸਮੇਂ ਤੋਂ ਹੀ ਸੰਗਤਾਂ ਹਰੇਕ ਮਹੀਨੇ ਦੀ ਪੰਚਮੀ 'ਤੇ ਇਸ ਛੇ ਹਰਟਾ ਭਾਵ 6 ਮਾਹਲਾਂ ਵਾਲੇ ਇਤਿਹਾਸਕ ਖੂਹ 'ਤੇ ਆ ਕੇ ਦਰਸ਼ਨ ਇਸ਼ਨਾਨ ਕਰਕੇ ਮੁਰਾਦਾਂ ਪੂਰੀਆਂ ਕਰਦੀਆਂ ਆ ਰਹੀਆਂ ਹਨ। ਸੰਸਾਰ ਦੇ ਇਤਿਹਾਸ ਵਿਚ ਇੱਕੋ ਖੂਹ 'ਤੇ ਛੇ ਮਾਹਲਾਂ (ਹਰਟ) ਚਲਾਉਣ ਦੀ ਇਤਿਹਾਸਕ ਘਟਨਾ ਪਹਿਲੀ ਵਾਰ ਵਾਪਰੀ ਕਿ ਗੁਰੂ ਜੀ ਨੇ ਖੇਤੀ ਨੂੰ ਸਿੰਜਣ ਲਈ ਇੱਕੋ ਖੂਹ 'ਤੇ ਛੇ ਮਾਹਲਾਂ (ਪਰਸ਼ੀਅਨ ਵ੍ਹੀਲ) ਚਲਾ ਦਿੱਤੀਆਂ। ਸੋ ਗੁਰੂ ਜੀ ਵੱਲੋਂ ਛੇਹਰਟਾ ਖੂਹ ਨੂੰ ਦਿੱਤੀਆਂ ਬਖਸ਼ਿਸ਼ਾਂ ਕਰਕੇ ਸੰਗਤਾਂ ਵੱਲੋਂ ਹਰੇਕ ਮਹੀਨੇ ਆਉਂਦੀ ਪੰਚਮੀ 'ਤੇ ਇਸ਼ਨਾਨ ਕਰਕੇ ਔਲਾਦ ਲਈ ਅਰਦਾਸਾਂ ਬੇਨਤੀਆਂ ਕਰਵਾਈਆਂ ਜਾਂਦੀਆਂ ਹਨ। ਪੰਚਮ ਗੁਰੂ ਜੀ ਨੇ ਗੁਰੂ ਕੀ ਵਡਾਲੀ ਵਿਖੇ ਆਪਣੇ ਗ੍ਰਹਿ ਛੇਵੇਂ ਪਾਤਸ਼ਾਹ ਜੀ ਦੇ ਪ੍ਰਕਾਸ਼ ਲੈਣ ਦੀ ਖੁਸ਼ੀ ਵਿਚ ਇਸੇ ਅਸਥਾਨ 'ਤੇ ਹੀ ਅਕਾਲ ਪੁਰਖ ਦੇ ਸ਼ੁਕਰਾਨੇ ਹਿੱਤ "ਸਤਿਗੁਰ ਸਾਚੈ ਦੀਆ ਭੇਜਿ" ਵਾਲੇ ਸ਼ਬਦ ਦੀ ਰਚਨਾ ਕੀਤੀ ਸੀ, ਜੋ ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 396 ਅੰਗ 'ਤੇ ਅੰਕਿਤ ਹੈ। ਏਸੇ ਅਸਥਾਨ 'ਤੇ ਹੀ ਬਾਅਦ 'ਚ ਪੰਚਮ ਗੁਰੂ ਜੀ ਵੱਲੋਂ 'ਛੇਹਰਟਾ ਖੂਹ' ਤਾਮੀਰ ਕਰਵਾਇਆ ਗਿਆ ਸੀ, ਜਿਸ ਨੂੰ ਹੁਣ 'ਗੁਰਦੁਆਰਾ ਸ੍ਰੀ ਛੇਹਰਟਾ ਸਾਹਿਬ' ਦੇ ਨਾਮ ਨਾਲ ਜਾਣਿਆ ਜਾਂਦਾ ਹੈ। ਛੇਹਰਟਾ ਖੂਹ ਨੂੰ ਪੰਚਮ ਪਾਤਸ਼ਾਹ ਜੀ ਨੇ ਵਰ ਦਿੱਤਾ ਕਿ ਜਿਸ ਇਸਤਰੀ ਦੇ ਘਰ ਕੋਈ ਧੀ-ਪੁੱਤ ਨਾ ਹੋਇਆ ਹੋਵੇ ਜਾਂ ਔਲਾਦ ਨਾ ਬੱਚਦੀ ਹੋਵੇ, ਤਾਂ ਇਸ ਖੂਹ 'ਤੇ ਆ ਕੇ 12 ਪੰਚਮੀਆਂ ਇਸ਼ਨਾਨ ਕਰਕੇ ਗੁਰਬਾਣੀ ਪੜ੍ਹੇ, ਬੰਦਗੀ ਕਰੇ ਅਤੇ "ਸਤਿਗੁਰ ਸਾਚੈ ਦੀਆ ਭੇਜਿ" ਵਾਲੇ ਸ਼ਬਦ ਦਾ ਦਿਨ ਰਾਤ ਜਾਪ ਕਰੇ, ਤਾਂ ਉਸ ਨੂੰ ਔਲਾਦ ਦੀ ਬਖਸ਼ਿਸ਼ ਹੋਵੇਗੀ ("ਰਚਿਓ ਛੇਹਰਟਾ ਅਤਿ ਸੁਖਦਾਈ। ਤਾ ਕੀ ਮਹਿਮਾ ਅਧਿਕ ਬਡਾਈ। ਪੁੱਤਰ ਹੇਤੁ ਜੋਉ ਨਾਰੀ ਮਾਸਿ ਮਾਸਿ ਈਹਾਂ ਨਾਏ। ਏਕੁ ਬਰਸਿ ਮਹਿ ਸੁਤਿ ਲਹਿ ਸਤਿਗੁਰ ਅਸਿ ਫੁਰਮਾਇ।"-ਗੁਰ ਬਿਲਾਸ ਪਾਤਸ਼ਾਹੀ ਛੇਵੀਂ) ਸੋ ਪੰਚਮ ਗੁਰੂ ਜੀ ਦੇ ਦਿੱਤੇ ਵਰ ਸਦਕਾ ਸੰਗਤਾਂ ਆਪਣੀਆਂ ਅਰਦਾਸਾਂ ਪੂਰੀਆਂ ਹੋਣ 'ਤੇ ਸਾਲ ਬਾਅਦ ਭਾਰੀ ਗਿਣਤੀ 'ਚ ਬਸੰਤ ਪੰਚਮੀ 'ਤੇ ਆਪਣੇ ਬੱਚਿਆਂ ਦੀਆਂ ਸੁੱਖਣਾ ਪੂਰੀਆਂ ਕਰਨ ਆਉਂਦੀਆਂ ਹਨ। ਗੁਰਦੁਆਰਾ ਸਾਹਿਬ ਦੇ ਸਰੋਵਰ 'ਚ ਛੇਹਰਟਾ ਖੂਹ 'ਚੋਂ ਪੈਂਦੇ ਜਲ ਨਾਲ ਸੰਗਤਾਂ ਇਸ਼ਨਾਨ ਕਰਦੀਆਂ ਹਨ।

---

## ਆਜ਼ਾਦੀ ਦੇ ਓਹਲੇ

# 'ਅਸੀਂ ਚੱਠਿਆਂ ਦੇ ਸਰਦਾਰ ਵੱਜਦੇ ਆਂ'

### ਹਿਜ਼ਰਤਨਾਮਾ 86: ਅਜੀਤ ਸਿੰਘ ਪਟਿਆਲਾ

ਮੁਲਾਕਾਤੀ: ਸਤਵੀਰ ਸਿੰਘ ਚਾਨੀਆਂ
92569-73526
(Punjab Mail USA)



"ਸਾਡੇ ਬਜ਼ੁਰਗ ਇਧਰੋਂ ਉਧਰ ਨਹੀਂ ਗਏ, ਸਗੋਂ ਸਾਡਾ ਜੱਦੀ ਪਿੰਡ ਉਧਰ ਹੀ ਸ਼ਾਹੀ ਸ਼ਹਿਰ ਜ਼ਿਲ੍ਹਾ ਲਾਹੌਰ ਦੀ ਤਹਿਸੀਲ ਕਸੂਰ ਦਾ 3300 ਕਿੱਲਾ ਜ਼ਮੀਨ ਦੀ ਮਾਲਕੀ ਦਾ ਪਿੰਡ, ਚੱਠਿਆਂ ਵਾਲਾ ਸੀ। ਬਰਾਦਰੀ ਸਾਡੀ ਰਾਮਗੜ੍ਹੀਆ ਹੈ ਪਰ ਸਾਡੇ ਵਡੇਰਿਆਂ ਕਦੇ ਵੀ ਲੁਹਾਰਾਂ, ਤਰਖਾਣਾਂ ਕੰਮ ਨਹੀਂ ਕੀਤਾ। ਜ਼ਮੀਨਾਂ ਵਾਲੇ ਸਰਦਾਰ ਆਂ, ਅਸੀਂ।

ਮੇਰੀ ਪੈਦਾਇਸ਼ 1927 'ਚ ਸ. ਨੰਦ ਸਿੰਘ/ਮਾਈ ਆਸ ਕੌਰ ਦੇ ਘਰ ਹੋਈ ਸ. ਗੰਗਾ ਸਿੰਘ ਅਤੇ ਸ. ਚੰਦਾ ਸਿੰਘ ਮੇਰੇ ਚਾਚੇ ਹੋਏ। ਸ. ਹੀਰਾ ਸਿੰਘ ਸਾਡਾ ਬਾਬਾ ਤੇ ਦਾਦੀ ਮਾਈ ਗੁਰਬਚਨ ਕੌਰ। ਜਿਨ੍ਹਾਂ ਦੀ ਸੱਤਰ ਬਿੱਗਿਆਂ ਦੀ ਖੇਤੀ ਸੀ। ਨਹਿਰੀ ਨਿਜ਼ਾਮ ਤਦੋਂ ਉਧਰ ਸਾਡੇ ਹਲਕੇ ਵਿਚ ਵਿਕਸਿਤ ਨਹੀਂ ਸੀ। ਬਹੁਤਾਤ ਜ਼ਮੀਨਾਂ ਮਾਰੂ ਹੀ। 1942 ਵਿਚ ਬਜ਼ੁਰਗਾਂ ਨੇ ਖੂਹ ਲਵਾਇਆ। ਪਾਣੀ ਦੀ ਥੁੜ੍ਹ ਕਰਕੇ ਕਣਕ, ਛੋਲੇ, ਸਰੋਂ ਹੀ ਬਹੁਤੀ ਬੀਜਦੇ, ਜੋ ਪਿਤਾ ਜੀ ਗੁਆਂਢ ਵਿਚ ਪੈਂਦੀ ਲਲਿਆਣੀ ਮੰਡੀ ਵੇਚ ਆਉਂਦੇ ਜਾਂ ਮੱਧਮ ਵਪਾਰੀ ਪਿੰਡਾਂ 'ਚੋਂ ਖ਼ੁਦ ਖਰੀਦ ਕੇ ਲੈ ਜਾਂਦੇ। ਨੌਕਰ ਬਕਾਇਦਾ ਅਸਾਂ ਕੋਈ ਨਾ ਰੱਖਿਆ। ਸਾਰਾ ਪਰਿਵਾਰ ਮਿਲ਼ ਕੇ ਹੱਥੀਂ ਕੰਮ ਕਰਦਾ। ਹਾੜ੍ਹੀ-ਸਾਉਣੀ ਜਦ ਕੰਮ ਦਾ ਜ਼ੋਰ ਹੁੰਦਾ, ਤਾਂ ਪਿੰਡੋਂ ਦਿਹਾੜੀਦਾਰ ਲੈ ਜਾਂਦੇ। ਆਦਿਧਰਮੀਆਂ 'ਚੋਂ ਮਾਈ ਈਸ਼ਰ ਕੌਰ ਬੇਬੇ ਹੋਰਾਂ ਨਾਲ਼ ਘਰ ਦੇ ਕੰਮਾਂ ਵਿਚ ਮਦਦ ਕਰ ਜਾਂਦੀ। ਮੁਸਲਮਾਨਾਂ 'ਚੋਂ ਆਲਾ, ਸ਼ੇਖ, ਛੱਜੂ, ਫੁੰਮ੍ਹਣ, ਸੂਬਾ ਅਤੇ ਆਦਿ ਧਰਮੀਆਂ ਦਾ ਸੁਲੱਖਣ ਮੇਰੇ ਬਚਪਨ ਦੇ ਬੇਲੀ ਹੁੰਦੇ, ਜਿਨ੍ਹਾਂ ਨਾਲ਼ ਮੈਂ ਖੇਡਿਆ ਕਰਦਾ।

ਪਿੰਡ ਦਾ ਵਸੇਬ: ਸਾਡਾ ਪਿੰਡ 14 ਪੱਤੀਆਂ ਦਾ ਇੱਕ ਵੱਡਾ ਕਸਬਾ ਸੀ। ਸਾਰੀਆਂ ਕੌਮਾਂ ਦੇ ਲੋਕ ਵਾਸ ਕਰਦੇ। ਖਹਿਰਾ ਗੋਤ ਦੇ ਜਿੰਮੀਦਾਰ ਸਿੱਖ ਤਬਕੇ ਦੀ ਬਹੁਤਾਤ ਅਤੇ ਸਰਦਾਰੀ ਸੀ। ਮੁਸਲਮਾਨ ਕੇਵਲ 3-4 ਕਾਮਿਆਂ ਦੇ ਹੀ ਘਰ ਸਨ। ਸਾਰੇ ਇਕ ਦੂਜੇ ਦੇ ਕੰਮ ਆਉਂਦੇ, ਦੁੱਖ਼-ਸੁੱਖ ਵਿਚ ਸਾਂਝੀ ਹੁੰਦੇ। ਪਿੰਡ ਦੀ ਧੀ-ਜਵਾਈ ਸਾਰੇ ਪਿੰਡ ਦਾ ਸਾਂਝਾ ਹੁੰਦਾ।

ਗੁਆਂਢੀ ਪਿੰਡ: ਰਾਜੋਕੇ, ਲੀਲ੍ਹ, ਬੇਦੀਆਂ, ਬੇਗ਼ਲ, ਵਾਂ, ਭੋਜਾ, ਆਸਲ, ਸਰਹਾਲੀ ਅਤੇ ਰਾਇਵਿੰਡ ਸਾਡੇ ਗੁਆਂਢੀ ਪਿੰਡ ਸੁਣੀਂਦੇ।

ਪਿੰਡ ਦੇ ਚੌਧਰੀ: ਚੌਧਰੀਆਂ 'ਚੋਂ ਕਰਤਾਰ ਸਿੰਘ, ਮਹਿੰਦਰ ਸਿੰਘ, ਸੌਦਾਗਰ ਸਿੰਘ, ਗੁਰਦਿੱਤ ਸਿੰਘ ਜੋਂ ਪਿੰਡ ਵਿਚ ਵੱਡੀਆਂ ਹਵੇਲੀਆਂ ਦੇ ਮਾਲਕ ਸਨ, ਹੁੰਦੇ। ਆਸਾ ਸਿੰਘ ਭਲਵਾਨ, ਸੋਹਣ ਸਿੰਘ ਲੰਬੜਦਾਰ ਵੱਜਦੇ। ਥਾਣੇ ਜਾਂ ਤਸੀਲੇ ਕੋਈ ਕੰਮ ਹੁੰਦਾ,



ਖੱਬਿਓਂ ਸ. ਬਲਵਿੰਦਰ ਸਿੰਘ, ਲੇਖਕ, ਸ.ਅਜੀਤ ਸਿੰਘ ਚੱਠਾ ਅਤੇ ਸ. ਬਖਸ਼ੀਸ਼।

ਤਾਂ ਇਹੋ ਲੋੜਵੰਦਾਂ ਦੇ ਨਾਲ਼ ਜਾਂਦੇ। ਪਿੰਡ ਕੋਲ਼ ਚਾਰ ਲੰਬੜਦਾਰੀਆਂ ਨਾਲ ਹਲਕੇ ਦੀ ਜ਼ੈਲਦਾਰੀ ਵੀ ਸੀ।

ਪਿੰਡ ਦੇ ਧਾਰਮਿਕ ਅਤੇ ਵਿੱਦਿਆ ਮੰਦਰ: ਪਿੰਡ ਵਿਚ ਤਿੰਨ ਗੁਰਦੁਆਰਾ ਸਾਹਿਬ ਸਨ। ਉਨ੍ਹਾਂ 'ਚੋਂ ਇਕ ਵੱਡਾ ਗੁਰਦੁਆਰਾ ਸਿੰਘ ਸਭਾ ਪਿੰਡ ਦੇ ਬਾਹਰਵਾਰ ਸੱਜਦਾ (ਸੁਣਿਆਂ ਕਿ ਉਥੇ ਹੁਣ ਲੜਕੀਆਂ ਦਾ ਸਰਕਾਰੀ ਸਕੂਲ ਚੱਲਦਾ ਹੈ)। ਜਿੱਥੇ ਭਾਈ ਜੀ ਬੱਚਿਆਂ ਨੂੰ ਪੈਂਤੀ ਦੇ ਨਾਲ ਨਾਲ ਗੱਤਕਾ ਵੀ ਸਿਖਾਉਂਦੇ। ਗੁਰੂ ਸਾਹਿਬਾਨ ਦੇ ਦਿਨ ਤਿਉਹਾਰ ਮਨਾਏ ਜਾਂਦੇ। ਸਾਡੇ ਹਲਕੇ ਦੇ ਪਿੰਡ ਕਾਦੀਵਿੰਡ ਦੇ ਇਤਿਹਾਸਕਾਰ ਮਸ਼ਹੂਰ ਢਾਡੀ ਸ. ਸੋਹਣ ਸਿੰਘ ਸੀਤਲ ਦਾ ਢਾਡੀ ਜੱਥਾ 'ਜਿਹੇ ਸਮਾਗਮਾਂ ਵਿਚ ਆਪਣੇ ਬੀਰ ਰਸ ਗਾਇਨ ਕਰਦਿਆਂ, ਸਮੇਂ ਦੇ ਪੈਰੀਂ ਪਹਾੜ ਬੰਨ੍ਹ ਦਿੰਦਾ। ਖ਼ੂਬ ਰੌਣਕ ਜੁੜਦੀ।

ਇਕ ਹੋਰ ਧਾਰਮਿਕ ਸਥਾਨ ਸੀ ਜਿਥੇ ਹੋਲੀਆਂ ਦਾ ਭਰਵਾਂ ਮੇਲਾ ਲਗਾਤਾਰ ਅੱਠ ਦਿਨ ਜੁੜਦਾ। ਪਿੰਡ ਵਿਚ ਮਸੀਤ ਕੋਈ ਨਾ ਸੀ।

ਸਕੂਲ ਪਿੰਡ ਵਿਚ ਪਹਿਲਾਂ ਚੌਥੀ ਤੱਕ, ਫਿਰ ਮਿਡਲ ਅਤੇ ਹੱਲ੍ਹਿਆਂ ਤੋਂ ਦੋ ਕੁ ਸਾਲ ਪਹਿਲਾਂ ਹਾਈ ਹੋ ਗਿਆ। ਉਥੇ ਮੈਂ ਕੇਵਲ ਚੌਥੀ ਤੱਕ ਹੀ ਪੜ੍ਹ ਸਕਿਆ ਕਿਉਂ ਜੋਂ ਵੱਡੇ ਭਾਈ ਦੀ ਮੌਤ ਹੋਣ ਕਾਰਨ ਸਕੂਲ ਛੱਡਣਾ ਪਿਆ।

ਤਦੋਂ ਉਥੇ ਉਸਤਾਦ ਸ. ਬੂੜ੍ਹ ਸਿੰਘ ਹੁੰਦੇ। ਭਰਾਈ ਮੁਸਲਮਾਨਾਂ ਦਾ ਗਾਮਾ ਅਤੇ ਸ਼ੇਖਾਂ ਦਾ ਆਲਾ ਮੇਰੇ ਹਮ ਜਮਾਤੀ ਸਨ।

ਪਿੰਡ ਦੇ ਹੁਨਰਮੰਦ ਕਾਮੇ: ਤਰਖਾਣਾਂ ਕੰਮ ਨੱਥਾ ਸਿੰਘ, ਲੁਹਾਰਾ ਕੰਮ ਮੁਸਲਿਮ ਜਮਾਲਦੀਨ ਕਰਦਾ। ਨੱਥਾ ਸਿੰਘ, ਲੱਧਾ ਸਿੰਘ ਅਤੇ ਵਧਾਵਾ ਸਿੰਘ ਹੋਰਾਂ ਦੇ ਬਲਦਾਂ ਨਾਲ਼ ਵੱਖ-ਵੱਖ ਖਰਾਸ ਚੱਲਦੇ। ਸੁਨਿਆਰਾ ਕੰਮ ਲਾਭ ਸਿੰਘ ਕਰਦਾ।

ਨਾਈ ਮੰਗਲ਼ ਸਿੰਘ ਲਾਗੀ ਵਿਆਹ ਸ਼ਾਦੀਆਂ ਭੁਗਤਾਉਂਦਾ।

ਪਿੰਡ ਦੀਆਂ ਹੱਟੀਆਂ/ਭੱਠੀਆਂ: ਪਿੰਡ ਵਿੱਚਕਾਰ ਇਕ ਬਾਜ਼ਾਰ ਹੁੰਦਾ। ਜਿੱਥੇ ਨਾਈ, ਮੋਚੀ, ਦਰਜ਼ੀ, ਕਰਿਆਨਾ, ਬਜਾਜੀ ਦੀਆਂ ਦੁਕਾਨਾਂ ਅਤੇ ਇਕ ਹਿਕਮਤ ਦੀ ਦੁਕਾਨ ਹੁੰਦੀ। ਝੀਰਾਂ ਦੀ ਫੱਤੋ ਬੀਬੀ ਭੱਠੀ 'ਤੇ ਦਾਣੇ ਭੁੰਨਦੀ। ਨੇੜਲੇ ਛੋਟੇ ਪਿੰਡਾਂ ਤੋਂ ਵੀ ਲੋਕ ਖਰੀਦੋ ਫਰੋਖਤ ਲਈ ਆਉਂਦੇ।

ਪਿੰਡ ਦਾ ਪਾਣੀ ਪ੍ਰਬੰਧ: ਚੌਦਾਂ ਪੱਤੀਆਂ ਦੇ ਵਡ ਅਕਾਰੀ ਪਿੰਡ ਵਿਚ ਚੌਦਾਂ ਹੀ ਖੂਹੀਆਂ ਹੁੰਦੀਆਂ, ਜਿਥੋਂ ਪਾਣੀ ਪੀਣ ਅਤੇ ਨਹਾਉਣਾ ਧੋਣਾਂ ਦੀਆਂ ਲੋੜਾਂ ਪੂਰੀਆਂ ਹੁੰਦੀਆਂ। ਪਿੰਡ ਦੇ ਚੌਹੀਂ ਕੂੰਟੀ ਚਾਰ ਵੱਡੀਆਂ ਢਾਬਾਂ ਸਨ, ਜਿਥੇ ਪਸ਼ੂਆਂ ਦੇ ਨ੍ਹਾਉਣ ਧੋਣ, ਕੱਪੜੇ ਧੋਣ ਅਤੇ ਸਿੰਚਾਈ ਦੀ ਸਹੂਲਤ ਹੁੰਦੀ।

ਛਵੀਆਂ ਦੀ ਰੁੱਤ: ਸਾਡੇ ਆਲੇ-ਦੁਆਲੇ ਸਿੱਖ ਬਹੁ-ਗਿਣਤੀ ਦੇ ਪਿੰਡ ਸਨ। ਸੋ ਕਿਸੇ ਕੋਈ ਹਮਲਾ ਕਰਨ ਦਾ ਹਿਆਂ ਨਾ ਕੀਤਾ। ਪਿੰਡ ਵਿਚ ਵੈਸੇ ਵੀ ਖ਼ਬਰਸਾਰ ਦਾ ਕੋਈ ਵਸੀਲਾ ਨਹੀਂ ਸੀ। ਕੋਈ ਕਸੂਰ ਜਾਂ ਲਾਹੌਰ ਨੂੰ ਜਾਂਦਾ, ਤਾਂ ਫਿਰਕੂ ਫਸਾਦਾਂ, ਪਿੰਡਾਂ ਉਪਰ ਹਮਲੇ, ਹੁਣ ਪਾਕਿਸਤਾਨ ਬਣੇਗਾ, ਵਗੈਰਾ ਕੋਈ ਖ਼ਬਰ ਲਿਆਉਂਦਾ। ਵੈਸੇ ਵੀ ਸਾਡਾ ਪਿੰਡ ਪਾਕਿਸਤਾਨ ਦੇ ਪੰਜਾਬ ਦਾ ਆਖੀਰੀ ਸਰਹੱਦੀ ਪਿੰਡ ਸੀ, ਜੋ ਭਾਰਤੀ ਖੇਮਕਰਨ ਸੈਕਟਰ ਨਾਲ਼ ਖਹਿੰਦਾ।

ਜਿੰਮੀਦਾਰ ਸਰਦਾਰਾਂ ਦੇ ਮੁੰਡੇ ਗੁਰਬਚਨ ਸਿੰਘ ਖਹਿਰਾ ਵੱਡਾ ਠਾਣੇਦਾਰ ਕਸੂਰ ਅਤੇ ਗੁਰਦਿਆਲ ਸਿੰਘ ਖਹਿਰਾ ਲਾਹੌਰ ਵਿਚ ਠਾਣੇਦਾਰ ਸਨ। ਪਿੰਡ ਦੇ ਨੌਜਵਾਨਾਂ ਨੂੰ ਉਹ ਬਚ-ਬਚਾਅ ਦੀ ਅਗਵਾਈ ਦਿੰਦੇ। ਇਹਤਿਆਤ ਵਜੋਂ ਰਾਤ ਦਾ ਪਹਿਰਾ ਲੱਗਦਾ। ਡਾਂਗਾਂ, ਛਵੀਆਂ ਬਾਂਕੇ ਜਵਾਨ ਮੋਢਿਆਂ 'ਤੇ ਉਲਾਰਦੇ, ਬੋਲੇ ਸੋ ਨਿਹਾਲ ਦੇ ਜੈਕਾਰੇ ਗੱਜਦੇ।

-ਤੇ ਕਾਫ਼ਲਾ ਤੁਰ ਪਿਆ: ਭਾਦੋਂ ਦੇ ਮਹੀਨੇ ਜਦ ਅਸੀਂ ਖੇਤ ਵਿਚ ਮੱਕੀ ਬੀਜਦੇ ਸਾਂ, ਤਾਂ ਪਿੰਡੋਂ ਬੰਦਾ ਆਇਆ ਕਹਿਓਸ, "ਛੱਡ ਦਿਓ ਮੱਕੀ। ਹੁਣ ਕਾਸ ਨੂੰ ਬੀਜਣੀ ਏ। ਕਾਫ਼ਲਾ ਹਿੰਦੁਸਤਾਨ ਲਈ ਤਿਆਰੀ ਫੜ੍ਹ ਡਿਹੈ।"

ਪਿੰਡ ਆਏ ਤਾਂ ਕੀ ਦੇਖਦੇ ਹਾਂ ਕਿ ਸਾਰੇ ਲੋਕ ਹੀ ਗੱਡਿਆਂ 'ਤੇ ਨਿੱਕ-ਸੁੱਕ ਲੱਦਦੇ ਪਏ ਨੇ। ਅਸੀਂ ਵੀ ਕੀਮਤੀ ਸਮਾਨ, ਰਸਤੇ ਦੀ ਰਸਦ, ਚੰਗੀਆਂ ਝੋਟੀਆਂ ਅਤੇ ਢੱਠੇ ਖੋਲ੍ਹ ਲਏ। ਤੇ ਬਾਕੀ ਸਭ ਕੁੱਝ ਮੁਸਲਮਾਨ ਭਰਾਵਾਂ ਨੂੰ ਮੁਬਾਰਕ ਕਰ ਗੱਡੇ ਹੱਕ ਲਏ। ਕੋਈ ਦਿੱਕਤ ਨਾ ਆਈ ਕਿਉਂ ਜੋ ਹਿੰਦੋਸਤਾਨ ਦੀ ਸਰਹੱਦ ਤਾਂ ਸਾਨੂੰ ਪਿੰਡ ਦੀਆਂ ਨਿਆਈਆਂ ਵਾਂਗ ਹੀ ਸੀ। ਕੇਵਲ ਇਕ ਕੋਹ ਦੇ ਸਫ਼ਰ ਉਪਰੰਤ ਅਸੀਂ ਹਿੰਦੁਸਤਾਨ ਦੀ ਸਰਹੱਦ ਅੰਦਰ ਪੈਂਦੇ ਸਾਡੇ ਬਸੇਵੇਂ ਨਾਲ ਲੱਗਦੇ ਪਿੰਡ ਰਾਜੋਕੀ ਆਣ ਕਯਾਮ ਕੀਤਾ। ਪਹਿਲੀ ਰਾਤ ਉਥੇ ਹੀ ਕੱਟੀ। ਉਥੋਂ ਤੁਰ ਕੇ ਕਰੀਬ ਦਸ ਦਿਨ ਪਿੰਡ ਡਿੱਬੀਪੁਰਾ ਕੈਂਪ ਵਿਚ ਰਹੇ। ਹਰੀ ਕੇ ਪੱਤਣ ਤੋਂ ਉਰਾਰ ਹੋਏ। ਉਥੇ ਕਿਸੇ ਦੱਸ ਪਾਈ ਕਿ ਜ਼ੀਰਾ ਤਹਿਸੀਲ ਦਾ ਪਿੰਡ ਖਡੂਰ, ਮੁਸਲਮਾਨ ਭਰਾਵਾਂ ਵਲੋਂ ਖ਼ਾਲੀ ਕੀਤਾ ਹੋਇਐ। ਸੋ ਉਥੇ ਜਾ ਕੇ ਇਕ ਖਾਲੀ ਵੱਡੀ ਮੁਸਲਿਮ ਹਵੇਲੀ ਅਤੇ ਕੁੱਝ ਜ਼ਮੀਨ 'ਤੇ ਜਾ ਕਬਜ਼ਾ ਕੀਤਾ। ਉਹੀ ਕੁਝ ਸਾਨੂੰ ਕੱਚੀ ਪਰਚੀ 'ਤੇ ਅਲਾਟ ਹੋ ਗਿਆ। ਇਥੇ ਸਾਨੂੰ ਖ਼ਬਰ ਹੋਈ ਕਿ ਕੁੱਝ ਬਜ਼ੁਰਗ ਪਿੱਛੇ ਚੱਠਿਆਂ ਪਿੰਡ ਵਿਚ ਇਸ ਉਮੀਦ ਨਾਲ ਬੈਠੇ ਰਹੇ ਕਿ ਟਿਕਟਿਕਾ ਹੋ ਜਾਵੇਗਾ। ਲੁੱਟ-ਖੋਹ ਦੀ ਬਿਰਤੀ ਵਾਲੀ ਦੰਗੱਈਆਂ ਦੀ ਭੀੜ ਨੇ ਪਿੰਡ ਨੂੰ ਲੁੱਟਦਿਆਂ ਵਿਰੋਧ ਕਰਨ ਵਾਲੇ ਸਿੱਖ ਸਰਦਾਰਾਂ ਦਾ ਕਤਲ ਕਰਤਾ।

ਇਧਰੋਂ ਉਧਰੋਂ ਕਿਸੇ ਨੇ ਵੀ ਘੱਟ ਨਾ ਕੀਤੀ। ਜਿੱਥੇ ਫਿਰਕੂ ਕਾਤਲਾਂ ਨੇ ਬੇਲਗਾਮ ਹੋ ਕੇ ਦੂਜੇ ਧਰਮੀਆਂ ਦੀ ਵੱਢ-ਟੁੱਕ ਕੀਤੀ, ਉਥੇ ਕੁਦਰਤ ਵੀ ਹੜ੍ਹਾਂ ਅਤੇ ਵਬਾ ਦੇ ਰੂਪ ਵਿਚ ਜੀਵਾਂ ਉਤੇ ਕਹਿਰਵਾਨ ਹੋਈ। ਵੱਢੀਆਂ-ਟੁੱਕੀਆਂ ਅੱਧਨੰਗੀਆਂ ਲਾਸ਼ਾਂ ਨੂੰ ਖਤਾਨਾਂ ਵਿਚ ਪਈਆਂ ਅਤੇ ਸੜ ਰਹੇ ਪਿੰਡਾਂ ਨੂੰ ਅਸੀਂ ਬਜਾਤੇ ਖ਼ੁਦ ਦੇਖਿਆ।

---0---

ਉਪਰੰਤ 1950 ਵਿਚ ਪੱਕੀ ਪਰਚੀ ਤਹਿਸੀਲ ਅਤੇ ਜ਼ਿਲ੍ਹਾ ਪਟਿਆਲਾ ਦੇ ਪਿੰਡ ਖੇੜ੍ਹੀ ਮੁਸਲਮਾਨਾਂ ਦੀ ਪੈ ਗਈ। ਉਥੇ ਹੀ ਮੇਰੀ ਸ਼ਾਦੀ ਉਪਰ ਦਰਜ਼ ਖਡੂਰ ਤੋਂ ਬੀਬੀ ਮੁਖਤਿਆਰ ਕੌਰ ਨਾਲ ਹੋਈ। ਕਰੀਬ ਪੰਜਾਹ ਸਾਲ ਖੇਤੀ ਕੀਤੀ। ਉਪਰੰਤ ਬਖਸ਼ੀਸ਼ ਸਿੰਘ, ਬਲਵਿੰਦਰ ਸਿੰਘ ਪੁੱਤਰਾਂ ਪੰਜਾਬ ਪੁਲਿਸ ਵਿਭਾਗ ਵਿਚ ਅਫ਼ਸਰ ਬਣ ਕੇ ਬਾਗ਼ਾਂ ਦੇ ਸ਼ਹਿਰ ਪਟਿਆਲਾ ਵਿਚ ਕੋਠੀਆਂ ਪਾ ਲਈਆਂ। ਹੁਣ ਉਥੇ ਹੀ ਗੁਰੂ ਨਾਨਕ ਨਗਰ ਵਿਖੇ ਰਹਾਇਸ਼ ਪੁਜੀਰ ਹਾਂ।

ਹੁਣ 90ਵਿਆਂ ਵਿਚ ਆਪਣੇ ਨੇਕ ਬਖ਼ਤ ਨੂੰਹ ਬੀਬਾ ਮਨਜੀਤ ਕੌਰ/ ਪੁੱਤਰ ਬਲਵਿੰਦਰ ਸਿੰਘ ਕੋਲ਼ ਜ਼ਿੰਦਗੀ ਦੀ ਸ਼ਾਮ ਪੁਰ ਸਕੂਨ ਹੰਢਾਅ ਰਿਹੈਂ। ਮੇਰੀ ਚੰਗੀ ਸਿਹਤ ਉਨ੍ਹਾਂ ਦੀ ਸੇਵਾ ਦੀ ਪ੍ਰਤੀਕ ਹੈ। ਕੱਲ੍ਹ ਦਾ ਵਾਹਿਗੁਰੂ ਰਾਖਾ।"

# ਖੁਰਾਲਗੜ੍ਹ : ਜਿੱਥੇ ਗੁਰੂ ਰਵਿਦਾਸ ਨੇ ਸਵਾ ਚਾਰ ਸਾਲ ਗੁਜ਼ਾਰੇ

ਬਲਜਿੰਦਰ ਮਾਨ
ਸੰਪਾਦਕ ਨਿੱਕੀਆਂ ਕਰੂੰਬਲਾਂ
ਕਰੂੰਬਲਾਂ ਭਵਨ ਮਾਹਿਲਪੁਰ
ਜ਼ਿਲ੍ਹਾ : ਹੁਸ਼ਿਆਰਪੁਰ 146105
98150-18947



ਪੰਜਾਬ ਮੇਲ USA

ਸੰਤ ਮਹਾਂ ਪੁਰਸ਼ ਭੁੱਲੀ ਹੋਈ ਜਨਤਾ ਦਾ ਸਹੀ ਮਾਰਗ ਦਰਸ਼ਨ ਕਰਨ ਲਈ ਇੱਧਰ ਉਧਰ ਜਾਂਦੇ ਰਹਿੰਦੇ ਹਨ। ਉਹ ਸਦਾ ਇਕ ਥਾਂ ਡੇਰਾ ਜਮਾਕੇ ਜੀਵਨ ਨਹੀਂ ਗੁਜ਼ਾਰਦੇ। ਜਿਵੇਂ ਗੁਰੂ ਨਾਨਕ ਦੇਵ ਜੀ ਨੇ ਚਾਰ ਉਦਾਸੀਆਂ ਦੌਰਾਨ ਭੁੱਲੀ ਹੋਈ ਲੋਕਾਈ ਨੂੰ ਗਿਆਨ ਦੇ ਚਾਨਣ ਨਾਲ ਅਧਿਆਤਮਿਕਤਾ ਦੇ ਰਾਹੇ ਪਾਇਆ। ਇਸੇ ਤਰ੍ਹਾਂ ਗੁਰੂ ਰਵੀਦਾਸ ਜੀ ਨੇ ਭਾਵੇਂ ਬਹੁਤਾ ਸਮਾਂ ਕਾਸ਼ੀਂ ਵਿਚ ਹੀ ਗੁਜ਼ਾਰਿਆ ਦੱਸਿਆ ਜਾਂਦਾ ਹੈ ਪਰ ਖੋਜੀਆਂ ਨੇ ਗੁਰੂ ਰਵਿਦਾਸ ਜੀ ਦੀ ਇਕ ਪੰਜਾਬ ਫੇਰੀ ਦੀਆਂ ਪੈੜਾਂ ਦੀ ਖੋਜ ਕੱਢੀ ਹੈ। ਖੋਜੀਆਂ ਦਾ ਕਹਿਣਾ ਹੈ ਕਿ ਗੁਰੂ ਰਵਿਦਾਸ ਜੀ 1515 ਈਸਵੀ ਵਿਚ ਜ਼ਿਲ੍ਹਾ ਹੁਸ਼ਿਆਰਪੁਰ ਦੀਆਂ ਸ਼ਿਵਾਲਿਕ ਪਹਾੜੀਆਂ 'ਚ ਵਸਦੇ ਪਿੰਡ ਖੁਰਾਲਗੜ੍ਹ ਖੁਰਾਲੀ ਵਿਚ ਆਏ, ਜਿੱਥੇ ਉਨ੍ਹਾਂ ਨੇ ਚਾਰ ਸਾਲ ਦੋ ਮਹੀਨੇ ਅਤੇ ਗਿਆਰਾਂ ਦਿਨ ਗੁਜ਼ਾਰੇ।

ਇਸ ਸਮੇਂ ਦੌਰਾਨ ਉਨ੍ਹਾਂ ਦੀਨ ਦੁਖੀਆਂ ਦੀ ਸੇਵਾ ਕੀਤੀ ਅਤੇ ਪ੍ਰਭੂ ਭਗਤੀ ਦਾ ਗੁਰ ਮੰਤਰ ਸਮਝਾਇਆ। ਕਿਰਤ ਦੀ ਮਹਾਨਤਾ ਅਤੇ ਕਿਰਤੀ ਦਾ ਆਦਰ ਕਰਨ ਵਾਲੇ ਨੂੰ ਗਲੇ ਲਾਇਆ। ਇਸ ਸਮੇਂ ਗੁਰੂ ਜੀ ਨਾਲ ਉਨ੍ਹਾਂ ਦੀ ਚੇਲੀ ਮੀਰਾ ਬਾਈ, ਝਾਲਾ ਬਾਈ ਅਤੇ ਭਾਨਵਤੀ ਜੀ ਵੀ ਸਨ। ਗੁਰੂ ਸਾਹਿਬ ਦੀ ਮਹਿਮਾ ਸੁਣਕੇ ਇਸ ਇਲਾਕੇ ਦਾ ਰਾਜਾ ਬੈਨ ਗੁਰੂ ਨਾਲ ਨਰਾਜ਼ ਹੋ ਗਿਆ। ਉਸਨੇ ਅਹਿਲਕਾਰਾਂ ਨੂੰ ਹੁਕਮ ਦਿੱਤਾ ਕਿ ਗੁਰੂ ਰਵਿਦਾਸ ਨੂੰ ਖਰਾਸ (ਆਟਾ ਪੀਸਣ ਦੀ ਮਸ਼ੀਨ) ਗੇੜਨ ਦੀ ਸਜ਼ਾ ਦਿੱਤੀ ਜਾਵੇ। ਗੂਰੂ ਸਾਹਿਬ ਖਰਾਸ ਕੋਲ ਜਾ ਕੇ ਅੰਤਰ ਧਿਆਨ ਹੋਏ ਤਾਂ ਖਰਾਸ ਖੁਦ-ਬ-ਖੁਦ ਚੱਲਣ ਲੱਗ ਪਿਆ। ਇਸ ਘਟਨਾ ਨਾਲ ਰਾਜੇ ਦੀਆਂ ਅੱਖਾਂ ਖੁੱਲ੍ਹ ਗਈਆਂ। ਉਸਨੂੰ ਗਿਆਨ ਹੋ ਗਿਆ ਕਿ ਗੁਰੂ ਰਵਿਦਾਸ ਪ੍ਰਮਾਤਮਾ ਦਾ ਸੱਚਾ ਭਗਤ ਹੈ। ਉਹ ਜੋ ਚਾਹੇ ਕਰ ਸਕਦਾ ਹੈ। ਰਾਜੇ ਨੇ ਗੁਰੂ ਜੀ ਦੇ ਚਰਨੀਂ ਪੈ ਕੇ ਮੁਆਫੀ ਮੰਗੀ।

ਇਲਾਕੇ ਵਿਚ ਪਾਣੀ ਦਾ ਬਹੁਤ ਸੰਕਟ ਸੀ, ਇਸਦੇ ਹੱਲ ਵਾਸਤੇ ਸਾਰੀ ਸੰਗਤ ਨਾਲ ਰਾਜਾ ਬੈਨ ਵੀ ਗੁਰੂ ਚਰਨਾਂ ਵਿਚ ਹਾਜ਼ਰ ਹੋਇਆ। ਸੰਗਤ ਦੀ ਬੇਨਤੀ 'ਤੇ ਗੁਰੂ ਜੀ ਨੇ ਇਸ ਅਸਥਾਨ ਤੋਂ ਥੋੜੀ ਦੂਰ ਜਾ ਕੇ ਇਕ ਪੱਥਰ ਹਟਾਉਣ ਲਈ ਕਿਹਾ, ਤਾਂ ਉਥੇ ਪਵਿਤਰ ਜਲ ਦਾ ਚਸ਼ਮਾ ਵਗ ਪਿਆ, ਜੋ ਅੱਜ ਵੀ ਨਿਰੰਤਰ ਵਗ ਰਿਹਾ ਹੈ। ਇਸ ਤਰ੍ਹਾਂ ਸਾਧ ਸੰਗਤ ਦੀਆਂ ਮੁਸ਼ਕਿਲਾਂ ਦਾ ਹਲ ਕਰਦੇ ਰਹੇ। ਖੁਰਾਲੀ ਵਿਚ ਗੁਰੂ ਜੀ ਦੀ ਸੇਵਾ ਵਿਚ ਧੰਨਾ ਜੀ ਤੇ ਦੇਵਿਆ ਜੀ ਸਾਰਾ ਸਮਾਂ ਜੁਟੇ ਰਹੇ। ਜਿਸ ਅਸਥਾਨ 'ਤੇ ਗੁਰੂ ਜੀ ਦੀ ਯਾਦ ਵਿਚ ਗੁਰਦੁਆਰਾ ਸਾਹਿਬ ਉਸਾਰਿਆ ਗਿਆ ਹੈ। ਉਸ ਅਸਥਾਨ 'ਤੇ ਗੁਰੂ ਜੀ ਨੇ ਖਰਾਸ ਚਲਾਇਆ ਸੀ। ਅੱਜ ਵੀ ਉਸ ਖਰਾਸ ਦਾ ਇਕ ਪੁੜ (ਪੱਥਰ) ਇਸ ਥਾਂ 'ਤੇ ਸੁਰੱਖਿਅਤ ਪਿਆ ਹੈ। ਜਿਨ੍ਹਾਂ ਪੱਥਰਾਂ ਨਾਲ ਤੋਲ ਕੇ ਸੰਗਤਾਂ ਨੂੰ ਭੰਡਾਰਾ ਵੰਡਿਆ ਜਾਂਦਾ ਸੀ, ਉਹ ਵੀ ਇਥੇ ਸੰਭਾਲੇ ਪਏ ਹਨ। ਗੁਰੂ ਰਵਿਦਾਸ ਜੀ ਦੇ ਇਸ ਤਪ ਅਸਥਾਨ ਤੱਕ ਪੁੱਜਣ ਲਈ ਪੰਜਾਬ ਦੀ ਰਾਜਧਾਨੀ ਚੰਡੀਗੜ੍ਹ ਤੋਂ ਰੋਪੜ ਨੂਰਪੁਰ ਬੇਦੀ ਰਾਹੀਂ ਲਗਭਗ 100 ਕਿਲੋਮੀਟਰ ਦਾ ਪੈਂਡਾ ਤੈਅ ਕਰਨਾ ਪੈਂਦਾ ਹੈ। ਨੂਰਪੁਰ ਬੇਦੀ ਤੋਂ 21 ਕਿਲੋਮੀਟਰ ਗੜ੍ਹਸ਼ੰਕਰ ਤੋਂ 25 ਕਿਲੋਮੀਟਰ ਅਤੇ ਹਿਮਾਚਲ ਪ੍ਰਦੇਸ਼ ਦੇ ਊਨਾ ਜ਼ਿਲ੍ਹੇ ਦੇ ਬਾਥੜੀ ਪਿੰਡ ਤੋਂ 7 ਕਿਲੋਮੀਟਰ ਦੇ ਕਰੀਬ ਸਫ਼ਰ ਕਰਨਾ ਪੈਂਦਾ ਹੈ।



ਸ੍ਰੀ ਗੁਰੂ ਰਵਿਦਾਸ ਪ੍ਰਬੰਧਕ ਕਮੇਟੀ ਖੁਰਾਲਗੜ੍ਹ ਹੁਸ਼ਿਆਰਪੁਰ ਵੱਲੋਂ ਗੁਰੂ ਰਵਿਦਾਸ ਜੀ ਦੇ ਇਸ ਇਤਿਹਾਸਕ ਅਸਥਾਨ ਦੀ ਸਾਂਭ-ਸੰਭਾਲ ਕੀਤੀ ਜਾ ਰਹੀ ਹੈ। ਆਉਣ ਵਾਲੀ ਸੰਗਤ ਲਈ ਚਾਹ ਅਤੇ ਲੰਗਰ 24 ਘੰਟੇ ਚੱਲਦਾ ਰਹਿੰਦਾ ਹੈ। ਸੰਗਤ ਲਈ ਰਿਹਾਇਸ਼ ਦੀ ਉਸਾਰੀ ਵੀ ਕੀਤੀ ਜਾ ਚੁੱਕੀ ਹੈ। ਗੁਰੂ ਜੀ ਦੇ ਸਮੇਂ ਇਸ ਇਲਾਕੇ ਵਿਚ ਪੀਣ ਵਾਲੇ ਪਾਣੀ ਦੀ ਬੜੀ ਸਮੱਸਿਆ ਸੀ। ਸੰਗਤਾਂ ਦੇ ਇਸ ਦੁੱਖ ਦਾ ਅੰਤ ਕਰਨ ਲਈ ਉਨ੍ਹਾਂ ਤਿੰਨ ਕਿਲੋਮੀਟਰ ਦੀ ਦੂਰੀ 'ਤੇ ਜਾ ਕੇ ਖੱਡ ਵਿਚੋਂ ਇਕ ਪੱਥਰ ਆਪਣੇ ਸੱਜੇ ਪੈਰ ਦੇ ਅੰਗੂਠੇ ਨਾਲ ਪਰ੍ਹਾਂ ਹਟਾਇਆ, ਤਾਂ ਪਵਿੱਤਰ ਜਲ ਦਾ ਝਰਨਾ ਵਗ ਤੁਰਿਆ, ਜਿਸਨੂੰ ਚਰਨ ਗੰਗਾ ਦੇ ਨਾਮ ਨਾਲ ਜਾਣਿਆ ਜਾਂਦਾ ਹੈ। ਸੰਗਤਾਂ ਨੇ ਗੁਰੂ ਜੀ ਦੀ ਜੈ ਜੈਕਾਰ ਕੀਤੀ। ਅੱਜ ਵੀ ਇਸ ਪਵਿੱਤਰ ਜਲ ਦੇ ਸੇਵਨ ਅਤੇ ਇਸ਼ਨਾਨ ਨਾਲ ਸੰਗਤਾਂ ਨੂੰ ਅਨੇਕਾਂ ਰੋਗਾਂ ਤੋਂ ਰਾਹਤ ਮਿਲਦੀ ਹੈ। ਇਹ ਜਲ 200 ਮੀਟਰ ਥਾਂ ਵਿਚ ਹੀ ਮੁੜ ਸਮਾ ਜਾਂਦਾ ਹੈ।

ਚਰਨ ਗੰਗਾ ਦੀ ਪ੍ਰਬੰਧਕ ਕਮੇਟੀ ਖੁਰਾਲਗੜ੍ਹ ਨਾਲੋਂ ਵੱਖਰੀ ਹੈ। ਦੋਨਾਂ ਅਸਥਾਨਾਂ 'ਤੇ ਸੰਗਤ ਦੀ ਰਿਹਾਇਸ਼ ਅਤੇ ਲੰਗਰ ਦਾ ਪ੍ਰਬੰਧ ਹੈ। ਦੋ ਕਰੋੜ ਰੁਪੈ ਦੀ ਲਾਗਤ ਨਾਲ ਕੇਂਦਰ ਸਰਕਾਰ ਦੁਆਰਾ ਗੁਰੂ ਜੀ ਦੀ ਯਾਦ ਵਿਚ ਟੂਰਿਸਟ ਕੰਪਲੈਕਸ ਵੀ ਉਸਾਰਿਆ ਗਿਆ ਹੈ। ਦੋਨਾਂ ਕਮੇਟੀਆਂ ਦੀ ਇਕਸੁਰਤਾ ਨਾਲ ਇਸ ਇਤਿਹਾਸਕ ਅਸਥਾਨ ਦੇ ਵਿਕਾਸ ਦੀ ਗਤੀ ਤੇਜ਼ ਹੋ ਸਕਦੀ ਹੈ। ਸੰਗਤਾਂ ਦੀ ਵੀ ਇਹੀ ਇੱਛਾ ਹੈ ਕਿਉਂਕਿ ਉਨ੍ਹਾਂ ਲਈ ਦੋਨੋਂ ਅਸਥਾਨ ਪਵਿੱਤਰ ਹਨ। ਰਾਜਨੀਤਿਕ ਆਗੂਆਂ ਅਤੇ ਸਮੇਂ ਦੀਆਂ ਸਰਕਾਰਾਂ ਵਲੋਂ ਜਿੰਨੇ ਐਲਾਨ ਇੱਥੇ ਕੀਤੇ ਜਾ ਚੁੱਕੇ ਹਨ, ਉਨ੍ਹਾਂ ਵਿਚੋਂ ਸਿਰਫ ਗਿਣੇ ਚੁਣੇ ਐਲਾਨਾਂ ਨੂੰ ਹੀ ਬੂਰ ਪਿਆ ਹੈ। ਚਾਹੀਦਾ ਤਾਂ ਇਹ ਹੈ ਕਿ ਇਸ ਅਸਥਾਨ ਦੀ ਰੂਪ ਰੇਖਾ ਉਲੀਕਣ ਵੇਲੇ ਜਾਤਾਂ, ਧਰਮਾਂ ਅਤੇ ਪਾਰਟੀਆਂ ਦੇ ਲਿਬਾਸ ਅਸਥਾਨ ਤੋਂ ਬਾਹਰ ਹੀ ਉਤਾਰ ਦਿੱਤੇ ਜਾਣ। ਬਹੁਤ ਸਮਾਂ ਪਹਿਲਾਂ ਸਰਕਾਰ ਨੇ ਇੱਥੇ ਸੰਵਿਧਾਨ ਦੇ ਨਿਰਮਾਤਾ ਡਾ. ਭੀਮ ਰਾਓ ਅੰਬੇਦਕਰ ਜੀ ਦੇ ਨਾਂ 'ਤੇ ਇਕ ਆਹਲਾ ਦਰਜੇ ਦੀ ਲਾਇਬ੍ਰੇਰੀ ਉਸਾਰਨ ਦਾ ਵਾਇਦਾ ਵੀ ਕੀਤਾ।

ਖੁਰਾਲਗੜ੍ਹ ਕੁਦਰਤੀ ਨਜ਼ਾਰੇ ਵਾਲਾ ਇਕ ਰਮਣੀਕ ਥਾਂ ਹੈ। ਇਸ ਇਲਾਕੇ ਦੇ ਆਦਿ ਧਰਮੀ ਬਰਾਦਰੀ ਦੇ ਸੂਦ ਗੋਤ ਨਾਲ ਸਬੰਧ ਰੱਖਦੇ ਹਨ। ਇਥੇ ਸਿਰਫ ਆਦਿ ਧਰਮੀ ਲੋਕ ਹੀ ਨਹੀਂ ਪੁੱਜਦੇ, ਸਗੋਂ ਇਲਾਕੇ ਦੇ ਉਚੀਆਂ ਜਾਤਾਂ ਵਾਲੇ ਲੋਕ ਵੀ ਪੁੱਜ ਕੇ ਗੁਰੂ ਜੀ ਦੀ ਬਖਸ਼ਿਸ਼ ਹਾਸਿਲ ਕਰਦੇ ਹਨ। ਗੁਰੂ ਜੀ ਦੇ ਇਸ ਇਤਿਹਾਸਕ ਅਸਥਾਨ ਦੀ ਕਾਰ ਸੇਵਾ ਦਾ ਸਭ ਤੋਂ ਪਹਿਲਾ ਆਰੰਭ ਸੈਲਾ ਖੁਰਦ ਲਾਗਲੇ ਪਿੰਡ ਪੋਸੀ ਦੇ ਬਾਬਾ ਸੁੰਦਰ ਦਾਸ ਰਮਤਾ ਜੀ ਨੇ ਕਰਵਾਇਆ ਸੀ। ਉਹ 105 ਸਾਲ ਦੀ ਉਮਰ ਭੋਗ ਕੇ ਮਾਰਚ 2002 ਵਿਚ ਇਸ ਦੁਨੀਆਂ ਤੋਂ ਕੂਚ ਕਰ ਗਏ। ਉਨ੍ਹਾਂ ਨੇ 14 ਸਾਲ ਦੇ ਕਰੀਬ ਇਸ ਪਵਿੱਤਰ ਅਸਥਾਨ ਦੀ ਸੇਵਾ ਵਿਚ ਗੁਜ਼ਾਰੇ। ਆਮ ਦਿਨਾਂ ਤੋਂ ਇਲਾਵਾ ਵਿਸਾਖੀ ਵਾਲੇ ਦਿਨ ਅਤੇ ਗੁਰੂ ਰਵਿਦਾਸ ਜੀ ਦੇ ਜਨਮ ਦਿਹਾੜੇ ਤੋਂ ਅਗਲੇ ਐਤਵਾਰ ਨੂੰ ਦੇਸ਼-ਵਿਦੇਸ਼ ਦੀਆਂ ਸੰਗਤਾਂ ਦਾ ਭਾਰੀ ਮੇਲਾ ਜੁੜਦਾ ਹੈ। ਡਾ. ਕੇਵਲ ਕੁਮਾਰ ਸੂਦ ਦੁਆਰਾ ਰਚੀ ਖੋਜ ਭਰਪੂਰ ਪੁਸਤਕ 'ਖੁਰਾਲਗੜ੍ਹ ਦਰਸ਼ਨ' ਵਿਚ ਵੀ ਇਸ ਅਸਥਾਨ ਬਾਰੇ ਵੱਡਮੁੱਲੀ ਜਾਣਕਾਰੀ ਮਿਲਦੀ ਹੈ। ਅਜੇ ਇਸ ਅਸਥਾਨ ਦੀ ਸੁੰਦਰਤਾ ਅਤੇ ਵਿਕਾਸ ਲਈ ਬਹੁਤ ਕੁੱਝ ਕਰਨ ਲਈ ਬਾਕੀ ਹੈ। ਮਿਨਾਰ-ਏ-ਬੇਗਮਪੁਰਾ ਅਜੇ ਤੱਕ ਮੁਕੰਮਲ ਨਹੀਂ ਕੀਤਾ ਜਾ ਸਕਿਆ। ਇਸ ਅਸਥਾਨ ਨੂੰ ਆਉਣ ਵਾਲੀਆਂ ਲਿੰਕ ਸੜਕਾਂ ਦਾ ਹਾਲ ਐਨਾ ਮਾੜਾ ਹੈ ਕਿ ਅਕਸਰ ਹਾਦਸੇ ਵਾਪਰਦੇ ਰਹਿੰਦੇ ਹਨ। ਬੀਤ ਦੇ ਇਸ ਇਲਾਕੇ ਨੂੰ ਵਿਸ਼ੇਸ਼ ਸਹੂਲਤਾਂ ਪ੍ਰਦਾਨ ਕਰਨ ਦੀ ਜ਼ਰੂਰਤ ਹੈ। ਅਜਿਹੇ ਧਾਰਮਿਕ ਅਤੇ ਪਵਿੱਤਰ ਅਸਥਾਨ ਲਈ ਸੈਰ ਸਪਾਟਾ ਵਿਭਾਗ ਨੂੰ ਵਿਸ਼ੇਸ਼ ਯਤਨ ਕਰਨੇ ਚਾਹੀਦੇ ਹਨ, ਤਾਂ ਕਿ ਪੂਰੇ ਵਿਸ਼ਵ ਵਿਚ ਵਸਦੇ ਸ਼ਰਧਾਲੂਆਂ ਅਤੇ ਸੈਲਾਨੀਆਂ ਨੂੰ ਇਸ ਅਸਥਾਨ 'ਤੇ ਪੁੱਜਣ ਵਿਚ ਕੋਈ ਮੁਸ਼ਕਿਲ ਨਾ ਆਵੇ।



# ਜਦੋਂ ਸ਼ੱਕੀ ਪਤਨੀ ਨੇ ਅੰਨ੍ਹਾਂ ਕੇਸ ਹੱਲ ਕਰਵਾਇਆ

ਬਲਰਾਜ ਸਿੰਘ ਸਿੱਧੂ
ਏ.ਆਈ.ਜੀ. (ਰਿਟਾ)
ਪੰਡੋਰੀ ਸਿੱਧਵਾਂ 95011-00062
ਪੰਜਾਬ ਮੇਲUSA






ਕਈ ਔਰਤਾਂ ਨੂੰ ਆਪਣੇ ਪਤੀ ਨੂੰ ਹਮੇਸ਼ਾਂ ਸ਼ੱਕ ਦੀ ਨਜ਼ਰ ਨਾਲ ਵੇਖਣ ਦੀ ਆਦਤ ਹੁੰਦੀ ਹੈ, ਚਾਹੇ ਉਹ 100 ਸਾਲ ਦਾ ਬੁੱਢਾ ਹੀ ਕਿਉਂ ਨਾ ਹੋਵੇ। ਮੇਰੀ ਨੌਕਰੀ ਦੌਰਾਨ ਹੋਈ ਸਭ ਤੋਂ ਵੱਡੀ ਚੋਰੀ ਅਜਿਹੀ ਹੀ ਇੱਕ ਸ਼ੱਕੀ ਔਰਤ ਦੇ ਕਾਰਨ ਹੱਲ ਹੋਈ ਸੀ। ਮੈਂ ਇੱਕ ਸਬ ਡਵੀਜ਼ਨ ਵਿਖੇ ਬਤੌਰ ਡੀ.ਐੱਸ.ਪੀ. ਤਾਇਨਾਤ ਸੀ ਕਿ ਇੱਕ ਦਿਨ ਸਵੇਰੇ 10 ਕੁ ਵਜੇ ਇੱਕ ਐੱਸ.ਐੱਚ.ਉ. ਦਾ ਫੋਨ ਆਇਆ, ਜੋ ਕਾਫੀ ਘਬਰਾਇਆ ਹੋਇਆ ਸੀ। ਉਸ ਨੇ ਦੱਸਿਆ ਕਿ ਉਸ ਦੇ ਇਲਾਕੇ ਦੇ ਇੱਕ ਬੈਂਕ ਵਿਚ ਚੋਰੀ ਹੋ ਗਈ ਹੈ। ਕੁਦਰਤੀ ਘਟਨਾ ਮੇਰੇ ਦਫਤਰ ਦੇ ਨਜ਼ਦੀਕ ਹੀ ਘਟੀ ਸੀ, ਜਿਸ ਕਾਰਨ ਮੈਂ 10-15 ਮਿੰਟਾਂ ਵਿਚ ਹੀ ਮੌਕੇ 'ਤੇ ਪਹੁੰਚ ਗਿਆ। ਜਿਸ ਬੈਂਕ ਦੀ ਸ਼ਾਖਾ ਵਿਚ ਡਾਕਾ ਪਿਆ ਸੀ, ਉਹ ਸੋਨਾ ਗਿਰਵੀ ਰੱਖ ਕੇ ਕਰਜ਼ਾ ਦੇਣ ਵਾਲੀ ਇੱਕ ਪ੍ਰਸਿੱਧ ਬੈਂਕ ਸੀ, ਜਿਸ ਦੀਆਂ ਭਾਰਤ ਭਰ ਵਿਚ ਸ਼ਾਖਾਵਾਂ ਸਨ। ਜਦੋਂ ਮੈਨੇਜਰ ਤੋਂ ਪੁੱਛਗਿੱਛ ਕੀਤੀ ਗਈ, ਤਾਂ ਉਸ ਨੇ ਦੱਸਿਆ ਕਿ ਬੈਂਕ ਦੀਆਂ ਚਾਬੀਆਂ ਉਸ ਕੋਲ ਹੁੰਦੀਆਂ ਹਨ। ਅੱਜ ਸਵੇਰੇ ਜਦੋਂ ਉਸ ਨੇ ਬੈਂਕ ਖੋਲ੍ਹਿਆ, ਤਾਂ ਪਤਾ ਲੱਗਾ ਕਿ ਲਾਕਰ ਰੂਮ ਦਾ ਦਰਵਾਜ਼ਾ ਗੈਸ ਕਟਰ ਨਾਲ ਕੱਟ ਕੇ ਚੋਰਾਂ ਨੇ 18 ਕਿੱਲੋ ਸੋਨਾ ਚੋਰੀ ਕਰ ਲਿਆ ਹੈ।

ਉਸ ਬੈਂਕ ਵਿਚ ਸ਼ਨੀਵਾਰ ਅਤੇ ਐਤਵਾਰ ਨੂੰ ਛੁੱਟੀ ਰਹਿੰਦੀ ਸੀ, ਇਸ ਕਾਰਨ ਲੱਗਦਾ ਸੀ ਕਿ ਚੋਰਾਂ ਨੇ ਸ਼ਨੀਵਾਰ ਨੂੰ ਬੈਂਕ ਵਿਚ ਘੁਸਪੈਠ ਕੀਤੀ ਸੀ ਤੇ ਆਰਾਮ ਨਾਲ ਦੋ ਦਿਨ ਲਾਕਰ ਦਾ ਦਰਵਾਜ਼ਾ ਕੱਟਦੇ ਰਹੇ ਸਨ। 18 ਕਿੱਲੋ ਸੋਨਾ ਅੱਜ ਦੇ ਹਿਸਾਬ ਨਾਲ 15-16 ਕਰੋੜ ਦੇ ਬਰਾਬਰ ਹੈ। ਵਾਰਦਾਤ ਵੱਡੀ ਹੋਣ ਕਾਰਨ ਜ਼ਿਲ੍ਹੇ ਦਾ ਐੱਸ.ਐੱਸ.ਪੀ. ਮੌਕੇ 'ਤੇ ਪਹੁੰਚ ਗਿਆ ਤੇ ਹਰ ਹਾਲਤ ਵਿਚ ਕੇਸ ਟਰੇਸ ਕਰਨ ਦੀ ਹਦਾਇਤ ਕੀਤੀ। ਉਸ ਦੇ ਜਾਣ ਤੋਂ ਬਾਅਦ ਮੈਂ ਸਿਆਣੇ ਮੁਲਾਜ਼ਮਾਂ ਦੀ ਇੱਕ ਟੀਮ ਗਠਿਤ ਕੀਤੀ ਤੇ ਕਾਰਵਾਈ ਸ਼ੁਰੂ ਕਰ ਦਿੱਤੀ। ਦੋ ਕੁ ਦਿਨਾਂ ਬਾਅਦ ਇੱਕ ਸਿਆਣੇ ਹੌਲਦਾਰ ਨੇ ਦੱਸਿਆ ਕਿ ਬਜ਼ਾਰ ਵਿਚ ਚਰਚਾ ਹੈ ਕਿ ਜਿਸ ਦਿਨ ਦਾ ਡਾਕਾ ਪਿਆ ਹੈ, ਬੈਂਕ ਦੇ ਸਾਹਮਣੇ ਵਾਲੀ ਦੁਕਾਨ ਬੰਦ ਹੈ। ਜਦੋਂ ਅਸੀਂ ਉਸ ਦੁਕਾਨ 'ਤੇ ਪਹੁੰਚੇ, ਤਾਂ ਉਥੇ ਜਿੰਦਰਾ ਵੱਜਾ ਹੋਇਆ ਸੀ। ਗੁਆਂਢੀ ਦੁਕਾਨਦਾਰਾਂ ਤੋਂ ਪਤਾ ਲੱਗਾ ਕਿ ਇਹ ਦੁਕਾਨ ਚੰਪਕ ਲਾਲ (ਕਾਲਪਨਿਕ ਨਾਮ) ਦੀ ਹੈ, ਜੋ ਉਸ ਨੇ ਡੇਢ ਦੋ ਮਹੀਨੇ ਪਹਿਲਾਂ ਕੁਝ ਵਿਅਕਤੀਆਂ ਨੂੰ ਕਿਰਾਏ 'ਤੇ ਦਿੱਤੀ ਸੀ। ਚੰਪਕ ਲਾਲ ਨੂੰ ਥਾਣੇ ਬੁਲਾਇਆ ਗਿਆ, ਤਾਂ ਉਸ ਨੇ ਦੱਸਿਆ ਕਿ ਇਹ ਦੁਕਾਨ ਉਸ ਨੇ ਦਸ ਹਜ਼ਾਰ ਮਹੀਨਾ ਕਿਰਾਏ 'ਤੇ ਗੇਜਾ ਸਿੰਘ (ਕਾਲਪਨਿਕ ਨਾਮ) ਨੂੰ ਦਿੱਤੀ ਸੀ। ਉਸ ਨੂੰ ਨਾਲ ਲਿਜਾ ਕੇ ਜਦੋਂ ਦੁਕਾਨ ਦਾ ਤਾਲਾ ਤੋੜਿਆ ਗਿਆ, ਤਾਂ ਅੰਦਰ ਕੁਝ ਵੀ ਨਹੀਂ ਸੀ।

ਮਜ਼ੀਦ ਪੁੱਛ ਪੜਤਾਲ ਕਰਨ 'ਤੇ ਚੰਪਕ ਲਾਲ ਨੇ ਦੱਸਿਆ ਕਿ ਉਸ ਨੇ ਦੁਕਾਨ ਕਿਰਾਏ 'ਤੇ ਦੇਣ ਸਮੇਂ ਗੇਜਾ ਸਿੰਘ ਦੇ ਆਧਾਰ ਕਾਰਡ ਦੀ ਕਾਪੀ ਲਈ ਸੀ, ਜੋ ਉਸ ਨੇ ਸਾਨੂੰ ਦੇ ਦਿੱਤੀ। ਜਿਵੇਂ ਕਿ ਉਮੀਦ ਸੀ, ਉਹ ਜਾਅਲੀ ਨਿਕਲੀ ਤੇ ਉਸ 'ਤੇ ਲੱਗੀ ਫੋਟੋ ਬਹੁਤ ਹੀ ਖਰਾਬ ਹਾਲਤ ਵਿਚ ਸੀ। ਦੋ ਚਾਰ ਦਿਨਾਂ ਬਾਅਦ ਮੈਂ ਚੰਪਕ ਲਾਲ ਨੂੰ ਫਿਰ ਆਪਣੇ ਦਫਤਰ ਬੁਲਾਇਆ ਤੇ ਪੁੱਛਿਆ ਕਿ ਉਹ ਕੋਈ ਅਜਿਹੀ ਗੱਲ ਬਾਰੇ ਸੋਚੇ, ਜੋ ਅਸੀਂ ਪੁੱਛਣਾ ਜਾਂ ਉਹ ਦੱਸਣਾ ਭੁੱਲ ਗਿਆ ਹੋਵੇ। ਉਹ ਦਸ-ਪੰਦਰਾਂ ਮਿੰਟ ਸੋਚ ਕੇ ਬੋਲਿਆ ਕਿ ਗੇਜਾ ਸਿੰਘ ਨੇ ਸੰਪਰਕ ਕਰਨ ਲਈ ਉਸ ਨੂੰ ਆਪਣਾ ਇੱਕ ਮੋਬਾਇਲ ਨੰਬਰ ਵੀ ਦਿੱਤਾ ਸੀ। ਮੈਂ ਫੌਰਨ ਉਸ ਮੋਬਾਇਲ 'ਤੇ ਕਾਲ ਕੀਤੀ, ਤਾਂ ਉਹ ਅੱਗੋਂ ਬੰਦ ਮਿਲਿਆ। ਮੈਂ ਉਸੇ ਵੇਲੇ ਸਬੰਧਿਤ ਥਾਣੇ ਦੇ ਐੱਸ.ਐੱਚ.ਉ. ਨੂੰ ਬੁਲਾਇਆ ਤੇ ਉਸ ਨੰਬਰ ਦੀ ਕਾਲ ਡਿਟੇਲ ਕਢਵਾਉਣ ਲਈ ਕਿਹਾ। ਕੇਸ ਬਹੁਤ ਹਾਈ ਪ੍ਰੋਫਾਈਲ ਸੀ, ਸੋ ਦੋ ਦਿਨ ਵਿਚ ਹੀ ਕਾਲ ਡਿਟੇਲ ਆ ਗਈ। ਉਸ ਨੰਬਰ ਤੋਂ ਸਿਰਫ ਤਿੰਨ ਬੰਦਿਆਂ ਨੂੰ, ਜੋ ਕਿ ਉਸ ਦੇ ਸਾਥੀ ਸਨ, ਫੋਨ ਹੁੰਦਾ ਸੀ। ਜਦੋਂ ਉਨ੍ਹਾਂ ਦੇ ਨੰਬਰਾਂ 'ਤੇ ਕਾਲ ਕੀਤੀ ਗਈ, ਤਾਂ ਉਹ ਵੀ ਬੰਦ ਮਿਲੇ। ਜਿਸ ਦੁਕਾਨਦਾਰ ਤੋਂ ਦੋ ਕੁ ਮਹੀਨੇ ਪਹਿਲਾਂ ਸਿਮ ਨੰਬਰ ਅਤੇ ਮੋਬਾਇਲ ਖਰੀਦੇ ਗਏ ਸਨ, ਉਸ ਦੀ ਪੁੱਛ-ਪੜਤਾਲ ਕੀਤੀ, ਤਾਂ ਪਤਾ ਲੱਗਾ ਕਿ ਉਥੇ ਵੀ ਚੰਪਕ ਲਾਲ ਵਾਲਾ ਹੀ ਅਧਾਰ ਕਾਰਡ ਦਿੱਤਾ ਗਿਆ ਸੀ।

ਤਫਤੀਸ਼ ਮੁੜ ਘਿੜ ਕੇ ਫਿਰ ਜ਼ੀਰੋ 'ਤੇ ਪਹੁੰਚ ਗਈ। ਮੈਂ ਕਾਲ ਡਿਟੇਲ ਐੱਸ.ਐੱਚ.ਉ. ਤੋਂ ਲੈ ਕੇ ਦੁਬਾਰਾ ਘੋਖਣ ਲੱਗ ਗਿਆ, ਤਾਂ ਵੇਖਿਆ ਕਿ ਡਾਕੇ ਤੋਂ ਹਫਤਾ ਕੁ ਪਹਿਲਾਂ ਗੇਜੇ ਦੇ ਨੰਬਰ ਤੋਂ ਕਿਸੇ ਨੰਬਰ 'ਤੇ ਦੋ-ਤਿੰਨ ਸਕਿੰਟ ਦੀ ਕਾਲ ਹੋਈ ਸੀ। ਮੈਂ ਉਸ ਨੰਬਰ 'ਤੇ ਕਾਲ ਕੀਤੀ, ਤਾਂ ਉਹ ਫੋਨ ਚੱਲ ਰਿਹਾ ਸੀ। ਅੱਗੋਂ ਇੱਕ ਔਰਤ ਦੀ ਆਵਾਜ਼ ਆਈ, ਤਾਂ ਮੈਂ ਉਸ ਨੂੰ ਝੂਠ ਮਾਰ ਦਿੱਤਾ ਕਿ ਕੀ ਇਹ ਸੁੱਚਾ ਸਿੰਘ ਦਾ ਨੰਬਰ ਹੈ? ਉਸ ਨੇ ਕਿਹਾ ਨਹੀਂ ਜੀ, ਇਹ ਸੁੱਚਾ ਸਿੰਘ ਦਾ ਨੰਬਰ ਨਹੀਂ ਹੈ। ਮੈਂ ਇਹ ਕਹਿ ਕੇ ਸੌਰੀ ਰੌਂਗ ਨੰਬਰ ਲੱਗ ਗਿਆ ਹੈ, ਫੋਨ ਕੱਟ ਦਿੱਤਾ। ਜਦੋਂ ਉਸ ਨੰਬਰ ਦਾ ਐਡਰੈਸ ਅਤੇ ਕਾਲ ਡਿਟੇਲ ਕਢਵਾਈ ਗਈ, ਤਾਂ ਪਤਾ ਲੱਗਾ ਕਿ ਉਹ ਪਿੰਡ ਸਮਾਣੇ ਤੋਂ 8-10 ਕਿ.ਮੀ. ਦੂਰ ਹਰਿਆਣੇ ਵਿਚ ਪੈਂਦਾ ਹੈ।

ਅਸੀਂ ਅਗਲੇ ਦਿਨ ਤੜਕੇ ਚਾਰ ਵਜੇ ਹੀ ਉਸ ਘਰ 'ਤੇ ਰੇਡ ਕਰ ਦਿੱਤੀ ਤੇ ਗੇਜਾ ਸਿੰਘ ਕਾਬੂ ਆ ਗਿਆ। ਉਸ ਵਿਅਕਤੀ ਦਾ ਅਸਲ ਨਾਮ ਗੇਜਾ ਸਿੰਘ ਨਹੀਂ, ਬਲਕਿ ਹਰੀ ਰਾਮ (ਕਾਲਪਨਿਕ ਨਾਮ) ਸੀ। ਥਾਣਾ ਸਮਾਣਾ ਲਿਆ ਕੇ ਜਦੋਂ ਉਸ ਦੀ ਟਹਿਲ ਸੇਵਾ ਕੀਤੀ ਗਈ, ਤਾਂ ਉਹ ਤੋਤੇ ਵਾਂਗ ਬੋਲਣ ਲੱਗ ਪਿਆ। ਉਸ ਨੇ ਆਪਣੇ ਖੇਤਾਂ ਵਿਚ ਦਬਾ ਕੇ ਰੱਖਿਆ ਹੋਇਆ ਸਾਰਾ ਸੋਨਾ ਵੀ ਬਰਾਮਦ ਕਰਵਾ ਦਿੱਤਾ ਤੇ ਤਿੰਨੇ ਸਾਥੀ ਵੀ ਗ੍ਰਿਫਤਾਰ ਕਰਵਾ ਦਿੱਤੇ। ਹਰੀ ਰਾਮ 'ਤੇ ਹਰਿਆਣੇ ਦੇ ਵੱਖ-ਵੱਖ ਥਾਣਿਆਂ ਵਿਚ ਚੋਰੀ, ਖੋਹ ਆਦਿ ਦੇ ਦਰਜ਼ਨਾਂ ਮੁਕੱਦਮੇ ਦਰਜ਼ ਸਨ ਤੇ ਉਸ ਵੇਲੇ ਉਹ ਜ਼ਮਾਨਤ 'ਤੇ ਬਾਹਰ ਆਇਆ ਹੋਇਆ ਸੀ। ਹੁਣ ਗੱਲ ਕਰਦੇ ਹਾਂ ਉਸ ਦੋ ਸਕਿੰਟ ਦੀ ਮਿੱਸ ਕਾਲ ਦੀ, ਜਿਸ ਨੇ ਸਾਰਾ ਮਾਮਲਾ ਹੱਲ ਕਰਵਾਇਆ ਸੀ। ਹਰੀ ਰਾਮ ਦੀ ਪਤਨੀ ਸੁਨੀਤਾ ਰਾਣੀ (ਕਾਲਪਨਿਕ ਨਾਮ) ਬਹੁਤ ਹੀ ਸ਼ੱਕੀ ਕਿਸਮ ਦੀ ਔਰਤ ਸੀ। ਇੱਕ ਦਿਨ ਉਸ ਨੇ ਵੇਖਿਆ ਕਿ ਹਰੀ ਰਾਮ ਦੇ ਸਿਰਹਾਣੇ ਥੱਲੇ ਇੱਕ ਹੋਰ ਮੋਬਾਇਲ ਫੋਨ ਪਿਆ ਹੈ। ਉਸ ਦਾ ਸ਼ੱਕ ਹੋਰ ਗਹਿਰਾ ਹੋ ਗਿਆ ਕਿ ਇਹ ਨਵਾਂ ਮੋਬਾਇਲ ਹਰੀ ਰਾਮ ਨੇ ਆਪਣੀਆਂ ਗਰਲ ਫਰੈਂਡਾਂ ਨਾਲ ਗੱਲਾਂਬਾਤਾਂ ਮਾਰਨ ਲਈ ਲਿਆ ਹੋਣਾ ਹੈ। ਉਸ ਵੇਲੇ ਹਰੀ ਰਾਮ ਨਹਾ ਰਿਹਾ ਸੀ, ਸੋ ਮੌਕੇ ਦਾ ਫਾਇਦਾ ਉਠਾਉਂਦੇ ਹੋਏ ਉਸ ਨੇ ਮੋਬਾਇਲ ਨੂੰ ਔਨ ਕਰ ਕੇ ਆਪਣੇ ਫੋਨ 'ਤੇ ਮਿੱਸ ਕਾਲ ਮਾਰ ਕੇ ਨੰਬਰ ਸੇਵ ਕਰ ਲਿਆ। ਜਦੋਂ ਹਰੀ ਰਾਮ ਨਹਾ ਕੇ ਬਾਹਰ ਨਿਕਲਿਆ, ਤਾਂ ਉਸ ਨੇ ਉਸ ਨਾਲ ਨਵੇਂ ਮੋਬਾਇਲ ਕਾਰਨ ਰੱਜ ਕੇ ਲੜਾਈ ਝਗੜਾ ਕੀਤਾ। ਪਰ ਉਸ ਦੀ ਮਿੱਸ ਕਾਲ ਤੇ ਸ਼ੱਕੀ ਤਬੀਅਤ ਕਾਰਨ ਸਾਡਾ ਕੇਸ ਟਰੇਸ ਹੋ ਗਿਆ ਤੇ ਸਿਰਦਰਦੀ ਖਤਮ ਹੋਈ।

# ਭਾਰਤ ਵਿਚ ਮਰਦਾਂ ਵਿਰੁੱਧ ਲਿੰਗ ਅਸਮਾਨਤਾ ਦੀ ਅਣਕਹੀ ਕਹਾਣੀ

ਵਿਜੇ ਗਰਗ
ਰਿਟਾਇਰਡ ਪ੍ਰਿੰਸੀਪਲ
ਮਲੋਟ
ਪੰਜਾਬ ਮੇਲUSA





ਭਾਰਤੀ ਸਮਾਜ, ਲੰਬੇ ਸਮੇਂ ਤੋਂ ਪੁਰਸ਼ਾਂ ਦੇ ਵਿਰੁੱਧ ਲਿੰਗਕ ਅਸਮਾਨਤਾ ਅਤੇ ਪੁਰਸ਼ਾਂ ਦੇ ਵਿਰੁੱਧ ਲਿੰਗ ਅਸਮਾਨਤਾ ਵਿਚ ਫਸਿਆ ਹੋਇਆ ਹੈ। ਹੁਣ ਇਸ ਮੁੱਦੇ ਦੇ ਇੱਕ ਅਣਦੇਖੀ ਪਹਿਲੂ ਨਾਲ ਜੂਝ ਰਿਹਾ ਹੈ - ਮਰਦਾਂ ਦੇ ਵਿਰੁੱਧ ਲਿੰਗ ਅਸਮਾਨਤਾ ਭਾਰਤੀ ਸਮਾਜ ਵਿਚ ਹਮੇਸ਼ਾ ਹੀ ਔਰਤਾਂ ਦੇ ਖਿਲਾਫ ਮਰਦਪ੍ਰਸਤੀ ਅਤੇ ਲਿੰਗ ਅਸਮਾਨਤਾ ਦਾ ਦਬਦਬਾ ਰਿਹਾ ਹੈ। ਹਾਲਾਂਕਿ, ਇੱਕ ਟੈਕਨੀ ਅਤੇ ਇੱਕ ਹੈੱਡ ਕਾਂਸਟੇਬਲ ਦੀਆਂ ਦੋ ਹਾਲ ਹੀ ਦੀਆਂ ਖੁਦਕੁਸ਼ੀਆਂ, ਦੋਨਾਂ ਨੇ ਆਪਣੀਆਂ ਵਿਛੜੀਆਂ ਪਤਨੀਆਂ ਅਤੇ ਪਰਿਵਾਰਾਂ ਦੁਆਰਾ ਜਬਰੀ ਵਸੂਲੀ ਅਤੇ ਪਰੇਸ਼ਾਨ ਕਰਨ ਦਾ ਦੋਸ਼ ਲਗਾਇਆ। ਇੱਕ ਬਹੁਤ ਹੀ ਤਿੱਖੇ, ਔਰਤ-ਅਧਾਰਿਤ ਅਤੇ ਪੁਰਾਣੇ ਕਾਨੂੰਨੀ ਢਾਂਚੇ ਵੱਲ ਇਸ਼ਾਰਾ ਕੀਤਾ। ਲਿੰਗ ਅਸਮਾਨਤਾ ਬਹੁਤ ਹੱਦ ਤੱਕ ਇੱਕ ਅੱਧੀ ਕਹਾਣੀ ਬਣ ਕੇ ਰਹਿ ਗਈ ਹੈ, ਜੋ ਕਿ ਮਰਦ ਹਮਰੁਤਬਾ ਤੋਂ ਵਾਂਝੀ ਹੈ। ਭਾਰਤ ਵਿਚ ਕਾਨੂੰਨੀ ਪ੍ਰਣਾਲੀ ਔਰਤਾਂ ਦਾ ਪੱਖ ਪੂਰਦੀ ਹੈ ਕਿਉਂਕਿ ਭਾਰਤ ਵਿਚ ਦਾਜ ਦੇ ਕਾਨੂੰਨ ਵਿਸ਼ੇਸ਼ ਤੌਰ 'ਤੇ ਬਹੁਤ ਜ਼ਿਆਦਾ ਵਿਤਕਰੇ ਵਾਲੇ ਹਨ। ਇੰਡੀਅਨ ਐਵੀਡੈਂਸ ਐਕਟ, 1872 (ਹੁਣ ਭਾਰਤੀ ਸਕਸ਼ਮ ਅਧਿਅਮ, 2023) ਦੀ ਧਾਰਾ 113ਬੀ ਦੇ ਅਨੁਸਾਰ ਜੇਕਰ ਕੋਈ ਵਿਆਹੁਤਾ ਔਰਤ ਵਿਆਹ ਦੇ 7 ਸਾਲਾਂ ਦੇ ਅੰਦਰ ਆਤਮਹੱਤਿਆ ਕਰ ਲੈਂਦੀ ਹੈ, ਤਾਂ ਇਹ ਮੰਨਿਆ ਜਾਂਦਾ ਹੈ ਕਿ ਪਤੀ ਜਾਂ ਉਸਦੇ ਪਰਿਵਾਰ ਨੇ ਖੁਦਕੁਸ਼ੀ ਲਈ ਉਕਸਾਇਆ ਹੈ, ਜਦੋਂ ਕਿ ਇਹ ਲਾਗੂ ਨਹੀਂ ਹੁੰਦਾ। ਔਰਤਾਂ ਮੈਰਿਜ ਲਿਟੀਗੇਸ਼ਨ ਮਾਹਿਰਾਂ ਦਾ ਦਾਅਵਾ ਹੈ ਕਿ ਜਦੋਂ ਔਰਤਾਂ ਆਪਣੇ ਪਤੀਆਂ ਅਤੇ ਪਰਿਵਾਰਾਂ ਦੇ ਖਿਲਾਫ ਸ਼ਿਕਾਇਤਾਂ ਦਰਜ ਕਰਦੀਆਂ ਹਨ, ਤਾਂ ਦੁਰਵਿਵਹਾਰ ਦੀ ਗਤੀਸ਼ੀਲਤਾ ਅਤੇ ਅਸਪੱਸ਼ਟ ਦਸਤਾਵੇਜ਼ ਅਕਸਰ ਇਨ੍ਹਾਂ ਮਾਮਲਿਆਂ ਨੂੰ ਬਹੁਤ ਗੁੰਝਲਦਾਰ ਬਣਾਉਂਦੇ ਹਨ ਅਤੇ ਇੱਕ ਔਰਤ ਦੇ ਬਿਆਨ ਨੂੰ ਆਮ ਤੌਰ 'ਤੇ ਕੀਮਤੀ ਮੰਨਿਆ ਜਾਂਦਾ ਹੈ, ਜਿਸ ਨਾਲ ਕਾਨੂੰਨੀ ਪ੍ਰਕਿਰਿਆ ਵਿਚ ਇੱਕ ਮਹੱਤਵਪੂਰਨ ਅਸੰਤੁਲਨ ਪੈਦਾ ਹੁੰਦਾ ਹੈ। ਇਸ ਤੋਂ ਇਲਾਵਾ, ਹਿੰਦੂ ਘੱਟ ਗਿਣਤੀ ਅਤੇ ਗਾਰਡੀਅਨਸ਼ਿਪ ਐਕਟ, 1956 ਦੇ ਅਨੁਸਾਰ, ਜ਼ਿਆਦਾਤਰ ਤਲਾਕ ਦੇ ਮਾਮਲਿਆਂ ਵਿਚ, ਖਾਸ ਤੌਰ 'ਤੇ 5 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਦੀ ਹਿਰਾਸਤ ਵਿਚ ਔਰਤਾਂ ਨੂੰ ਤਰਜੀਹ ਦਿੱਤੀ ਜਾਂਦੀ ਹੈ। ਰਾਸ਼ਟਰੀ ਅਪਰਾਧ ਰਿਕਾਰਡ ਬਿਊਰੋ (ਐੱਨ.ਸੀ.ਆਰ.ਬੀ.) 2022 ਦੇ ਅੰਕੜਿਆਂ ਦੇ ਅਨੁਸਾਰ, ਮਰਦ ਕੁੱਲ 1,70,896 ਵਿਚੋਂ 1,22,724 ਖੁਦਕੁਸ਼ੀਆਂ ਹੋਈਆਂ। ਇਹ ਕੁੱਲ ਖੁਦਕੁਸ਼ੀਆਂ ਦਾ 71.81 ਫੀਸਦੀ ਹੈ। ਅੰਕੜੇ ਇਹ ਵੀ ਉਜਾਗਰ ਕਰਦੇ ਹਨ ਕਿ ਹਰ 4.45 ਮਿੰਟਾਂ ਵਿਚ ਇੱਕ ਆਦਮੀ ਖੁਦਕੁਸ਼ੀ ਕਰਦਾ ਹੈ, ਜਦੋਂ ਕਿ ਇੱਕ ਔਰਤ ਹਰ 9 ਮਿੰਟਾਂ ਵਿਚ। ਇਸ ਤੋਂ ਇਲਾਵਾ, ਵਿਆਹੁਤਾ ਮਰਦਾਂ ਵਿਚ ਖੁਦਕੁਸ਼ੀ ਦੀ ਦਰ ਵਿਆਹੀਆਂ ਔਰਤਾਂ ਨਾਲੋਂ ਤਿੰਨ ਗੁਣਾ ਹੈ। 2021 ਵਿਚ 81,063 ਵਿਆਹੇ ਪੁਰਸ਼ਾਂ ਨੇ ਖੁਦਕੁਸ਼ੀ ਕੀਤੀ, ਜਦੋਂਕਿ ਔਰਤਾਂ ਦੀ ਗਿਣਤੀ 28,660 ਸੀ। ਮੈਟਰੋਪੋਲੀਟਨ ਸ਼ਹਿਰਾਂ ਵਿਚ ਪਰਿਵਾਰਕ ਸਮੱਸਿਆਵਾਂ ਅਤੇ ਵਿਆਹ-ਸਬੰਧਤ ਮੁੱਦੇ ਖੁਦਕੁਸ਼ੀ ਦੇ ਪ੍ਰਮੁੱਖ ਕਾਰਨ ਸਨ, ਜੋ ਕਿ 32.5 ਪ੍ਰਤੀਸ਼ਤ ਮਾਮਲਿਆਂ ਵਿਚ ਸ਼ਾਮਲ ਹਨ। ਮਰਦਾਂ ਪ੍ਰਤੀ ਲਿੰਗ ਅਸਮਾਨਤਾ ਨਾ ਸਿਰਫ਼ ਭਾਰਤ ਵਿਚ ਸਗੋਂ ਵਿਸ਼ਵ ਪੱਧਰ 'ਤੇ ਸੱਭਿਆਚਾਰਕ ਅਤੇ ਅਕਾਦਮਿਕ ਖੋਜਾਂ ਵਿਚ ਸੀਮਤ ਚਰਚਾਵਾਂ ਲੱਭਦੀ ਹੈ। ਹਾਲਾਂਕਿ, ਤੱਥਾਂ 'ਤੇ ਡੂੰਘਾਈ ਨਾਲ ਨਜ਼ਰ ਮਾਰਨਾ ਮੁੱਖ ਤੌਰ 'ਤੇ ਪੱਖਪਾਤੀ ਨਾਰੀਵਾਦੀ ਸਮਾਜਕ ਢਾਂਚੇ ਨੂੰ ਪ੍ਰਗਟ ਕਰਦਾ ਹੈ। ਦਿੱਲੀ-ਆਧਾਰਿਤ ਸੰਗਠਨ, ਪੁਰਸ਼ ਆਯੋਗ ਦੇ ਸੰਸਥਾਪਕ ਦੇ ਅਨੁਸਾਰ, ਸਮਾਜ ਦੇ ਰੂੜ੍ਹੀਵਾਦੀ ਧਾਰਨਾਵਾਂ ਮੰਨਦੀਆਂ ਹਨ ਕਿ 'ਪੁਰਸ਼ ਸ਼ਿਕਾਰ ਨਹੀਂ ਹੋ ਸਕਦੇ', ਜਿਸ ਨਾਲ ਉਨ੍ਹਾਂ ਦੇ ਸਾਹਮਣੇ ਆਉਣ ਵਾਲੇ ਮੁੱਦਿਆਂ ਨੂੰ ਅਣਗੌਲਿਆ ਕੀਤਾ ਜਾਂਦਾ ਹੈ। ਸਟੋਏਟ ਐਂਡ ਗੇਰੀ, 2019 ਦੁਆਰਾ 134 ਦੇਸ਼ਾਂ ਲਈ ਕੀਤੇ ਗਏ ਇੱਕ ਅਧਿਐਨ ਵਿਚ ਦਾਅਵਾ ਕੀਤਾ ਗਿਆ ਹੈ ਕਿ 91 (68 ਪ੍ਰਤੀਸ਼ਤ) ਦੇਸ਼ਾਂ ਵਿਚ ਮਰਦ ਔਰਤਾਂ ਦੇ ਮੁਕਾਬਲੇ ਜ਼ਿਆਦਾ ਵਾਂਝੇ ਸਨ। ਉਨ੍ਹਾਂ ਨੇ ਦਲੀਲ ਦਿੱਤੀ ਕਿ ਗਲੋਬਲ ਜੈਂਡਰ ਗੈਪ ਇੱਕ ਤਰੁੱਟੀ ਮਾਪਣ ਦੀਆਂ ਤਕਨੀਕਾਂ ਦੇ ਕਾਰਨ ਨੁਕਸਦਾਰ ਸੀ, ਜਿਸ ਵਿਚ ਸਾਹਿਤ ਦੀ ਅਣਹੋਂਦ ਕਾਰਨ ਅਜਿਹੀਆਂ ਸਥਿਤੀਆਂ ਨੂੰ ਸ਼ਾਮਲ ਨਹੀਂ ਕੀਤਾ ਗਿਆ, ਜਿੱਥੇ ਪੁਰਸ਼ਾਂ ਨੂੰ ਨੁਕਸਾਨ ਪਹੁੰਚਾਇਆ ਜਾਂਦਾ ਹੈ। ਫਰਾਂਸ ਵਿਚ ਇੱਕ ਹੋਰ ਅਧਿਐਨ ਵਿਚ ਪਾਇਆ ਗਿਆ ਹੈ ਕਿ ਔਰਤਾਂ ਦੇ ਦਬਦਬੇ ਵਾਲੇ ਕਾਰਜ ਸਥਾਨਾਂ ਵਿਚ ਪੁਰਸ਼ਾਂ ਦੇ ਵਿਰੁੱਧ ਵਿਤਕਰਾ ਪੁਰਸ਼-ਪ੍ਰਧਾਨ ਕਾਰਜ ਸਥਾਨਾਂ ਵਿਚ ਔਰਤਾਂ ਦੇ ਵਿਰੁੱਧ ਵਿਤਕਰੇ ਨਾਲੋਂ ਵਧੇਰੇ ਪ੍ਰਚਲਿਤ ਹੈ। ਉਲਟ ਲਿੰਗਵਾਦ ਦੀਆਂ ਅਜਿਹੀਆਂ ਉਦਾਹਰਣਾਂ, ਮਰਦ-ਵਿਰੋਧੀ ਪੱਖਪਾਤ ਦੇ ਨਾਲ ਬਹੁਤ ਜ਼ਿਆਦਾ ਪ੍ਰਚਲਿਤ ਹਨ, ਪਰ ਵਿਅੰਗਾਤਮਕ ਤੌਰ 'ਤੇ ਬਹੁਤ ਘੱਟ ਹਵਾਲਾ ਦਿੱਤਾ ਗਿਆ ਹੈ। ਮਾਨਸਿਕ ਸਿਹਤ ਖੋਜ ਵੀ ਔਰਤਾਂ 'ਤੇ ਕੇਂਦ੍ਰਿਤ ਹੈ ਅਤੇ ਵਿਦਵਾਨ ਮਰਦਾਂ ਦੁਆਰਾ ਦਰਪੇਸ਼ ਸਮੱਸਿਆਵਾਂ ਨੂੰ 'ਚੁੱਪ ਮਹਾਂਮਾਰੀ' ਵਜੋਂ ਚੇਤਾਵਨੀ ਦਿੰਦੇ ਹਨ। ਕਾਨੂੰਨੀ ਢਾਂਚੇ ਵਿਚ ਔਰਤ ਦੋਸ਼ੀਆਂ ਨੂੰ ਇਸੇ ਤਰ੍ਹਾਂ ਦੇ ਜੁਰਮਾਂ ਲਈ ਲੰਮੀ ਅਤੇ ਜ਼ਿਆਦਾ ਸਖ਼ਤ ਕੈਦ ਹੋਣ ਦੀ ਸੰਭਾਵਨਾ ਘੱਟ ਹੈ। ਪ੍ਰਗਤੀਸ਼ੀਲ ਸਮਾਜਿਕ ਢਾਂਚੇ ਲਈ ਔਰਤਾਂ ਦਾ ਉਦਾਰੀਕਰਨ ਅਤੇ ਸਸ਼ਕਤੀਕਰਨ ਜ਼ਰੂਰੀ ਹੈ ਅਤੇ ਵਿਕਸਿਤ ਆਰਥਿਕਤਾ. ਫਿਰ ਵੀ, ਲਿੰਗ-ਸਮਾਨ ਦਾ ਦਰਜਾ ਮਰਦ ਸ਼ੋਸ਼ਣ ਦੀ ਕੀਮਤ 'ਤੇ ਨਹੀਂ ਵਧਣਾ ਚਾਹੀਦਾ। ਆਧੁਨਿਕ ਸਮਾਜ ਵਿਚ, ਲਿੰਗਕ ਭੂਮਿਕਾਵਾਂ ਅਤੇ ਸਬੰਧਾਂ ਦੇ ਵਿਕਾਸ ਦੇ ਨਾਲ; ਬਿਹਤਰ ਸਿੱਖਿਆ ਅਤੇ ਜਾਗਰੂਕਤਾ; ਅਤੇ ਇੱਕ ਨਾਰੀਵਾਦ ਜੋ ਸ਼ਕਤੀ ਪ੍ਰਾਪਤ ਕਰ ਰਿਹਾ ਹੈ, ਸੰਤੁਲਿਤ ਵਿਆਹ ਸੰਬੰਧੀ ਕਾਨੂੰਨ ਪਹਿਲਾਂ ਨਾਲੋਂ ਜ਼ਿਆਦਾ ਢੁੱਕਵੇਂ ਹਨ। ਸਰਕਾਰ ਨੂੰ ਵਿੱਤੀ ਜਟਿਲਤਾਵਾਂ, ਵਿਵਾਦਾਂ ਅਤੇ ਕਾਨੂੰਨੀ ਅਧਿਕਾਰਾਂ ਨੂੰ ਹੱਲ ਕਰਨ ਲਈ ਵਿਆਹ ਤੋਂ ਪਹਿਲਾਂ ਦੇ ਸਮਝੌਤਿਆਂ ਨੂੰ ਸ਼ਾਮਲ ਕਰਨ ਲਈ ਵਿਆਹ ਕਾਨੂੰਨਾਂ ਵਿਚ ਸੋਧ ਕਰਨ ਬਾਰੇ ਵਿਚਾਰ ਕਰਨਾ ਚਾਹੀਦਾ ਹੈ।

# ਵੱਡਾ ਘੱਲੂਘਾਰਾ ਕੁੱਪ ਰੋਹੀੜਾ ਦਿਵਸ ’ਤੇ ਵਿਸ਼ੇਸ਼

ਡਾ. ਚਰਨਜੀਤ ਸਿੰਘ ਗੁਮਟਾਲਾ
91-94175-33060
gumtalacs@gmail.com
ਪੰਜਾਬ ਮੇਲ USA





ਪ੍ਰਿੰਸੀਪਲ ਸਤਿਬੀਰ ਸਿੰਘ ਨੇ ਆਪਣੀ ਪੁਸਤਕ ‘ਸਿੱਖ ਇਤਿਹਾਸ ਭਾਗ ਪਹਿਲਾ’ ਦੇ ਪੰਨਾ 239 ਤੋਂ 246 ਤੱਕ ਵੱਡੇ ਘਲੂਘਾਰੇ ’ਤੇ ਬੜੇ ਵਿਸਥਾਰ ਨਾਲ ਚਾਨਣਾ ਪਾਇਆ ਹੈ। ਅਹਿਮਦ ਸ਼ਾਹ ਅਬਦਾਲੀ ਨੇ 1748 ਤੋਂ ਲੈ ਕੇ 1761 ਤੱਕ ਪੰਜ ਹਮਲੇ ਹਿੰਦੁਸਤਾਨ ’ਤੇ ਕੀਤੇ ਸਨ। ਪੰਜਵਾਂ ਹਮਲਾ ਨਿਰੋਲ ਮਰਹੱਟਿਆਂ ਦੇ ਵਿਰੁੱਧ ਸੀ। ਅਬਦਾਲੀ ਨੇ ਪਾਨੀਪਤ ਦੀ ਤੀਜੀ ਜੰਗ ਵਿਚ ਮਰਹੱਟਿਆਂ ਨੂੰ ਤਕੜੀ ਹਾਰ ਦਿੱਤੀ। 13 ਜਨਵਰੀ 1761 ਨੂੰ ਮਰਹੱਟਿਆਂ ਨੂੰ ਹਰਾਉਣ ਉਪਰੰਤ ਅਬਦਾਲੀ ਮਾਰਚ ਦੇ ਮਹੀਨੇ ਵਾਪਸ ਮੁੜ ਪਿਆ। ਜਦ ਉਹ ਵਾਪਸ ਮੁੜ ਰਿਹਾ ਸੀ, ਤਾਂ ਸਿੱਖਾਂ ਨੇ ਅਬਦਾਲੀ ਕੋਲੋਂ ਖ਼ੂਬ ਹਿੱਸਾ ਵੰਡਾਇਆ। ਇੱਕ ਕਥਨ ਅਨੁਸਾਰ ਅਟਕ ਤੱਕ ਉਸ ਦਾ ਪਿੱਛਾ ਕੀਤਾ। ਉਸ ਨੇ ਐਲਾਨਦਿਆਂ ਕਿਹਾ ਕਿ ਹੁਣ ਸਿੱਖਾਂ ਨੂੰ ਦਬਾ ਕੇ ਹੀ ਆਰਾਮ ਕਰਾਂਗਾ। ਉਹ ਨਹੀਂ ਸੀ ਜਾਣਦਾ ਕਿ ਸਿੱਖ ਕੌਮ ਨੂੰ ਕੋਈ ਹਰਾ ਨਹੀਂ ਸਕਦਾ।

ਪੰਜਾਬ ਦੇ ਕਬਜ਼ੇ ਲਈ ਹੁਣ ਦੋ ਤਾਕਤਾਂ - ਸਿੱਖ ਅਤੇ ਅਫ਼ਗਾਨ ਲੜ ਰਹੀਆਂ ਸਨ। ਬਾਕੀ ਸਭ ਤਾਕਤਾਂ ਜਾਂ ਮੁੱਕ ਗਈਆਂ ਸਨ ਜਾਂ ਬਲਹੀਨ ਹੋ ਗਈਆਂ ਸਨ। ਸਿੱਖ 1762 ਵਿਚ ਪੰਜਾਬ ਦੇ ਅਮਲੀ ਤੌਰ ਉੱਤੇ ਮਾਲਕ ਸਨ। ਅਬਦਾਲੀ ਦੇ ਨਿਯਤ ਕੀਤੇ ਗਵਰਨਰ ਖ਼ਵਾਜ਼ਾ ਮਿਰਜ਼ਾ ਖ਼ਾਨ ਚਹਾਰ ਮਹੱਲ ਵਾਲਾ, ਆਬਿਦ ਖ਼ਾਨ (ਲਾਹੌਰ), ਸਾਦਤ ਖ਼ਾਨ ਤੇ ਸਾਦਕ ਖ਼ਾਨ ਅਫ਼ਰੀਦੀ, ਸਿੱਖਾਂ ਦੀ ਵਧਦੀ ਤਾਕਤ ਨੂੰ ਰੋਕ ਨਾ ਪਾ ਸਕੇ। ਅਹਿਮਦ ਸ਼ਾਹ ਅਬਦਾਲੀ ਨੇ ਨੂਰ-ਉਦ-ਦੀਨ ਨੂੰ ਮਾਰ ਕੇ ਨਸਾ ਦਿੱਤਾ। ਲਾਹੌਰ ਦਾ ਗਵਰਨਰ ਆਬਿਦ ਖ਼ਾਨ ਵੀ ਛੱਡ ਕੇ ਨੱਸ ਗਿਆ। ਸਿੱਖਾਂ ਨੇ ਸਰਦਾਰ ਜੱਸਾ ਸਿੰਘ ਆਹਲੂਵਾਲੀਏ ਦੀ ਅਗਵਾਈ ਹੇਠਾਂ ਲਾਹੌਰ ’ਤੇ ਕਬਜ਼ਾ ਕੀਤਾ ਤੇ ਆਕਲਦਾਸ ਨੇ ਅਬਦਾਲੀ ਨੂੰ ਹਮਲਾ ਕਰਨ ਲਈ ਪ੍ਰੇਰਿਆ। ਸਿੱਖਾਂ ਨੂੰ ਸੂਹ ਮਿਲ ਗਈ। ਸਿੱਖਾਂ ਨੇ ਸਾਰਾ ਧਿਆਨ ਆਪਣੇ ਟੱਬਰਾਂ ਨੂੰ ਸੁਰੱਖਿਅਤ ਥਾਂ ਉੱਤੇ ਪਹੁੰਚਾਣ ਵੱਲ ਲਗਾ ਦਿੱਤਾ ਅਤੇ ਸਾਰੇ ਮਲੇਰਕੋਟਲੇ ਵਿਚ ਇਕੱਠੇ ਹੋਣੇ ਸ਼ੁਰੂ ਹੋਏ।

ਅਹਿਮਦ ਸ਼ਾਹ 3 ਫਰਵਰੀ ਨੂੰ ਅੰਦਾਜ਼ਿਆਂ ਦੇ ਉਲਟ ਲਾਹੌਰ ਪੁੱਜ ਗਿਆ। ਸਿੱਖਾਂ ਦੇ ਅੰਦਾਜ਼ੇ ਮੁਤਾਬਿਕ ਘੱਟ ਤੋਂ ਘੱਟ ਉਸ ਨੂੰ ਲਾਹੌਰ ਪੁੱਜਦਿਆਂ ਦਸ ਦਿਨ ਲੱਗ ਜਾਣੇ ਸਨ। ਸਿੱਖਾਂ ਦਾ ਯਕੀਨ ਸੀ ਕਿ ਟੱਬਰਾਂ ਨੂੰ ਸੁਰੱਖਿਅਤ ਥਾਂ ਉੱਤੇ ਪਹੁੰਚਾ ਕੇ ਉਹ ਵਾਪਸ ਮੁੜ ਕੇ ਲੜਨ ਲਈ ਤਿਆਰ ਹੋ ਸਕਣਗੇ, ਪਰ ਸਿੱਖਾਂ ਦੀ ਹੈਰਾਨੀ ਦੀ ਹੱਦ ਹੀ ਨਾ ਰਹੀ, ਜਦ 5 ਫਰਵਰੀ ਨੂੰ ਕਾਸਮ ਖ਼ਾਨ ਨੂੰ ਹਮਲਾ ਕਰਦੇ ਡਿੱਠਾ। ਅਬਦਾਲੀ ਨੂੰ ਜਿੱਤ ਦਾ ਏਨਾ ਯਕੀਨ ਸੀ ਕਿ ਸ਼ਾਹ ਵਲੀ ਖ਼ਾਨ ਨੂੰ ਜਦ ਰਾਜਾ ਹਰਿ ਸਹਾਇ ਨੇ ਇਮਦਾਦ ਲਈ ਲਿਖਿਆ, ਤਾਂ ਉਸ ਨੇ ਉੱਤਰ ਦਿੱਤਾ ਸੀ ਕਿ ਸਿੱਖਾਂ ਦੀ ਜੜ੍ਹ ਮੁਕਾ ਕੇ ਕੁਝ ਚਿਰ ਸਰਹੰਦ ਸ਼ਿਕਾਰ ਖੇਡੇਗਾ। ਜਿਥੇ ਸਿੰਘਾਂ ਦੇ ਟੱਬਰ ਟਿਕਦੇ ਨੇਜ਼ਿਆਂ ’ਤੇ ਵਸਤਰ ਟੰਗ ਬੈਰਕਾਂ ਬਣਾ ਲੈਂਦੇ। ਰਾਹ ਭਾਈ ਸੰਗੂ ਸਿੰਘ ਜੀ, ਬਾਬਾ ਆਲਾ ਸਿੰਘ ਦੇ ਭੇਜੇ ਕੋਤਵਾਲ ਬਾਈ ਸਖੂ ਸਿੰਘ ਜੀ ਹੰਭਲਵਾਲ ਤੇ ਭਾਈਕੇ ਦੇ ਭਾਈ ਬੁੱਢਾ ਸਿੰਘ (ਕੈਂਥਲ) ਦੱਸ ਰਹੇ ਸਨ। ਗੁਰੂ ਗ੍ਰੰਥ ਸਾਹਿਬ ਦੀਆਂ ਦੋਵੇਂ ਬੀੜਾਂ ਦਮਦਮੀ ਤੇ ਅੰਮ੍ਰਿਤਸਰੀ ਨਾਲ ਸਨ।

ਗਿਆਨੀ ਗਿਆਨ ਸਿਘ ਦੇ ਕਥਨ ਅਨੁਸਾਰ ਸਵੇਰ ਦਾ ਸਮਾਂ ਸੀ। ਸਿੰਘ ਅਜੇ ਤਿਆਰ ਵੀ ਨਹੀਂ ਸਨ ਹੋਏ। ਅਬਦਾਲੀ ਨੇ ਘੇਰਾ ਘੱਤ ਲਿਆ। ਅਬਦਾਲੀ ਦੀਆਂ ਫੌਜਾਂ ਨੇ ਪੁੱਜਦੇ ਸਾਰ ਹੀ ਕਤਲੇਆਮ ਆਰੰਭ ਦਿੱਤਾ। ਸਿੰਘਾਂ ਨੇ ਝਟਪਟ ਤਿਆਰੇ ਕਰ ਲਏ। ਭਾਵੇਂ ਹਮਲਾ ਅਚਨਚੇਤ ਸੀ, ਪਰ ਸਿੱਖਾਂ ਨੇ ਡੱਟ ਕੇ ਮੁਕਾਬਲਾ ਕਰਨ ਦੀ ਠਾਣੀ। ਪਹਿਲੇ ਹੱਲੇ ਵਿਚ ਹਜ਼ਾਰਾਂ ਸਿੰਘ ਸ਼ਹੀਦ ਹੋ ਗਏ। ਟੱਬਰਾਂ ਨੂੰ ਬਚਾਉਣ ਲਈ ਸਿੱਖਾਂ ਨੇ ਵਿਚਾਰ ਬਣਾਈ ਅਤੇ ਨਾਲ ਹੀ ਉਸੇ ਪਲ ਟੱਬਰਾਂ ਦਾ ਖ਼ਿਆਲ ਆਇਆ। ਉਹ ਸਾਰੇ ਬੇਦੋਸ਼ੇ ਸ਼ਹੀਦ ਕਰ ਦਿੱਤੇ ਜਾਣਗੇ। ਸੋ ਜਲਦੀ ਵਿਚ ਹੀ ਇਹ ਫ਼ੈਸਲਾ ਹੋਇਆ ਕਿ ਵਹੀਰਾਂ ਦੇ ਇਰਦ-ਗਿਰਦ ਚੌਖਟਾ (ਗੋਲ ਕਿਲ੍ਹਾ) ਬਣਾ ਕੇ ਦੁਸ਼ਮਣਾਂ ਦਾ ਮੁਕਾਬਲਾ ਕੀਤਾ ਜਾਏ। ਸਰਦਾਰ ਜੱਸਾ ਸਿੰਘ ਨੇ ਕਮਾਨ ਆਪਣੇ ਹੱਥ ਸੰਭਾਲ ਲਈ। ਸਰਦਾਰ ਸ਼ਾਮ ਸਿੰਘ ਦਾ ਜੱਥਾ ਵੀ ਨਾਲ ਸੀ। ਅਜੇ ਤਿੰਨ ਮੀਲ ਹੀ ਪੈਂਡਾ ਕੀਤਾ ਸੀ ਕਿ ਭੀਖਨ ਖ਼ਾਨ, ਜ਼ੈਨ ਖ਼ਾਨ ਅਤੇ ਸ਼ਾਹ ਵਲੀ ਖ਼ਾਨ ਆ ਪਏ। ਉਹ ਗੋਲ ਕਿਲ੍ਹਾ ਤੋੜਨ ਵਿਚ ਕਾਮਯਾਬ ਨਾ ਹੋ ਸਕੇ। ਸਿੱਖ ਫੌਜੀਆਂ ਨੇ ਇੱਕ ਜ਼ਿੰਦਾ ਮਨੁੱਖਾਂ ਦੀ ਦੀਵਾਰ ਖੜ੍ਹੀ ਕਰ ਦਿੱਤੀ। ਦਸਤੇ ਅਬਦਾਲੀ ਦੀ ਫ਼ੌਜ ਦਾ ਟਾਕਰਾ ਕਰਦੇ ਰਹੇ ਤੇ ਵਹੀਰ ਬਰਨਾਲਾ ਵੱਲ ਵੱਧਦਾ ਗਿਆ। ਜ਼ੈਨ ਖ਼ਾਨ ਤੋਂ ਵਹੀਰ ਬਹੁਤ ਦੂਰ ਚਲਾ ਗਿਆ। ਇਸ ਤਰ੍ਹਾਂ ਤੁਰਦੇ ਮੁਕਾਬਲਾ ਕਰਦੇ ਸਿੱਖਾਂ ਦਾ ਜਾਨੀ ਨੁਕਸਾਨ ਬਹੁਤ ਜ਼ਿਆਦਾ ਹੋ ਰਿਹਾ ਸੀ, ਪਰ ਸਿੰਘ ਡੱਟਕੇ ਹਮਲੇ ਕਰ ਰਹੇ ਸਨ।

ਜਦ ਸਿੰਘ ਡੱਟ ਕੇ ਲੜੇ ਤਾਂ ਅਬਦਾਲੀ ਦੀਆਂ ਫੌਜਾਂ ਵੀ ਘਾਬਰ ਕੇ ‘ਤੋਬਾ ਤੇ ਅੱਲਾ’ ਕਰਨ ਲੱਗ ਪਈਆਂ। ਸਿੰਘ ਵਹੀਰ ਦੀ ਰਾਖੀ ਇਸ ਤਰ੍ਹਾਂ ਕਰ ਰਹੇ ਸਨ ਜਿਵੇਂ ਕੁਕੜੀ ਆਪਣੇ ਬੱਚਿਆਂ ਦੀ, ਖੰਭ ਖਿਲਾਰ ਕੇ ਰਾਖੀ ਕਰਦੀ ਹੈ। ਅਹਿਮਦ ਸ਼ਾਹ ਤੇ ਉਸ ਦੇ ਜਰਨੈਲ ਇਸ ਪ੍ਰਕਾਰ ਦੀ ਲੜਾਈ ਨੂੰ ਦੇਖ ਹੈਰਾਨ ਹੋ ਰਹੇ ਸਨ।

ਅਹਿਮਦ ਸ਼ਾਹ ਨੇ ਵਲੀ ਖ਼ਾਨ, ਭੀਖਨ ਖ਼ਾਨ ਮਲੇਰਕੋਟਲੇ ਵਾਲੇ ਅਤੇ ਜ਼ੈਨ ਖ਼ਾਨ ਨੂੰ ਤਕੜੇ ਹੋ ਕੇ ਹਮਲਾ ਕਰਨ ਲਈ ਪ੍ਰੇਰਿਆ। 48 ਹਜ਼ਾਰ ਫੌਜ ਵਿਚੋਂ ਅੱਠ ਹਜ਼ਾਰ ਫੌਜੀ ਵੱਖ ਕਰ ਲਏ ਤੇ ਜੰਮ ਕੇ ਹਮਲਾ ਕੀਤਾ। ਵਹੀਰ ਤੇ ‘ਦਲ ਖ਼ਾਲਸਾ’ ਵੱਖ ਕਰਨ ਵਿਚ ਅਬਦਾਲੀ ਸਫ਼ਲ ਹੋ ਗਿਆ। ਇਸ ਹਮਲੇ ਵਿਚ ਸਿੰਘਾਂ ਦੇ ਪੈਰ ਉੱਖੜੇ ਤੇ ਕਿਤਨੇ ਹੀ ਸਿੰਘ ਸ਼ਹੀਦ ਹੋ ਗਏ। ਸਿੱਖ ਸਰਦਾਰਾਂ ਤੇ ਜੱਥਿਆਂ ਦੀ ਵਾੜ ਇਸ ਹਮਲੇ ਨੇ ਤੋੜ ਦਿੱਤੀ। ਟੱਬਰਾਂ ਦੇ ਟੱਬਰ ਮਾਰੇ ਗਏ। ਵਹੀਰ ਦਾ ਬਹੁਤ ਜ਼ਿਆਦਾ ਨੁਕਸਾਨ ਹੋਇਆ। ਹੁਣ ਅਬਦਾਲੀ ਦੀ ਇਹ ਖ਼ਾਹਿਸ਼ ਲੱਗਦੀ ਸੀ ਕਿ ਵਹੀਰ ਦੇ ਐਨ ਵਿਚਕਾਰ ਪੁੱਜ ਕੇ ਇਤਨਾ ਵੱਡਾ ਕਤਲੇਆਮ ਕੀਤਾ ਜਾਏ ਕਿ ਫੇਰ ਸਿੱਖ ਉਠਣ ਜੋਗੇ ਨਾ ਰਹਿਣ। ਅਬਦਾਲੀ ਦੀ ਚਾਲ ਸਮਝ ਕੇ ਸਿੱਖਾਂ ਦੀ ਜਥੇਬੰਦੀ ਪੱਕੀ ਕਰ ਲਈ। ਸਾਰੇ ਜਥੇ, ਭੰਗੀ, ਘਨੱਈਏ, ਸ਼ੁਕਰਚਕੀਏ, ਡਲੇਵਾਲੀਏ, ਸ਼ਹੀਦ, ਕਰੋੜੀਏ, ਰਾਮਗੜ੍ਹੀਏ, ਨਿਸ਼ਾਨਵਾਲੀਏ ਸਰਦਾਰ ਇਕੱਠੇ ਹੋ ਗਏ ਅਤੇ ਨਵੀਂ ਵਿਉਂਤ ਨਾਲ ਲੜਨ ਲੱਗੇ। ਅਚਾਨਕ ਹਮਲੇ ’ਤੇ ਫਿਰ ਲਗਾਤਾਰ ਹਮਲਿਆਂ ਵਿਚਕਾਰ ਜਿਸ ਤਰ੍ਹਾਂ ਸਿੱਖ ਸਰਦਾਰਾਂ ਨੇ ਆਪਣੇ ਆਪ ਨੂੰ ਬਚਾਇਆ, ਉਹ ਜੰਗੀ ਇਤਿਹਾਸ ਵਿਚ ਇੱਕ ਅਮਿੱਟ ਯਾਦਗਾਰ ਹੈ। ਜਿਸ ਪਾਸੇ ਸਿੰਘ ਦੌੜ ਕੇ ਪੈਂਦੇ ਸਨ, ਉਸ ਪਾਸਿਉਂ ਦੁਸ਼ਮਣਾਂ ਦਾ ਤਕਰੀਬਨ ਖ਼ਾਤਮਾ ਹੀ ਹੋ ਜਾਂਦਾ ਸੀ।

ਸਰਦਾਰ ਜੱਸਾ ਸਿੰਘ ਆਹਲੂਵਾਲੀਏ, ਸਰਦਾਰ ਸ਼ਿਆਮ ਸਿੰਘ ਅਤੇ ਸਰਦਾਰ ਚੜ੍ਹਤ ਸਿੰਘ ਸ਼ੁਕਰਚਕੀਏ ਨੇ ਤਗੜੇ ਹੱਥ ਦਿਖਾਏ। ਸਰਦਾਰ ਜੱਸਾ ਸਿੰਘ ਆਹਲੂਵਾਲੀਆ ਤਾਂ ਕਈ ਵਾਰ ਮੌਤ ਦੇ ਮੂੰਹ ਤੋਂ ਮਸਾਂ ਬਚੇ। ਆਪ ਨੂੰ ਲਹੂ-ਲੁਹਾਨ ਦੇਖ ਕੇ ਅੰਗ-ਪਾਲਕ ਭਾਈ ਗੁਰਮੁਖ ਸਿੰਘ ਨੇ ਘੋੜੇ ਨੂੰ ਅੱਡੀ ਲਗਾ ਕੇ ਪਾਸੇ ਕਰਾਉਣ ਲਈ ਚਾਬਕ ਚੁੱਕਿਆ ਹੀ ਸੀ ਕਿ ਜ਼ੁਰਅੱਤ ਦੀ ਮੂਰਤ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਨੇ ਉੱਚੀ ਆਵਾਜ਼ ਦੇ ਕੇ ਕਿਹਾ “ਐਸੇ ਜੀਵਨ ਨਾਲੋਂ ਮਰਨਾ ਚੰਗਾ ਹੈ”। ਸਰਦਾਰ ਜੱਸਾ ਸਿੰਘ ਆਹਲੂਵਾਲੀਏ ਨੂੰ ਸਰੀਰ ’ਤੇ 22 ਜ਼ਖ਼ਮ ਤੇ ਸਰਦਾਰ ਚੜ੍ਹਤ ਸਿੰਘ ਸ਼ੁਕਰਚਕੀਏ ਨੂੰ 19 ਜ਼ਖ਼ਮ ਆਏ। ਸਰਦਾਰ ਜੱਸਾ ਸਿੰਘ ਲਹੂ ਲੁਹਾਨ ਹੋਏ ਲੜ ਰਹੇ ਸਨ। ਕਹਿੰਦੇ ਹਨ ਕਿਸੇ ਸਰਦਾਰ ਚੜ੍ਹਤ ਸਿੰਘ ਨੂੰ ਕਿਹਾ ਕਿ ਤੂੰ ਤਾਂ ਕਹਿੰਦਾ ਸੈਂ ਕਿ ਅਬਦਾਲੀ ਦਾ ਸਿੱਧਾ ਟਾਕਰਾ ਕਰਾਂਗਾ। ਹੁਣ ਇੱਥੇ ਕੀ ਕਰਦਾ ਹੈਂ! ਇਤਨਾ ਸੁਣਦੇ ਹੀ ਉਨ੍ਹਾਂ ਘੋੜਾ ਅਬਦਾਲੀ ਵੱਲ ਵਧਾ ਦਿੱਤਾ। ਸਰਦਾਰ ਚੜ੍ਹਤ ਸਿੰਘ ਨੇ ਜਿਸ ਬਹਾਦਰੀ ਨਾਲ ਵਹੀਰ ਦੇ ਅਨੇਕ ਸਿੱਖਾਂ ਨੂੰ ਬਚਾਇਆ, ਉਸ ਦੀ ਸਾਰੇ ਪੰਥ ਨੇ ਉਪਮਾ ਤੇ ਵਡਿਆਈ ਕੀਤੀ। ਜਦ ਘੋੜਾ ਥੱਕ ਜਾਂਦਾ, ਸਰਦਾਰ ਚੜ੍ਹਤ ਸਿੰਘ ਜੀ ਨਵਾਂ ਬਦਲ ਲੈਂਦੇ। ਪੰਜ ਘੋੜੇ ਸਦਾ ਨਾਲ ਰੱਖਦੇ। ਜਿੱਥੇ ਵੀ ਲਲਕਾਰ ਪੈਂਦੀ, ਸੁਣ ਕੇ ਫੱਟ ਘੋੜਾ ਦੁੜਾ ਉੱਥੇ ਪੁੱਜਦੇ। ਕਿਸੇ ਜ਼ਖ਼ਮੀ ਨੂੰ ਬੇਲੇ ’ਤੇ ਪਾ ਆਉਂਦੇ, ਕਿਸੇ ਫੱਟੜ ਸਿੰਘ ਨੂੰ ਪਿੱਠ ’ਤੇ ਚੁੱਕ ਕੇ ਸੁਰੱਖਿਅਤ ਥਾਂ ਪਹੁੰਚਾ ਫਿਰ ਆ ਜੂਝਦੇ। ਕਿਸੇ ਸਿੰਘ ਨੂੰ ਚੰਗਾ ਹੱਥ ਦਿਖਾਂਦੇ ਦੇਖ ਹੱਲਾ-ਸ਼ੇਰੀ ਦੇ ਕੇ ਹੋਰ ਅੱਗੇ ਨਿਕਲ ਜਾਂਦੇ। ਬਸਤਰ ਸਾਰੇ ਲਹੂ ਨਾਲ ਭਰ ਗਏ ਸਨ। ਜਿਵੇਂ ਹੁਣੇ ਹੀ ਹੋਲੀ ਖੇਡ ਕੇ ਆਏ ਹੋਣ।

ਸਾਰੇ ਪੰਥ ਨੇ ਸਰਦਾਰ ਚੜ੍ਹਤ ਸਿੰਘ ਜੀ ਦੀ ਇਤਨੀ ਉਪਮਾ ਕੀਤੀ ਕਿ ਅਸੀਸਾਂ ਦੇਣ ਕਿ “ਪਾਤਸ਼ਾਹੀ ਕਰੈਂ, ਲਾਹੌਰ ਮਾਰੈਂ, ਮੁਲਤਾਨ ਕਬਜ਼ਾ ਆਵੈ। ਕਸ਼ਮੀਰ ਕਾਬਲ ਤੱਕ ਹੁਕਮ ਚਲੇ”। ਦੁਰਾਨੀ ਵੀ ਪੂਰੇ ਜ਼ੋਰਾਂ ਨਾਲ ਹਮਲਾ ਕਰ ਰਹੇ ਸਨ। ਅਬਦਾਲੀ ਦੀਆਂ ਫੌਜਾਂ ਦਾ ਇੱਕੋ ਹੀ ਨਿਸ਼ਾਨਾ ਸੀ ਕਿ ਸਿੰਘਾਂ ਦੀ ਫੌਜ ਨੂੰ ਚੀਰ ਕੇ ਸਾਰੇ ਵਹੀਰ ਨੂੰ ਸ਼ਹੀਦ ਕਰ ਦਿੱਤਾ ਜਾਵੇ। ਇਸ ਦੌਰਾਨ ਵਿਚ ਵਹੀਰ ਪੰਜ ਕੁ ਮੀਲ ਚੱਲ ਚੁੱਕਿਆ ਸੀ। ਇਸ ਘੱਲੂਘਾਰੇ ਵਿਚ ਹੁਸੈਨ ਸ਼ਾਹੀ, ਤਾਰੀਖ਼ੇ ਅਹਿਮਦ, ਸੋਹਣ ਲਾਲ, ਅਲੀ-ਉਦ-ਦੀਨ ਤੇ ਭਾਈ ਰਤਨ ਸਿੰਘ ਦੇ ਕਥਨ ਅਨੁਸਾਰ ਤੀਹ ਹਜ਼ਾਰ ਸਿੰਘ ਸ਼ਹੀਦ ਹੋਏ।

ਇਸ ਸਾਰੀ ਘਟਨਾ ਨੂੰ ਸਿੱਖ ਇਤਿਹਾਸ ਵਿਚ ਵੱਡਾ ਘੱਲੂਘਾਰਾ ਆਖ ਕੇ ਯਾਦ ਕੀਤਾ ਜਾਂਦਾ ਹੈ। ਛੋਟਾ ਘੱਲੂਘਾਰਾ ਜੂਨ, 1746 ਨੂੰ ਯਾਹੀਆ ਖ਼ਾਨ ਤੇ ਲਖਪਤ ਰਾਇ ਨੇ ਕੀਤਾ ਸੀ। ਛੋਟੇ ਘੱਲੂਘਾਰੇ ਵਿਚ 10 ਹਜ਼ਾਰ ਦੇ ਕਰੀਬ ਸਿੰਘ ਸ਼ਹੀਦ ਹੋਏ ਸਨ। ਇਸ ਘੱਲੂਘਾਰੇ ਵਿਚ, ਇਤਿਹਾਸਕਾਰ ਹੁਸੈਨ ਸ਼ਾਹੀ, ਤਾਰੀਖ਼ੇ ਅਹਿਮਦ, ਸੋਹਣ ਲਾਲ, ਅਲੀ-ਉਦ-ਦੀਨ ਤੇ ਭਾਈ ਰਤਨ ਸਿੰਘ ਦੇ ਕਥਨ ਅਨੁਸਾਰ ਤੀਹ ਹਜ਼ਾਰ ਸਿੰਘ ਸ਼ਹੀਦ ਹੋਏ। ਸਿੱਖ ਕੌਮ ਉੱਤੇ ਇਹ ਇੱਕ ਨਾ ਮਿਟਣ ਵਾਲੀ ਸੱਟ ਸੀ। ਅੱਧੀ ਕੌਮ ਇੱਕ ਦਿਨ ’ਚ ਸ਼ਹੀਦ ਹੋ ਗਈ ਪਰ ਸੰਸਾਰ ਨੇ ਹੈਰਾਨੀ ਨਾਲ ਪੜ੍ਹਿਆ ਅਤੇ ਇਤਿਹਾਸਕਾਰਾਂ ਲਿਖਿਆ ਕਿ ਸਿੱਖ ਨਾ ਸਿਰਫ਼ ਚੜ੍ਹਦੀ ਕਲਾ ਵਿਚ ਰਹੇ, ਸਗੋਂ ਸ਼ੁਕਰ ਕੀਤਾ।

# ਪੰਜਾਬ ਦੇ ਪਿੰਡਾਂ ਅੰਦਰ ਖ਼ੁਸ਼ੀ ਅਤੇ ਗ਼ਮੀ ਦੀਆਂ 'ਸਦੀਵੀ ਸਾਂਝਾਂ' ਦਮ ਤੋੜਨ ਲੱਗੀਆਂ..

- ਸਿੰਦਰ ਸਿੰਘ ਮੀਰਪੁਰੀ
ਫਰਿਜ਼ਨੋ, ਕੈਲੀਫੋਰਨੀਆ
559-285-0841
ਪੰਜਾਬ ਮੇਲ USA



ਪੰਜਾਬ ਅੰਦਰ ਸਰਸਰੀ ਨਜ਼ਰੇ ਵੇਖਿਆਂ ਹੀ ਸਾਰੇ ਖੇਤਰਾਂ ਦੇ ਅੰਦਰ ਹਾਲ ਬਹੁਤ ਮਾੜਾ ਨਜ਼ਰ ਆ ਰਿਹਾ ਹੈ। ਦੇਸ਼ ਦੀ ਸਮੁੱਚੀ ਕਿਸਾਨੀ ਲਈ ਬੇਹੱਦ ਮਾਰੂ ਮੰਨੇ ਜਾ ਰਹੇ ਖੇਤੀ ਕਾਨੂੰਨਾਂ ਨੂੰ ਰੱਦ ਕਰਨ ਸਬੰਧੀ ਕੇਂਦਰੀ ਹਕੂਮਤ ਦੇ ਖ਼ਿਲਾਫ਼ ਮਹੀਨਿਆਂ ਤੋਂ ਦਿੱਲੀ ਦੀਆਂ ਬਰੂਹਾਂ 'ਤੇ ਪਰਿਵਾਰਾਂ ਸਮੇਤ ਨੰਗੇ-ਧੜ ਸੰਘਰਸ਼ ਵਿੱਢ ਕੇ ਬੈਠੇ ਸਿਰੜੀ ਕਿਸਾਨ ਭਾਈਚਾਰੇ ਨੂੰ 'ਆਸ ਦੀ ਕਿਰਨ' ਤਾਂ ਪਤਾ ਨਹੀਂ ਕਦ ਵਿਖਾਈ ਦੇਵੇਗੀ। ਪਰ ਮੌਜੂਦਾ ਸਮੇਂ ਪਿੰਡਾਂ ਅੰਦਰ ਬੇਬੱਸ ਕਿਸਾਨਾਂ ਵੱਲੋਂ ਸਿਆਸੀ ਆਗੂਆਂ ਦੇ ਕੀਤੇ ਜਾ ਰਹੇ ਵਿਰੋਧ ਦੇ ਕਾਰਨ ਆਪਸੀ ਭਾਈਚਾਰਕ ਏਕਤਾ ਤੋਂ ਇਲਾਵਾ ਖ਼ੁਸ਼ੀ ਅਤੇ ਗਮੀ ਦੀਆਂ 'ਸਦੀਵੀ ਸਾਂਝਾਂ' ਦੀ ਲੜੀ ਜ਼ਰੂਰ ਦਮ ਤੋੜਦੀ ਦਿਖਾਈ ਦੇ ਰਹੀ ਹੈ। ਭਾਵੇਂ ਫ਼ਿਲਹਾਲ ਸਾਰੀਆਂ ਹੀ ਸਿਆਸੀ ਧਿਰਾਂ ਵੱਲੋਂ ਪਿੰਡਾਂ ਅੰਦਰ ਸਰਗਰਮੀਆਂ ਇਕ ਤਰ੍ਹਾਂ ਨਾਲ ਠੱਪ ਕੀਤੀਆਂ ਜਾ ਚੁੱਕੀਆਂ ਹਨ। ਅਗਲੇ ਦਿਨਾਂ ਨੂੰ ਜਦ ਸਿਆਸੀ ਆਗੂ ਪਿੰਡਾਂ ਅੰਦਰ ਚੋਣ ਪ੍ਰਚਾਰ ਲਈ ਜਾਣਗੇ, ਤਾਂ ਸਥਿਤੀ ਕੀ ਹੋਵੇਗੀ, ਕੁਝ ਵੀ ਕਿਹਾ ਨਹੀਂ ਜਾ ਸਕਦਾ।

ਲੰਘੇ ਸਮੇਂ ਦਿੱਲੀ ਵਿਖੇ ਸੰਯੁਕਤ ਕਿਸਾਨ ਮੋਰਚੇ ਦੀ ਸਟੇਜ ਤੋਂ ਖੇਤੀ ਕਾਨੂੰਨਾਂ ਨੂੰ ਲਾਗੂ ਕਰਨ ਸਬੰਧੀ ਭਾਰਤੀ ਜਨਤਾ ਪਾਰਟੀ ਦੇ ਦਿੱਤੇ ਬਾਈਕਾਟ ਦੇ ਸੱਦੇ ਤੋਂ ਬਾਅਦ ਪੰਜਾਬ ਅੰਦਰ ਹੌਲੀ-ਹੌਲੀ ਸਾਰੀਆਂ ਹੀ ਸਿਆਸੀ ਪਾਰਟੀਆਂ ਦੇ ਵਿਰੋਧ ਦੀ ਅੱਗ ਸੁਲਗ਼ਣ ਲੱਗੀ। ਭਾਵੇਂ ਕਿ ਉਸ ਸਮੇਂ ਵੀ ਭਾਜਪਾ ਤੋਂ ਬਿਨਾਂ ਸਾਰੀਆਂ ਹੀ ਸਿਆਸੀ ਪਾਰਟੀਆਂ ਦੇ ਆਗੂ ਇਹ ਕਹਿੰਦੇ ਰਹੇ ਕਿ ਉਨ੍ਹਾਂ ਦਾ ਖੇਤੀ ਕਾਨੂੰਨ ਲਾਗੂ ਕਰਵਾਉਣ ਵਿਚ ਕੋਈ ਲੈਣਾ-ਦੇਣਾ ਨਹੀਂ ਹੈ ਅਤੇ ਉਹ ਕਿਸਾਨਾਂ ਦੇ ਨਾਲ ਹਨ ਪਰ ਉਸ ਸਮੇਂ ਵੀ ਉਨ੍ਹਾਂ ਸਿਆਸੀ ਆਗੂਆਂ ਦੀ ਆਵਾਜ਼ ਕਿਸੇ ਨੇ ਨਾ ਸੁਣੀ।

ਬੀਤੇ ਦਿਨੀਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ, ਕਾਂਗਰਸ ਪਾਰਟੀ ਦੇ ਆਗੂ ਨਵਜੋਤ ਸਿੰਘ ਸਿੱਧੂ, ਸਾਬਕਾ ਸੰਸਦ ਮੈਂਬਰ ਅਤੇ ਅਕਾਲੀ ਨੇਤਾ ਪ੍ਰੋ. ਪ੍ਰੇਮ ਸਿੰਘ ਚੰਦੂਮਾਜਰਾ ਸਮੇਤ ਕਈ ਵੱਡੇ ਰਾਜਨੀਤਿਕ ਨੇਤਾਵਾਂ ਦੇ ਹੋਏ ਜ਼ਬਰਦਸਤ ਵਿਰੋਧ ਤੋਂ ਬਾਅਦ ਸਿਆਸੀ ਆਗੂਆਂ ਨੇ ਇਹ ਸਾਰਾ ਮਾਮਲਾ ਸੰਯੁਕਤ ਕਿਸਾਨ ਮੋਰਚੇ ਕੋਲ ਉਠਾਇਆ ਸੀ। ਜਿੱਥੇ ਮੋਰਚੇ ਦੇ ਕੌਮੀ ਆਗੂਆਂ ਨੇ ਸਪੱਸ਼ਟ ਸ਼ਬਦਾਂ ਵਿਚ ਸਿਰਫ਼ ਭਾਜਪਾ ਦੇ ਵਿਰੋਧ ਦੀ ਗੱਲ ਆਖੀ ਸੀ ਅਤੇ ਉਨ੍ਹਾਂ ਇਹ ਵੀ ਆਖਿਆ ਸੀ ਕਿ ਭਾਜਪਾ ਅਤੇ ਬਾਕੀ ਸਿਆਸੀ ਪਾਰਟੀਆਂ ਨੂੰ ਇੱਕ ਕਤਾਰ ਵਿਚ ਖੜ੍ਹੇ ਨਹੀਂ ਕੀਤਾ ਜਾ ਸਕਦਾ।

ਫਿਰ ਉਸ ਤੋਂ ਬਾਅਦ ਬਾਕੀ ਸਿਆਸੀ ਪਾਰਟੀਆਂ ਦੇ ਆਗੂਆਂ ਨੂੰ ਕੇਵਲ ਠਰ੍ਹੰਮੇ ਨਾਲ ਸੁਆਲ ਕਰਨ ਦੀ ਗੱਲ ਵੀ ਚੱਲੀ। ਅੱਜ ਪਿੰਡਾਂ ਅੰਦਰ ਹਾਲਾਤ ਇਸ ਕਦਰ ਬਣ ਚੁੱਕੇ ਹਨ ਕਿ ਕਿਸਾਨਾਂ ਨੂੰ ਜਦ ਵੀ ਕਿਸੇ ਰਾਜਨੀਤਿਕ ਆਗੂ ਦੇ ਪਿੰਡ ਅੰਦਰ ਕਿਸੇ 'ਸਿਆਸੀ ਮਕਸਦ' ਲਈ ਆਉਣ ਦੀ ਭਿਣਕ ਪੈਂਦੀ ਹੈ, ਤਾਂ ਉਨ੍ਹਾਂ ਵੱਲੋਂ ਤੁਰੰਤ ਇਕੱਠੇ ਹੋ ਕੇ ਸਬੰਧਤ ਨੇਤਾਵਾਂ ਦਾ ਜ਼ੋਰਦਾਰ ਵਿਰੋਧ ਕੀਤਾ ਜਾਂਦਾ ਹੈ, ਜਿਸ ਨਾਲ ਇੱਕ ਵਾਰ ਸਥਿਤੀ ਤਣਾਅ-ਪੂਰਨ ਹੋ ਜਾਂਦੀ ਹੈ। ਫਿਰ ਉੱਥੇ ਪੁਲਿਸ ਵੱਲੋਂ ਦਖ਼ਲ ਦੇ ਕੇ ਮਾਮਲਾ ਸ਼ਾਂਤ ਕੀਤਾ ਜਾਂਦਾ ਹੈ। ਪੰਜਾਬ ਦਾ ਵੱਡੀ ਗਿਣਤੀ ਪੁਲਿਸ ਬਲ ਵੀ ਕੇਵਲ ਇਸੇ ਕੰਮ 'ਤੇ ਲੱਗਿਆ ਵਿਖਾਈ ਦਿੰਦਾ ਹੈ। ਇਸ ਭੰਬਲਭੂਸੇ ਵਿਚ ਉਲਝੇ ਸਿਆਸੀ ਆਗੂਆਂ ਨੂੰ ਕੁਝ ਵੀ ਸਮਝ ਵਿਚ ਨਹੀਂ ਪੈਂਦਾ ਕਿ ਉਹ ਹੁਣ ਕੀ ਕਰਨ।

ਕਿਉਂਕਿ ਸੰਯੁਕਤ ਕਿਸਾਨ ਮੋਰਚੇ ਵੱਲੋਂ ਪਹਿਲਾਂ ਹੀ ਕੇਵਲ ਭਾਜਪਾ ਦੇ ਵਿਰੋਧ ਕਰਨ ਦੀ ਗੱਲ ਆਖੀ ਜਾ ਚੁੱਕੀ ਹੈ ਪਰ ਇਸ ਦੇ ਬਾਵਜੂਦ ਪਿੰਡਾਂ ਅੰਦਰ ਸਾਰੀਆਂ ਹੀ ਸਿਆਸੀ ਪਾਰਟੀਆਂ ਦੇ ਆਗੂਆਂ ਨੂੰ ਵੜਨ ਨਹੀਂ ਦਿੱਤਾ ਜਾ ਰਿਹਾ। ਜਿਸ ਨਾਲ ਸਿਆਸੀ ਆਗੂਆਂ ਨੂੰ ਪਿੰਡਾਂ ਵਿਚ ਲਿਆਉਣ ਅਤੇ ਉਨ੍ਹਾਂ ਦਾ ਵਿਰੋਧ ਕਰਨ ਵਾਲਿਆਂ ਦਰਮਿਆਨ ਆਪਸੀ ਸਾਂਝ ਵੀ ਤਾਰ-ਤਾਰ ਹੋ ਰਹੀ ਹੈ। ਹਾਂ 'ਆਪ' ਦੇ ਆਗੂ 'ਵਿਰੋਧ ਦੀ ਅੱਗ ਦੇ ਸੇਕ' ਤੋਂ ਕਾਫ਼ੀ ਹੱਦ ਤੱਕ ਅਜੇ ਦੂਰ ਹਨ। ਇਕ ਹੋਰ ਵੱਡਾ ਕਾਰਨ ਉੱਭਰ ਕੇ ਸਾਹਮਣੇ ਆ ਰਿਹਾ ਹੈ ਕਿ ਪਿੰਡਾਂ ਅੰਦਰ ਲਗਪਗ ਸਾਰੀਆਂ ਹੀ ਸਿਆਸੀ ਪਾਰਟੀਆਂ ਦੇ ਵਰਕਰ ਵੱਡੀ ਗਿਣਤੀ ਵਿਚ ਮੌਜੂਦ ਹੋਣ ਦੇ ਚੱਲਦਿਆਂ ਇਕ ਦੂਜੇ ਨਾਲ ਸ਼ੱਕ ਦੇ ਘੇਰੇ ਤੋਂ ਪਨਪੀ ਰੰਜਿਸ਼ਬਾਜ਼ੀ ਗੰਭੀਰ ਰੂਪ ਧਾਰਨ ਕਰਦੀ ਜਾ ਰਹੀ ਹੈ। ਪਿੰਡਾਂ ਅੰਦਰ ਕਿਸਾਨ ਯੂਨੀਅਨ ਤੋਂ ਇਲਾਵਾ ਸਿਆਸੀ ਧਿਰਾਂ ਦੇ ਮੌਜੂਦ ਵਰਕਰਾਂ ਵੱਲੋਂ ਇਕ ਦੂਜੇ 'ਤੇ ਇਲਜ਼ਾਮਬਾਜ਼ੀ ਦਾ ਦੌਰ ਸਿਖਰਾਂ ਨੂੰ ਪਹੁੰਚ ਚੁੱਕਿਆ ਹੈ। ਉਹ ਇੱਕ ਦੂਜੇ ਨੂੰ ਨੀਵਾਂ ਦਿਖਾਉਣ ਦਾ ਕੋਈ ਵੀ ਮੌਕਾ ਹੱਥੋਂ ਨਹੀਂ ਜਾਣ ਦੇ ਰਹੇ।

ਇਸ ਸਾਰੇ ਘਟਨਾਕ੍ਰਮ ਦਾ ਸਿੱਧਾ ਲਾਭ ਭਾਜਪਾ ਨੂੰ ਮਿਲਦਾ ਵਿਖਾਈ ਦਿੰਦਾ ਹੈ। ਇਸ ਸੰਬੰਧੀ ਉਗਰਾਹਾਂ ਧੜੇ ਦੇ ਉੱਚ ਕਿਸਾਨ ਆਗੂਆਂ ਵੱਲੋਂ ਵਾਰ-ਵਾਰ ਮੀਡੀਏ ਦੇ ਵੱਖ-ਵੱਖ ਸਾਧਨਾਂ ਜ਼ਰੀਏ ਆਖਿਆ ਕਿ ਸਾਡੇ ਵੱਲੋਂ ਤਾਂ ਕੇਵਲ ਭਾਜਪਾ ਦਾ ਵਿਰੋਧ ਅਤੇ ਬਾਕੀ ਸਿਆਸੀ ਪਾਰਟੀਆਂ ਦੇ ਆਗੂਆਂ ਨੂੰ ਕੇਵਲ ਸ਼ਾਂਤਮਈ ਢੰਗ ਨਾਲ ਸਵਾਲ-ਜਵਾਬ ਹੀ ਕੀਤੇ ਜਾਂਦੇ ਹਨ ਕਿ ਉਨ੍ਹਾਂ ਨੇ ਹੁਣ ਤੱਕ ਕਿਸਾਨੀ ਲਈ ਕੀ ਕੀਤਾ ਹੈ। ਪਰ ਪਿੰਡਾਂ ਅੰਦਰ ਕਿਸਾਨ ਆਗੂਆਂ ਦੀ ਅਪੀਲ ਤੋਂ ਬਾਹਰ ਜਾ ਕੇ ਕੁਝ ਲੋਕਾਂ ਵੱਲੋਂ ਕੀਤਾ ਜਾ ਰਿਹਾ ਵਿਰੋਧ ਸਮਝ ਤੋਂ ਬਾਹਰ ਦੀ ਕਹਾਣੀ ਪ੍ਰਤੀਤ ਹੁੰਦਾ ਹੈ। ਭਾਵੇਂ ਹਾਲ ਦੀ ਘੜੀ ਤਾਂ ਸਾਰੀਆਂ ਹੀ ਸਿਆਸੀ ਪਾਰਟੀਆਂ ਦੇ ਆਗੂਆਂ ਵੱਲੋਂ ਪਿੰਡਾਂ ਵਿਚ ਜਾਣ ਦਾ ਸਿਲਸਿਲਾ ਰੋਕ ਦਿੱਤਾ ਗਿਆ ਹੈ ਪਰ ਅਗਲੇ ਦਿਨਾਂ ਨੂੰ ਇਹ ਕਹਾਣੀ ਹੋਰ ਪੇਚੀਦਾ ਹੋਣ ਦੀ ਸੰਭਾਵਨਾ ਤੋਂ ਵੀ ਇਨਕਾਰ ਨਹੀਂ ਕੀਤਾ ਜਾ ਸਕਦਾ, ਜਿਸ ਨਾਲ ਪਹਿਲਾਂ ਤੋਂ ਹੀ ਟੁੱਟਣ ਕਿਨਾਰੇ ਖੜ੍ਹੀ ਭਾਈਚਾਰਕ ਏਕਤਾ ਨੇਸਤੋ-ਨਬੂਦ ਹੋ ਜਾਵੇਗੀ। ਕੁਝ ਵੀ ਹੋਵੇ, ਹਾਲੇ ਤਾਂ ਇਸ ਬੇਹੱਦ ਉਲਝਣਾਂ ਭਰੇ ਵਰਤਾਰੇ ਦਾ ਨੇੜ ਭਵਿੱਖ ਵਿਚ ਵੀ ਕੋਈ ਹੱਲ ਨਿਕਲਦਾ ਵਿਖਾਈ ਨਹੀਂ ਦਿੰਦਾ।



# ਸਿੱਖੀ ਸਿੱਖਿਆ ਗੁਰ ਵੀਚਾਰਿ

-ਮਾਸਟਰ ਨਿਰਮਲ ਸਿੰਘ ਲਾਲੀ
ਯੂਬਾ ਸਿਟੀ
530-777-0955
ਪੰਜਾਬ ਮੇਲ USA





ਉਪਰੋਕਤ ਮਹਾਂਵਾਕ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਉਚਾਰਿਆ ਹੋਇਆ ਹੈ।

ਇਸ ਮਹਾਂਵਾਕ ਦੇ ਸ਼ਬਦੀ ਅਰਥ ਹਨ ਕਿ ਸਿੱਖਣਾ, ਭਾਵ ਸਿੱਖ ਉਹ ਹੈ, ਜਿਹੜਾ ਸਿੱਖਿਆਰਥੀ ਹੈ। ਸਿੱਖਦੇ ਰਹਿਣਾ ਹੀ ਸਿੱਖੀ ਜੀਵਨ ਹੈ, ਪਰ ਅਫਸੋਸ ਦੀ ਗੱਲ ਹੈ ਕਿ ਸਿੱਖ ਧਰਮ ਦੀ ਸਥਾਪਤੀ ਨੂੰ ਸਦੀਆਂ ਹੀ ਬੀਤ ਗਈਆਂ, ਅਜੇ ਇਸ ਵਿਸ਼ੇ ਬਾਰੇ ਛਿੱਕੂ ਵਿਚੋਂ ਇਕ ਪੂਣੀ ਵੀ ਨਹੀਂ ਕੱਤੀ। ਜਿਸ ਦਾ ਸਿੱਟਾ ਇਹ ਹੈ ਕਿ ਗੁਰੂ ਅਰਜਨ ਦੇਵ ਜੀ ਦੇ ਵੇਲੇ ਦੇ ਸਮਾਜ ਤੇ ਵਰਤਮਾਨ ਸਮਾਜ ਵਿਚ ਕੋਈ ਅੰਤਰ ਨਹੀਂ ਆਇਆ। ਕਿਉਂਕਿ ਅਸੀਂ ਧਰਮ ਨੂੰ ਅੱਜ ਤੱਕ ਸਮਝ ਹੀ ਨਹੀਂ ਸਕੇ। ਅਸੀਂ ਗੁਰਬਾਣੀ ਪੜ੍ਹਦੇ ਹਾਂ, ਗੁਰੂ ਘਰ ਵੀ ਜਾਂਦੇ ਹਾਂ, ਕੀਰਤਨ ਤੇ ਕਥਾ ਵੀ ਸੁਣਦੇ ਹਾਂ, ਪਰ ਸਿੱਖਦੇ ਕੁਝ ਵੀ ਨਹੀਂ। ਭਾਵ ਗੁਰਬਾਣੀ ਮਨੁੱਖ ਨੂੰ ਸਿੱਖਿਆ ਕੀ ਦਿੰਦੀ ਹੈ। ਮਨੁੱਖ ਨੇ ਕਰਨਾ ਕੀ ਹੈ ਅਤੇ ਮਨੁੱਖ ਕਰ ਕੀ ਰਿਹਾ ਹੈ। ਇਹ ਦਸ਼ਾ ਇਕ ਸਾਧਾਰਨ ਸਿੱਖ ਦੀ ਹੀ ਨਹੀਂ, ਸਗੋਂ ਸਾਡੇ ਪ੍ਰਚਾਰਕਾਂ, ਧਾਰਮਿਕ ਆਗੂਆਂ ਅਤੇ ਗੁਰੂ ਘਰਾਂ ਦੇ ਪ੍ਰਬੰਧਕਾਂ ਦੀ ਵੀ ਇਹੋ ਦਸ਼ਾ ਹੈ।

ਕੇਸ ਦਾੜ੍ਹੀ ਰੱਖਣ ਅਤੇ ਅੰਮ੍ਰਿਤ ਛਕਣ ਨਾਲ ਕੋਈ ਮਨੁੱਖ ਧਰਮੀ ਨਹੀਂ ਬਣ ਜਾਂਦਾ, ਪਰ ਅਸੀਂ ਇਸ ਨੂੰ ਹੀ ਧਰਮ ਸਮਝਿਆ। ਇਹ ਤਾਂ ਸਿੱਖੀ ਸਰੂਪ ਹੈ ਅਤੇ ਜਿੰਨੀ ਦੇਰ ਸਿੱਖੀ ਕਿਰਦਾਰ ਦਾ ਮਨੁੱਖ ਨਹੀਂ ਬਣ ਸਕਦਾ ਹੈ। ਤੁਸੀਂ ਕੀ ਹੋ ? ਤੁਹਾਡੇ ਪਾਸ ਕੀ ਹੈ ? ਇਹ ਜੀਵਨ ਦੇ ਦੋ ਪਹਿਲੂ ਹਨ। ਅਸੀਂ ਜਾਇਦਾਦ ਬਣਾਉਣ, ਡਾਕਟਰ ਬਣਨ, ਅਧਿਆਪਕ ਬਣਨ ਦਾ ਯਤਨ ਕਰਦੇ ਹਾਂ ਅਤੇ ਬੱਚਿਆਂ ਨੂੰ ਇਸ ਦੀ ਸਿੱਖਿਆ ਦਿੰਦੇ ਹਾਂ, ਪਰ ਅਸੀਂ ਇਹ ਕਦੀਂ ਨਹੀਂ ਸੋਚਿਆ ਕਿ ਅਸੀਂ ਚੰਗੇ ਮਨੁੱਖ ਵੀ ਬਣਨਾ ਹੈ। ਇਕ ਚੰਗਾ ਡਾਕਟਰ ਬਣਨਾ, ਇਕ ਚੰਗਾ ਲੇਖਕ ਬਣਨਾ, ਇਕ ਚੰਗਾ ਅਧਿਆਪਕ ਬਣਨਾ ਵੱਖਰੀ ਗੱਲ ਹੈ ਅਤੇ ਇਕ ਚੰਗਾ ਮਨੁੱਖ ਬਣਨਾ ਦੂਜੀ ਗੱਲ ਹੈ। ਅੱਜ ਸਮਾਜ ਦੀ ਧਾਰਮਿਕ, ਰਾਜਨੀਤਿਕ, ਵਿਦਿਅਕ, ਸੱਭਿਆਚਾਰ, ਮਨੁੱਖੀ ਤੇ ਨੈਤਿਕ ਕਦਰਾਂ-ਕੀਮਤਾਂ ਭੁੱਲਦੇ ਜਾ ਰਹੇ ਹਾਂ। ਅੱਜ ਦਾ ਮਨੁੱਖ ਏਨਾ ਪਦਾਰਥਵਾਦੀ ਹੋ ਗਿਆ ਹੈ ਕਿ ਉਸ ਨੂੰ ਪੈਸੇ ਬਿਨਾਂ ਕੁਝ ਵੀ ਹੋਰ ਨਜ਼ਰ ਨਹੀਂ ਆਉਂਦਾ। ਅੱਜ ਅਸੀਂ ਪਰਿਵਾਰਕ ਰਿਸ਼ਤਿਆਂ ਦੀ ਅਹਿਮੀਅਤ ਨੂੰ ਭੁੱਲ ਗਏ ਹਾਂ। ਕਦੀ ਸਮਾਂ ਹੁੰਦਾ ਸੀ ਕਿ ਪਰਿਵਾਰਕ ਰਿਸ਼ਤਿਆਂ ਵਿਚ ਕਿੰਨਾ ਨਿੱਘ ਹੁੰਦਾ ਸੀ, ਭਾਵ ਚਾਚਾ, ਤਾਇਆ, ਮਾਮਾ, ਫੁੱਫੜ ਆਦਿ ਸ਼ਬਦ ਮਨੁੱਖੀ ਮਨ ਨੂੰ ਕਿੰਨਾ ਸਕੂਨ ਦਿੰਦੇ ਸੀ। ਪਰ ਅੱਜਕੱਲ੍ਹ ਆਂਟੀ ਤੇ ਅੰਕਲ ਹੀ ਰਹਿ ਗਿਆ ਹੈ। ਅਸੀਂ ਲੇਖ ਦਾ ਆਰੰਭ ਸਿੱਖਣ ਤੋਂ ਕੀਤਾ ਸੀ। ਸਿੱਖ ਧਰਮ ਦਾ ਆਰੰਭ ਵੀ ਸਿੱਖਣ ਤੋਂ ਹੀ ਹੋਇਆ ਸੀ। ਉਸ ਵੇਲੇ ਸਮਾਜ ਵਿਚ ਬਹੁਤ ਊਣਤਾਈਆਂ ਸਨ, ਭਾਵ ਮਨੁੱਖ, ਮਨੁੱਖ ਨੂੰ ਮਨੁੱਖ ਨਹੀਂ ਸਮਝਦਾ ਸੀ। ਊਚ-ਨੀਚ, ਜਾਤਾਂ-ਪਾਤਾਂ, ਅਮੀਰੀ-ਗਰੀਬੀ ਦਾ ਬੋਲਬਾਲਾ ਸੀ। ਰਾਜੇ ਹੀ ਆਪਣੀ ਪਰਜਾ ਉੱਤੇ ਅਕਹਿ ਅਤੇ ਅਸਹਿ ਜ਼ੁਲਮ ਕਰਦੇ ਸਨ, ਜਿਵੇਂ ਸ੍ਰੀ ਗੁਰੂ ਨਾਨਕ ਦੇਵ ਜੀ ਫੁਰਮਾਉਂਦੇ ਹਨ:

"ਰਾਜੇ ਸ਼ੀਂਹ ਮੁਕੱਦਮ ਕੁੱਤੇ॥"

ਧਰਮ ਦਾ ਵੀ ਇਹੋ ਹਾਲ ਸੀ। ਇਸਤਰੀ ਜਾਤੀ ਦੀ ਦਸ਼ਾ ਵੀ ਬਿਆਨ ਤੋਂ ਬਾਹਰ ਸੀ, ਜਿਸ ਕਰਕੇ ਗੁਰੂ ਜੀ ਨੇ ਫੁਰਮਾਇਆ ਸੀ: "ਸੋ ਕਿਉਂ ਮੰਦਾ ਆਖੀਐ, ਜਿਤ ਜੰਮਹਿ ਰਜਾਨ॥"

ਗੁਰਬਾਣੀ ਪੜ੍ਹਨਾ, ਸਿਮਰਨ ਕਰਨਾ ਅਤੇ ਅੰਮ੍ਰਿਤ ਛਕਣਾ, ਇਹ ਚੰਗੇ ਮਨੁੱਖ ਬਣਨ ਦੇ ਸਾਧਨ ਹਨ, ਨਾ ਕਿ ਮਨੋਰਥ। ਸਿੱਖ ਧਰਮ ਅਤੇ ਗੁਰਬਾਣੀ ਮਨੁੱਖ ਨੂੰ ਪੂਰਨ ਮਨੁੱਖ ਬਣਨ ਦੀ ਸਿੱਖਿਆ ਦਿੰਦੀ ਹੈ। ਸਿੱਖ ਧਰਮ ਤੋਂ ਪਹਿਲੇ ਵੀ ਧਰਮ ਤਾਂ ਸਨ ਪਰ ਉਹ ਮਨੁੱਖਤਾ 'ਤੇ ਪੂਰੇ ਨਹੀਂ ਉਤਰਦੇ ਸਨ, ਜਿਵੇਂ ਨਿਰਧਨਾਂ ਨੂੰ ਤਾਂ ਮੰਦਰਾਂ ਵਿਚ ਜਾਣ ਦੀ ਵੀ ਆਗਿਆ ਨਹੀਂ ਸੀ ਅਤੇ ਅਮੀਰ ਗਰੀਬਾਂ 'ਤੇ ਜ਼ੁਲਮ ਕਰਦੇ ਸਨ। ਗੁਰੂ ਜੀ ਨੇ ਸਿੱਖ ਧਰਮ ਦੀ ਸਥਾਪਨਾ ਹੀ ਇਸ ਲਈ ਕੀਤੀ ਸੀ ਕਿ ਮਨੁੱਖ ਪੂਰਨ ਮਨੁੱਖ ਬਣੇ ਅਤੇ ਸੇਵਾ ਸਿਮਰਨ ਦਾ ਧਾਰਨੀ ਬਣੇ। ਗੁਰੂ ਜੀ ਨੇ ਮਨੁੱਖ ਨੂੰ ਚੰਗਾ ਮਨੁੱਖ ਬਣਕੇ ਸ਼ੁੱਭ ਕੰਮ ਕਰਨ 'ਤੇ ਜ਼ੋਰ ਦਿਤਾ, ਜਿਵੇਂ ਗੁਰੂ ਜੀ ਫੁਰਮਾਉਂਦੇ ਹਨ, "ਅਮਲਾਂ 'ਤੇ ਹੋਣੇ ਨੇ ਨਿਬੇੜੇ ਤੇ ਜਾਤ ਕਿਸੇ ਪੁੱਛਣੀ ਨਹੀਂ।" ਜਦੋਂ ਗੁਰੂ ਜੀ ਨੂੰ ਪੁੱਛਿਆ ਗਿਆ ਸੀ ਕਿ ਹਿੰਦੂ ਵੱਡਾ ਕਿ ਮੁਸਲਮਾਨ, ਤਾਂ ਗੁਰੂ ਜੀ ਦਾ ਉੱਤਰ ਸੀ, "ਸ਼ੁੱਭ ਅਮਲਾਂ ਬਾਝੋਂ ਦੋਨੋ ਰੋਇ॥"

ਸੋ ਅੰਤ ਵਿਚ ਜਦੋਂ ਤੱਕ ਮਨੁੱਖ ਦੇ ਸੁਭਾਅ ਵਿਚ ਬੇਨੇਮੀ ਤੇ ਵਹਿਸ਼ੀਪੁਣੇ ਦੀ ਲਕੀਰ ਮਿਟ ਨਹੀਂ ਜਾਂਦੀ, ਭਾਵ ਮਨੁੱਖ ਪੂਰਨ ਮਨੁੱਖ ਨਹੀਂ ਬਣ ਜਾਂਦਾ, ਤਾਂ ਸਮਾਜ ਦਾ ਸੁਧਾਰ ਨਹੀਂ ਹੋ ਸਕਦਾ। ਦੂਸਰੀ ਗੱਲ, ਜਦੋਂ ਤੱਕ ਅਸੀਂ ਗੁਰਬਾਣੀ ਦੇ ਅਨੁਸਰ ਭਾਵ ਗੁਰੂ ਜੀ ਦੀ ਸਿੱਖਿਆ, ਉਪਦੇਸ਼ਾਂ ਤੇ ਸਿਧਾਂਤਾਂ ਦੇ ਅਨੁਸਾਰ, ਆਪਣਾ ਜੀਵਨ ਨਹੀਂ ਗੁਜ਼ਾਰਦੇ, ਮਨੁੱਖ ਜੀਵਨ ਸੁੱਖਮਈ, ਸ਼ਾਂਤ, ਸੰਤੁਸ਼ਟ ਤੇ ਖੁਸ਼ਹਾਲ ਨਹੀਂ ਹੋ ਸਕਦਾ। ਤੀਜੀ ਗੱਲ, ਚੰਗੇ ਸਮਾਜ ਦੀ ਸਿਰਜਣਾ ਨਹੀਂ ਹੋ ਸਕਦੀ, ਜਦੋਂ ਤੱਕ ਘੱਟੋ-ਘੱਟ ਵਿਸ਼ੇਸ਼ ਵਿਅਕਤੀ ਭਾਵ ਧਾਰਮਿਕ ਆਗੂ, ਰਾਜਨੀਤਿਕ, ਪੱਤਰਕਾਰ, ਸਾਹਿਤਕਾਰ ਅਤੇ ਅਧਿਆਪਕ ਚੰਗੇ, ਸੱਚੇ ਤੇ ਸੁੱਚੇ ਕਿਰਦਾਰ ਵਾਲੇ ਨਹੀਂ ਹੁੰਦੇ।

ਮਨੁੱਖ ਨੇ ਸਿੱਖਣਾ ਕੀ ਹੈ ? ਸਾਰੀ ਉਮਰ ਮਨੁੱਖ ਸਿੱਖਦਾ ਹੈ, ਜਿਹੜਾ ਸਿੱਖਣਾ ਚਾਹੁੰਦਾ ਹੈ, ਕਿਉਂਕਿ ਗਿਆਨ ਕਦੀ ਵੀ ਸਮਾਪਤ ਨਹੀਂ ਹੁੰਦੀ।

ਮਨੁੱਖ ਘੱਟੋ-ਘੱਟ ਕਾਮ, ਕ੍ਰੋਧ, ਲੋਭ, ਅਹੰਕਾਰ ਤੇ ਈਰਖਾ ਦਾ ਤਿਆਗ ਕਰੇ ਅਤੇ ਹਮਦਰਦੀ, ਦਇਆ, ਪਿਆਰ, ਸਤਿਕਾਰ, ਸਹਿਣਸ਼ੀਲਤਾ ਤੇ ਨਿਮਰਤਾ ਦਾ ਧਾਰਨੀ ਬਣੇ। ਕਿਸੇ ਦਾ ਬੁਰਾ ਨਾ ਕਰੋ। ਕਿਸੇ ਦਾ ਦਿਲ ਨਾ ਦੁਖਾਉ। ਕਿਸੇ ਨਾਲ ਧੋਖਾ ਨਾ ਕਰੋ। ਕਿਸੇ ਦਾ ਹੱਕ ਨਾ ਖਾਓ। ਜਿਵੇਂ ਗੁਰੂ ਜੀ ਫੁਰਮਾਉਂਦੇ ਹਨ "ਹੱਕ ਪਰਾਇਆ, ਨਾਨਕਾ ਉਸ ਸੂਅਰ ਉਸ ਗਾਇ॥" ਗਲਤ ਕੰਮ ਨਾ ਕਰੋ, ਜਿਵੇਂ ਗੁਰੂ ਅਮਰਦਾਸ ਜੀ ਫੁਰਮਾਉਂਦੇ ਹਨ, "ਐਸਾ ਕੰਮੁ ਮੂਲੇ ਨਾ ਕੀਚੇ ਜਿਤ ਅੰਤ ਪਛੋਤਾਈਐ॥" ਗੁਰੂ ਜੀ ਨੇ ਸਿੱਖ ਧਰਮ ਵਿਚ ਨਿਮਰਤਾ ਨੂੰ ਬਹੁਤ ਮਹਾਨਤਾ ਦਿੱਤੀ ਹੈ, ਜਿਵੇਂ ਗੁਰੂ ਜੀ ਫੁਰਮਾਉਂਦੇ ਹਨ, "ਮਿਠਤੁ ਨੀਵੀਂ ਨਾਨਕਾ ਗੁਣ ਚੰਗਿਆਈਆ ਤਤੁ॥" ਜੇ ਤੁਸੀਂ ਬੰਦੇ ਨਹੀਂ ਬਣ ਸਕਦੇ, ਤਾਂ ਪਸ਼ੂ ਵੀ ਨਾ ਬਣੋ, ਭਾਵ ਜੋ ਤੁਸੀਂ ਕਿਸੇ ਦਾ ਭਲਾ ਨਹੀਂ ਕਰ ਸਕਦੇ, ਤਾਂ ਬੁਰਾ ਵੀ ਨਾ ਕਰੋ। ਪਰਉਪਕਾਰੀ, ਕਲਿਆਣਕਾਰੀ ਅਤੇ ਮਾਨਵਵਾਦੀ ਬਣੋ। ਭੈੜੀ ਸੰਗਤ ਤੋਂ ਬਚੋ, ਕਿਉਂਕਿ ਜੈਸੀ ਸੰਗਤ ਵੈਸੀ ਰੰਗਤ।

ਸਿੱਖ ਕੌਮ ਜਾਂ ਸਿੱਖ ਭਾਈਚਾਰੇ ਲਈ ਸਭ ਤੋਂ ਜ਼ਰੂਰੀ ਗੱਲ ਸਿੱਖਣ ਵਾਲੀ ਇਹ ਹੈ ਕਿ ਕੌਮ ਨੂੰ ਏਕਤਾ ਦੀ ਲੋੜ ਹੈ। ਕੌਮ ਦੀ ਵਰਤਮਾਨ ਦਸ਼ਾ ਬਹੁਤ ਚਿੰਤਾ ਦਾ ਵਿਸ਼ਾ ਹੈ। ਪ੍ਰਾਪਤੀ ਕਿਸੇ ਵੀ ਪ੍ਰਕਾਰ ਦੀ ਹੋਵੇ, ਉਸ ਵਾਸਤੇ ਅਨੁਸ਼ਾਸਨ ਤੇ ਏਕਤਾ ਦੀ ਲੋੜ ਹੁੰਦੀ ਹੈ, ਜਿਵੇਂ ਸ੍ਰੀ ਗੁਰੂ ਨਾਨਕ ਦੇਵ ਜੀ ਫੁਰਮਾਉਂਦੇ ਹਨ:

"ਹੋਏ ਇਕਤ੍ਰ ਮਿਲਹੁ ਮੇਰੇ ਭਾਈ,
ਦੁਬਿਧਾ ਦੂਰਿ ਕਰਹੁ ਲਿਵ ਲਾਇ॥
ਹਰ ਨਾਮੈ ਕੇ ਹੋਵਉ ਜੋੜੀ, ਗੁਰ ਮੁਖਿ ਬੈਸਹੁ ਸਫਾ ਵਿਛਾਇ॥੧॥
ਜਬ ਲਗ ਦੁਨੀਆਂ ਰਹੀਏ, ਨਾਨਕ
ਕਿਛ ਸੁਣੀਐ, ਕਿਛੁ ਕਹੀਐ"॥

# ਕੋਟ ਫੱਤੇ ਦੇ ਟਿੱਬਿਆਂ ਦੀ ਕੰਡਿਆਈ ਵਿਚੋਂ ਉਗਿਆ ਗੁਲਾਬ ਦਾ ਫ਼ੁੱਲ - ਗੋਪਾਲ ਸਿੰਘ

-ਉਜਾਗਰ ਸਿੰਘ
ਸਾਬਕਾ ਜ਼ਿਲ੍ਹਾ ਲੋਕ ਸੰਪਰਕ ਅਧਿਕਾਰੀ
ਮੋਬਾਈਲ-94178 13072
ujagarsingh48@yahoo.com
ਪੰਜਾਬ ਮੇਲ USA



ਤੌਂਗੀਆਂ ਤਰੁਸ਼ੀਆਂ ਬੁਲੰਦ ਹੌਂਸਲਿਆਂ ਅੱਗੇ ਬੌਣੀਆਂ ਹੋ ਜਾਂਦੀਆਂ ਹਨ, ਜਦੋਂ ਇਨਸਾਨ ਆਪਣੀ ਜ਼ਿੰਦਗੀ ਦਾ ਟੀਚਾ ਨਿਸ਼ਚਿਤ ਕਰਕੇ ਮਸਤ ਹਾਥੀ ਦੀ ਚਾਲ ਤੁਰਦਾ ਹੋਇਆ ਨਿੱਕੀਆਂ-ਮੋਟੀਆਂ ਅੜਚਣਾਂ ਨੂੰ ਮਧੋਲ ਕੇ ਅੱਗੇ ਵੱਧਦਾ ਜਾਂਦਾ ਹੈ। ਜੇਕਰ ਇਨਸਾਨ ਦਾ ਇਰਾਦਾ ਦ੍ਰਿੜ੍ਹ ਅਤੇ ਇੱਛਾ ਸ਼ਕਤੀ ਮਜ਼ਬੂਤ ਹੋਵੇ, ਤਾਂ ਵਿੰਗੇ ਟੇਡੇ ਰਾਹਾਂ ਦੇ ਵਿੰਗ ਵਲ ਕਦੀਂ ਵੀ ਰਸਤਾ ਨਹੀਂ ਰੋਕ ਸਕਦੇ। ਸਗੋਂ ਪਗਡੰਡੀਆਂ ਉਸ ਦੇ ਅੱਗੇ ਰਸਤੇ ਬਣ ਜਾਂਦੀਆਂ ਹਨ। ਕੋਟ ਫੱਤੇ ਦੇ ਟਿੱਬਿਆਂ ਦੀਆਂ ਪਗਡੰਡੀਆਂ ਨੂੰ ਵਿਸ਼ਾਲ ਮਨਮੋਹਕ ਵਾਤਾਵਰਨ ਵਾਲੇ ਰਸਤਿਆਂ ਵਿਚ ਬਦਲਣ ਵਾਲਾ ਮਾਨਸਾ ਦੇ ਟਿੱਬਿਆਂ ਦਾ ਰਾਹੀ ਗੋਪਾਲ ਸਿੰਘ ਹੈ, ਜਿਹੜਾ ਰੇਤਲੇ ਇਲਾਕੇ ਦੀਆਂ ਪਗਡੰਡੀਆਂ 'ਤੇ ਤੁਰਦਾ ਹੋਇਆ, ਕਾਹੀ ਤੇ ਕੰਡਿਆਈ ਦੇ ਫ਼ੁੱਲਾਂ ਵਿਚੋਂ ਗੁਲਾਬ ਦਾ ਫ਼ੁੱਲ ਬਣਕੇ ਸਮਾਜਿਕਤਾ ਦੀ ਖ਼ੁਸ਼ਬੋ ਫੈਲਾ ਰਿਹਾ ਹੈ। ਭਾਵੇਂ ਸਮਾਜਿਕ ਤੇ ਪਰਿਵਾਰਿਕ ਹਾਲਾਤ ਉਸ ਅੱਗੇ ਪਹਾੜ ਬਣਕੇ ਖੜ੍ਹਦੇ ਰਹੇ ਪ੍ਰੰਤੂ ਗੋਪਾਲ ਸਿੰਘ ਦੇ ਸਿਰੜ੍ਹ, ਮਿਹਨਤ ਅਤੇ ਦ੍ਰਿੜ੍ਹ ਇਰਾਦੇ ਨੇ ਪਹਾੜਾਂ ਦਾ ਸੀਨਾ ਚੀਰ ਕੇ ਆਪਣਾ ਰਸਤਾ ਆਪ ਬਣਾਇਆ। ਸਮਾਜਿਕ ਅਤੇ ਘਰੇਲੂ ਹਾਲਾਤ ਉਸ ਦੇ ਅੱਗੇ ਵਧਦੇ ਕਦਮਾਂ ਦੀ ਰਫ਼ਤਾਰ ਨੂੰ ਰਵਾਂ ਹੋਣ ਵਿਚ ਰੁਕਾਵਟ ਨਹੀਂ ਬਣ ਸਕੇ, ਸਗੋਂ ਦਾਦੇ ਦੀ ਹੱਲਾਸ਼ੇਰੀ ਨਿਸ਼ਾਨੇ ਦੀ ਪ੍ਰਾਪਤੀ ਦਾ ਰਾਹ ਸੌਖਾ ਕਰਦੀ ਰਹੀ। ਉਹ ਆਪਣੇ ਨਿਸ਼ਾਨੇ ਦੀ ਪ੍ਰਾਪਤੀ ਲਈ ਲਗਨ ਨਾਲ ਜੱਦੋ-ਜਹਿਦ ਕਰਦਾ ਰਿਹਾ, ਤਾਂ ਜੋ ਆਪਣੇ ਦਾਦੇ ਦੀ ਸ਼ਾਬਾਸ਼ ਦਾ ਮੁੱਲ ਮੋੜ ਸਕੇ। ਪਿੰਡਾਂ ਵਿਚ ਆਮ ਤੌਰ 'ਤੇ ਬੱਚਿਆਂ ਨੂੰ ਸਹੀ ਅਗਵਾਈ ਦੀ ਘਾਟ ਰਹਿੰਦੀ ਹੈ, ਪ੍ਰੰਤੂ ਉਸ ਦੀ ਇਸ ਘਾਟ ਨੂੰ ਪਿੰਡ ਦੇ ਪਰਉਪਕਾਰੀ ਲੋਕਾਂ ਨੇ ਪੂਰਿਆਂ ਕੀਤਾ। ਉਸ ਨੇ ਪਿੰਡ ਕੋਟਫੱਤਾ ਦੇ ਸਰਕਾਰੀ ਸਕੂਲ ਤੋਂ 1982 ਵਿਚ ਦਸਵੀਂ ਪਾਸ ਕਰਕੇ ਨੌਕਰੀ ਕਰਨ ਦਾ ਮਨ ਬਣਾਇਆ। ਨੌਕਰੀ ਦੀ ਪ੍ਰਾਪਤੀ ਲਈ ਉਸ ਦੇ ਇੱਕ ਗੁਆਂਢੀ ਨੇ ਉਸ ਨੂੰ ਪੰਜਾਬੀ ਤੇ ਅੰਗਰੇਜ਼ੀ ਦੀ ਸਟੈਨੋਗ੍ਰਾਫ਼ੀ ਦੀ ਸਿੱਖਿਆ ਲੈਣ ਦੀ ਸਲਾਹ ਦਿੱਤੀ। ਫਿਰ ਗੋਪਾਲ ਸਿੰਘ ਨੇ ਸਟੈਨੋਗ੍ਰਾਫ਼ੀ ਦੀ ਸਿੱਖਿਆ ਲੈ ਲਈ ਪ੍ਰੰਤੂ ਹੋਰ ਕੋਈ ਨੌਕਰੀ ਨਾ ਮਿਲੀ। 'ਮਰਦਾ ਕੀ ਨਹੀਂ ਕਰਦਾ ਦੇ' ਸਿਧਾਂਤ ਦੀ ਪਹਿਰੇਦਾਰੀ ਕਰਦਾ ਹੋਇਆ, ਅਗਸਤ 1984 ਵਿਚ ਉਹ ਲੋਕ ਨਿਰਮਾਣ ਵਿਭਾਗ ਵਿਚ ਬੇਲਦਾਰ ਭਰਤੀ ਹੋ ਗਿਆ। ਉਹ ਸਮਝਦਾ ਸੀ ਕਿ ਚਲਦੀ ਦਾ ਨਾਮ ਹੀ ਗੱਡੀ ਹੁੰਦਾ ਹੈ, ਇਸ ਲਈ ਉਹ ਆਪਣੀ ਜ਼ਿੰਦਗੀ ਵਿਚ ਖੜੋਤ ਨਹੀਂ ਲਿਆਉਂਣੀ ਚਾਹੁੰਦਾ ਸੀ। ਦਫ਼ਤਰ ਦੇ ਨਰਮ ਦਿਲ ਮਦਦਗਾਰ ਅਧਿਕਾਰੀ ਨੇ ਉਸ ਦੀ ਕਾਬਲੀਅਤ ਵੇਖਕੇ ਦਫ਼ਤਰ ਵਿਚ ਟਾਈਪ ਦਾ ਕੰਮ ਕਰਨ ਦੀ ਡਿਊਟੀ ਲਾ ਦਿੱਤੀ। ਪ੍ਰੰਤੂ ਜਿਵੇਂ ਆਮ ਹੁੰਦਾ ਹੈ, ਦਫ਼ਤਰਾਂ ਵਿਚ ਕੁਝ ਮੁਲਾਜ਼ਮਾਂ ਨੂੰ ਇਕ ਬੇਲਦਾਰ ਦਾ ਦਫ਼ਤਰੀ ਕੰਮ ਕਰਨਾ ਰੜਕਣ ਲੱਗ ਪਿਆ। ਫ਼ਿਰ ਉਸ ਨੂੰ ਸੜਕਾਂ ਦੇ ਟੋਏ-ਟਿੱਬੇ ਭਰਨ ਲਈ ਬੇਲਦਾਰ ਦਾ ਕੰਮ ਕਰਨ ਲਈ ਭੇਜ ਦਿੱਤਾ ਗਿਆ।

ਗੋਪਾਲ ਸਿੰਘ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਕਿਰਤ ਕਰਨ ਦੇ ਸਿਧਾਂਤ ਦੀ ਪਹਿਰੇਦਾਰੀ ਕਰਦਿਆਂ, ਕਿਰਤ ਨੂੰ ਉਸ ਨੇ ਖਿੜੇ ਮੱਥੇ ਪ੍ਰਵਾਨ ਕਰਦਿਆਂ ਆਪਣੀ ਡਿਊਟੀ ਤਨਦੇਹੀ ਨਾਲ ਕੀਤੀ। ਬੇਲਦਾਰੀ ਕਰਦੇ ਸਮੇਂ ਉਸ ਦੇ ਮਨ ਵਿਚ ਹੋਰ ਕੁਝ ਅਹੁਦਾ ਪ੍ਰਾਪਤ ਕਰਨ ਦੀ ਚਿਣਗ ਪੈਦਾ ਹੋ ਗਈ। ਉਸ ਸਮੇਂ ਕਿਸੇ ਦੇ ਯਾਦ ਚੇਤੇ ਵੀ ਨਹੀਂ ਸੀ ਕਿ ਗੋਪਾਲ ਸਿੰਘ ਇੱਕ ਦਿਨ ਆਪਣੀ ਕਾਬਲੀਅਤ ਨਾਲ ਪੀ.ਸੀ.ਐੱਸ. ਅਧਿਕਾਰੀ ਬਣਕੇ ਸਮਾਜਿਕ ਕੁਰੀਤੀਆਂ ਦੇ ਟੋਏ ਟਿੱਬੇ ਭਰਦਾ ਹੋਇਆ ਗ਼ਰੀਬ ਲੋਕਾਂ ਦੀ ਆਵਾਜ਼ ਬਣਕੇ ਸਫ਼ਲ ਪ੍ਰਸ਼ਾਸਨਿਕ ਅਧਿਕਾਰੀ ਸਾਬਤ ਹੋਵੇਗਾ।

ਪੀ.ਸੀ.ਐੱਸ. ਬਣਕੇ ਲੋਕ ਸੇਵਾ ਕਰਨ ਦੀ ਪ੍ਰਵਿਰਤੀ ਨੂੰ ਚਾਰ ਚੰਨ੍ਹ ਉਦੋਂ ਲੱਗ ਗਏ, ਜਦੋਂ ਇੱਕ ਵਾਰ ਉਹ ਆਪਣੇ ਸਰਟੀਫੀਕੇਟ ਅਟੈਸਟ ਕਰਵਾਉਣ ਲਈ ਕਚਹਿਰੀਆਂ ਵਿਚ ਆਪਣੇ ਪਿੰਡ ਦੇ ਇੱਕ ਮੁਲਾਜ਼ਮ ਕੋਲ ਗਿਆ, ਤਾਂ ਇੱਕ ਪੁਲਿਸ ਅਧਿਕਾਰੀ ਨੇ ਉਸ ਮੁਲਾਜ਼ਮ ਨੂੰ ਸਲੂਟ ਮਾਰੀ। ਪੁਲਿਸ ਅਧਿਕਾਰੀ ਦੀ ਸਲੂਟ ਗੋਪਾਲ ਸਿੰਘ ਦੇ ਦਿਲ ਨੂੰ ਟੁੰਬ ਗਈ। ਗੋਪਾਲ ਸਿੰਘ ਵਿਚ ਉਸ ਮੁਲਾਜ਼ਮ ਦੀ ਤਰ੍ਹਾਂ ਬਣਨ ਦੀ ਚੇਸ਼ਟਾ ਐਸੀ ਉਤਪੰਨ ਹੋ ਗਈ ਕਿ ਉਸਦੀ ਮਿਹਨਤ ਕਰਨ ਦੀ ਰਫ਼ਤਾਰ ਛੜੱਪੇ ਮਾਰਨ ਲੱਗ ਗਈ। ਗੋਪਾਲ ਸਿੰਘ ਦੀ ਮਿਹਨਤ ਰੰਗ ਲਿਆਈ, ਉਹ ਉਸੇ ਮੁਲਾਜ਼ਮ ਦੀ ਥਾਂ ਕੋਰਟ ਵਿਚ ਨੌਕਰ ਹੋ ਗਿਆ। ਗੋਪਾਲ ਸਿੰਘ ਦੀ ਕਿਸਮਤ ਹਮੇਸ਼ਾ ਇਮਤਿਹਾਨ ਲੈਂਦੀ ਰਹੀ, ਜਿਹੜੀ ਕੋਰਟ ਵਿਚ ਉਹ ਕੰਮ ਕਰ ਰਿਹਾ ਸੀ, ਉਹ ਕੋਰਟ ਹੀ ਟੁੱਟ ਗਈ। ਉਸ ਦੀ ਵੀ ਨੌਕਰੀ ਚਲੀ ਗਈ ਪ੍ਰੰਤੂ ਉਸ ਨੇ ਹੌਂਸਲਾ ਨਹੀਂ ਛੱਡਿਆ। ਲਗਾਤਾਰ ਮਿਹਨਤ ਕਰਦਾ ਰਿਹਾ ਤਾਂ ਫਿਰ ਉਸ ਦੀ ਚੋਣ ਲੋਕ ਨਿਰਮਾਣ ਵਿਚ ਹੋ ਗਈ। ਇਹ ਵੀ ਨੌਕਰੀ ਬਹੁਤੀ ਦੇਰ ਚੱਲ ਨਾ ਸਕੀ। ਉਹ ਦੁਬਾਰਾ ਜੁਡੀਸ਼ੀਅਲ ਕੋਰਟ ਵਿਚ ਐਡਹਾਕ ਸਟੈਨੋ ਲੱਗ ਗਿਆ। ਉਸ ਤੋਂ ਬਾਅਦ ਉਸ ਦੀ ਰੈਗੂਲਰ ਤੌਰ 'ਤੇ ਚੋਣ ਲੋਕ ਨਿਰਮਾਣ ਵਿਭਾਗ ਵਿਚ ਬਤੌਰ ਕਲਰਕ ਹੋ ਗਈ। ਫਿਰ ਦਫ਼ਤਰ ਦੇ ਇੱਕ ਅਧਿਕਾਰੀ ਨੇ ਉਸ ਨੂੰ ਅੱਗੇ ਪੜ੍ਹਨ ਲਈ ਪ੍ਰੇਰਿਆ। ਉਸ ਤੋਂ ਬਾਅਦ ਗੋਪਾਲ ਸਿੰਘ ਨੇ ਲਗਾਤਾਰ ਪ੍ਰਾਈਵੇਟ ਉਮੀਦਵਾਰ ਦੇ ਤੌਰ 'ਤੇ ਬੀ.ਏ., ਐੱਮ.ਏ. ਰਾਜਨੀਤੀ ਸ਼ਾਸਤਰ, ਐੱਮ.ਏ. ਪੰਜਾਬੀ ਅਤੇ ਐੱਲ.ਐੱਲ.ਬੀ. ਪਾਸ ਕਰ ਲਈਆਂ। ਕਲਰਕ ਦੀ ਨੌਕਰੀ ਨਾਲ ਆਰਥਿਕ ਮਜ਼ਬੂਤੀ ਤਾਂ ਮਿਲੀ ਪ੍ਰੰਤੂ ਗੋਪਾਲ ਸਿੰਘ ਵਿਚ ਅਧਿਕਾਰੀ ਬਣਨ ਦਾ ਉਤਸ਼ਾਹ ਮੱਠਾ ਨਹੀਂ ਹੋਇਆ। ਲੋਕ ਨਿਰਮਾਣ ਵਿਭਾਗ ਵਿਚੋਂ ਛੁੱਟੀ ਲੈ ਕੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਆਈ.ਏ.ਐੱਸ. ਕੋਚਿੰਗ ਸੈਂਟਰ ਵਿਚ ਕੋਚਿੰਗ ਲੈਣ ਲਈ ਆ ਗਿਆ। ਦਫ਼ਤਰ ਵਾਲਿਆਂ ਨੇ ਤਨਖ਼ਾਹ ਦੇਣੀ ਬੰਦ ਕਰ ਦਿੱਤੀ, ਤਾਂ ਉਹ ਅੱਧ ਵਿਚਾਲੇ ਕੋਚਿੰਗ ਛੱਡ ਕੇ ਦਫ਼ਤਰ ਹਾਜ਼ਰ ਹੋ ਗਿਆ। ਪ੍ਰੰਤੂ ਪੀ.ਸੀ.ਐੱਸ. ਬਣਨ ਦੀ ਚਿਣਗ ਘਟਣ ਦੀ ਥਾਂ ਵਧਦੀ ਰਹੀ। ਜੱਦੋ-ਜਹਿਦ ਦੇ ਸਮੇਂ ਦੌਰਾਨ ਦੋਸਤਾਂ ਮਿੱਤਰਾਂ, ਅਮੀਰ, ਗ਼ਰੀਬ, ਦੌਲਤਮੰਦ ਅਤੇ ਹਰ ਵਿਅਕਤੀ ਦਾ ਬਹੁਤ ਸਹਿਯੋਗ ਰਿਹਾ। ਮਿਹਨਤੀ ਹੋਣ ਕਰਕੇ ਉਸ ਦੀ 1993 ਵਿਚ ਚੋਣ ਡਿਪਟੀ ਕਮਿਸ਼ਨਰ ਬਠਿੰਡਾ ਦੇ ਦਫ਼ਤਰ ਵਿਚ ਬਤੌਰ ਸਟੈਨੋ ਹੋ ਗਈ। ਉਥੇ ਉਸ ਨੇ ਐੱਸ.ਡੀ.ਐੱਮ. ਅਤੇ ਡਿਪਟੀ ਕਮਿਸ਼ਨਰ ਦਾ ਪੀ.ਏ ਅਤੇ ਸੁਪਰੀਨਟੈਂਡੈਂਟ ਰੈਵਨਿਊ ਦੇ ਤੌਰ 'ਤੇ ਕੰਮ ਕੀਤਾ। ਇਸ ਦੌਰਾਨ ਉਸ ਦੀ ਪੀ.ਸੀ.ਐੱਸ. ਬਣਨ ਦੀ ਇੱਛਾ ਸ਼ਕਤੀ ਨੂੰ ਹੋਰ ਉਤਸ਼ਾਹ ਮਿਲਿਆ ਕਿਉਂਕਿ ਉਹ ਅਧਿਕਾਰੀਆਂ ਨੂੰ ਕੰਮ ਕਰਦਿਆਂ ਅਤੇ ਲੋਕਾਂ ਦੀਆਂ ਮੁਸ਼ਕਲਾਂ ਦੇ ਹੱਲ ਕਰਦਿਆਂ ਵੇਖਦਾ ਸੀ। ਫਿਰ ਉਸ ਨੇ 1993 ਵਿਚ ਪੀ.ਸੀ.ਐੱਸ. ਦਾ ਇਮਤਿਹਾਨ ਦਿੱਤਾ। ਪ੍ਰੰਤੂ ਸਫ਼ਲ ਨਾ ਹੋ ਸਕਿਆ। ਗੋਪਾਲ ਸਿੰਘ ਨੂੰ ਮਹਿਸੂਸ ਹੋਇਆ ਕਿ ਮਿਹਨਤ ਦਾ ਕੋਈ ਬਦਲ ਨਹੀਂ ਹੋ ਸਕਦਾ, ਇਸ ਲਈ ਉਸ ਨੇ ਮਿਹਨਤ ਕਰਨੀ ਨਾ ਛੱਡੀ। ਇਸ ਤੋਂ ਇਲਾਵਾ ਉਸ ਨੇ ਬਚਪਨ ਵਿਚ "ਕਿੰਗ ਬਰੂਸ ਐਂਡ ਸਪਾਈਡਰ" ਦੀ ਕਹਾਣੀ ਸੁਣੀ ਹੋਈ ਸੀ, ਇਸ ਲਈ ਉਹ ਵਾਰ-ਵਾਰ ਬੀ.ਡੀ.ਪੀ.ਓ. ਅਤੇ ਪੀ.ਸੀ.ਐੱਸ. ਦਾ ਇਮਤਿਹਾਨ ਦਿੰਦਾ ਰਿਹਾ। ਉਸ ਨੇ 1998 ਵਿਚ ਵੀ ਇਮਤਿਹਾਨ ਦਿੱਤਾ ਪਰ ਗੱਲ ਨਾ ਬਣੀ ਪ੍ਰੰਤੂ 2014 ਵਿਚ ਉਸ ਦੀ ਚੋਣ ਹੋ ਗਈ। ਇਹ ਚੋਣ ਵੀ ਕੋਰਟ ਕਚਹਿਰੀਆਂ ਦੇ ਚਕਰ ਵਿਚ ਪੈ ਗਈ ਅਤੇ ਹਾਈ ਕੋਰਟ ਵਿਚ ਕੇਸ ਹੋ ਗਿਆ। ਹਾਈ ਕੋਰਟ ਨੇ 2016 ਵਿਚ ਸਟੇਅ ਖੋਲ੍ਹੀ, ਜਿਸ ਤੋਂ ਬਾਅਦ ਉਸ ਦੀ ਮਿਹਨਤ ਨੂੰ ਬੂਰ ਪਿਆ। ਪੀ.ਸੀ.ਐੱਸ. ਬਣਨ ਤੋਂ ਬਾਅਦ ਉਸ ਨੇ ਬਹੁਤ ਸਾਰੇ ਮਹੱਤਵਪੂਰਨ ਅਹੁਦਿਆਂ 'ਤੇ ਕੰਮ ਕੀਤਾ, ਜਿਨ੍ਹਾਂ ਵਿਚ ਡਿਪਟੀ ਕਮਿਸ਼ਨਰ ਦੇ ਅਸਿਟੈਂਟ ਕਮਿਸ਼ਨਰ ਜਨਰਲ, ਅਸਿਸਟੈਂਟ ਕਮਿਸ਼ਨਰ ਸ਼ਿਕਾਇਤਾਂ, ਐੱਸ.ਡੀ.ਐੱਮ., ਡਿਪਟੀ ਸਕੱਤਰ ਪੰਜਾਬ ਸਰਕਾਰ ਅਤੇ ਸੰਯੁਕਤ ਸਕੱਤਰ ਲੋਕ ਸੰਪਰਕ ਵਿਭਾਗ ਵਰਣਨਯੋਗ ਹਨ। ਉਹ ਜੁਲਾਈ 2018 ਤੋਂ ਸਤੰਬਰ 2021 ਤੱਕ ਐੱਸ.ਡੀ.ਐੱਮ. ਮਲੋਟ ਰਿਹਾ, ਜਿਥੇ ਉਸ ਦੀ ਕਾਰਗੁਜ਼ਾਰੀ ਨੇ ਇਲਾਕੇ ਦੇ ਲੋਕਾਂ ਦਾ ਦਿਲ ਜਿੱਤ ਲਿਆ। ਸਾਹਿਤਕ ਦਿਲ ਹੋਣ ਕਰਕੇ ਲੋਕ ਮਸਲਿਆਂ ਨੂੰ ਮਾਨਵੀ ਪੱਖ ਤੋਂ ਵਿਚਾਰ ਕੇ ਫ਼ੈਸਲੇ ਕਰਦਾ ਰਿਹਾ ਸੀ। ਗੋਪਾਲ ਸਿੰਘ ਦਾ ਇਕ ਕਾਵਿ ਸੰਗ੍ਰਹਿ 'ਕਸਕ' ਵੀ ਪ੍ਰਕਾਸ਼ਤ ਹੋਇਆ ਹੈ। ਉਹ ਫ਼ਰਵਰੀ 2024 ਵਿਚ ਸੇਵਾਮੁਕਤ ਹੋਇਆ ਹੈ।

ਗੋਪਾਲ ਸਿੰਘ ਦਾ ਜਨਮ ਮਾਤਾ ਭੋਲੋ ਕੌਰ ਤੇ ਪਿਤਾ ਬਾਬੂ ਸਿੰਘ ਦੇ ਘਰ ਬਠਿੰਡਾ ਜ਼ਿਲ੍ਹੇ ਦੇ ਪਿੰਡ ਕੋਟ ਫੱਤਾ ਵਿਚ 15 ਫਰਵਰੀ 1966 ਨੂੰ ਹੋਇਆ ਸੀ। ਉਸ ਦਾ ਵਿਆਹ ਸੁਰਿੰਦਰ ਕੌਰ ਨਾਲ ਹੋਇਆ, ਜੋ ਸਰਕਾਰੀ ਰਾਜਿੰਦਰਾ ਕਾਲਜ ਬਠਿੰਡਾ ਵਿਖੇ ਅਸਿਸਟੈਂਟ ਪ੍ਰੋਫ਼ੈਸਰ ਸੇਵਾ ਨਿਭਾ ਰਹੇ ਹਨ। ਉਨ੍ਹਾਂ ਦੇ ਦੋ ਲੜਕੇ ਕੈਪਟਨ ਮਿਰਾਜਿੰਦਰ ਸਿੰਘ ਅਤੇ ਨੂਰਿੰਦਰ ਸਿੰਘ ਹਨ। ਨੂਰਿੰਦਰ ਸਿੰਘ ਰਾਜੀਵ ਗਾਂਧੀ ਨੈਸ਼ਨਲ ਲਾਅ ਯੂਨੀਵਰਸਿਟੀ ਪਟਿਆਲਾ ਵਿਚ ਐੱਲ.ਐੱਲ.ਬੀ. ਕਰ ਰਿਹਾ ਹੈ।



ਗੋਪਾਲ ਸਿੰਘ
ਸੰਪਰਕ: 97808-88780

# ਸੈਕਸ ਵਰਕਰਾਂ ਦਾ ਇਕ ਪਿੰਡ

-ਅਮਰਬੀਰ ਸਿੰਘ ਚੀਮਾ
ਸਰਹਿੰਦ, ਜ਼ਿਲ੍ਹਾ ਫ਼ਤਿਹਗੜ੍ਹ ਸਾਹਿਬ
ਮੋਬਾਈਲ ਨੰ: 98889-40211
ਪੰਜਾਬ ਮੇਲ USA



ਦੇਸ਼ ਦੀ ਰਾਜਧਾਨੀ ਦਿੱਲੀ ਤੋਂ ਮਹਿਜ਼ ਤਿੰਨ ਘੰਟੇ ਦੀ ਦੂਰੀ 'ਤੇ ਇੱਕ ਵੱਖਰੀ ਦੁਨੀਆਂ ਵਸਦੀ ਹੈ। ਵੈਸੇ ਤਾਂ ਭਾਰਤ ਵਿਚ ਅਜਿਹੇ ਕਈ ਪਿੰਡ ਤੇ ਸ਼ਹਿਰ ਹੋਣਗੇ ਪਰ ਇੱਥੇ ਗੱਲ ਕਰ ਰਹੇ ਹਾਂ, ਰਾਜਸਥਾਨ ਸੂਬੇ ਦੇ ਅਲਵਰ ਜ਼ਿਲ੍ਹੇ ਦੇ ਪਿੰਡ ਘੰਘੋਲੀ ਦੀ। ਦੇਸ਼ ਦੇ ਮਹਾਨਗਰਾਂ ਜਿਵੇਂ ਕਲਕੱਤੇ ਤੇ ਬੈਂਗਲੌਰ ਦਾ ਰੈੱਡ ਅਲਰਟ ਏਰੀਆ, ਦਿੱਲੀ ਦੀ ਜੀ.ਬੀ. ਰੋਡ, ਵਾਂਗ ਇਹ ਪਿੰਡ ਸਦੀਆਂ ਤੋਂ ਸੈਕਸ ਵਰਕਰਾਂ ਦੇ ਪਿੰਡ ਵੱਜੋਂ ਜਾਣਿਆ ਜਾਂਦਾ ਹੈ। ਆਪਣੇ ਪਰਿਵਾਰ ਖਾਸ ਕਰ ਬੱਚਿਆਂ ਦੇ ਪਾਲਣ-ਪੋਸ਼ਣ ਕਾਰਨ ਇੱਥੋਂ ਦੀਆਂ ਔਰਤਾਂ ਦਾ ਮੁੱਖ ਕਿੱਤਾ ਜਿਸਮਫ਼ਰੋਸ਼ੀ ਹੀ ਹੈ। ਇਨ੍ਹਾਂ ਸੈਕਸ ਵਰਕਰਾਂ ਦੇ ਗ੍ਰਾਹਕਾਂ 'ਚ ਨੇੜਲੇ ਪਿੰਡਾਂ ਤੇ ਸ਼ਹਿਰਾਂ ਦੇ ਮਰਦ, ਹਾਈਵੇਅ ਤੋਂ ਲੰਘਣ ਵਾਲੇ ਟਰੱਕਾਂ ਦੇ ਡਰਾਈਵਰਾਂ ਤੇ ਪ੍ਰਵਾਸੀ ਮਜ਼ਦੂਰਾਂ ਦੇ ਨਾਂ ਵਰਨਯੋਗ ਹਨ। ਗਰੀਬੀ, ਮਜਬੂਰੀ, ਅਨਪੜ੍ਹਤਾ ਤੇ ਪੀੜ੍ਹੀ ਦਰ ਪੀੜ੍ਹੀ ਚੱਲ ਰਹੇ ਇਸ ਕਿੱਤੇ ਕਾਰਨ ਇੱਥੋਂ ਦੀਆਂ ਔਰਤਾਂ ਸਵੈ ਇੱਛਾ ਨਾਲ ਹੀ ਇਸ ਧੰਦੇ ਵਿਚ ਆ ਜਾਂਦੀਆਂ ਹਨ। ਇੱਕ ਸੈਕਸ ਵਰਕਰ ਇਸ ਧੰਦੇ ਰਾਹੀਂ ਔਸਤਨ 50 ਤੋਂ 70 ਹਜ਼ਾਰ ਰੁਪਏ ਮਹੀਨੇ ਦੇ ਕਮਾ ਲੈਂਦੀ ਹੈ। ਇੱਕ ਔਰਤ ਦੇ ਦੱਸਣ ਮੁਤਾਬਿਕ ਉਸਨੇ 10 ਲੱਖ ਦਾ ਪੁਰਾਣਾ ਕਰਜ਼ਾ ਢਾਈ-ਤਿੰਨ ਸਾਲਾਂ 'ਚ ਉਤਾਰ ਦਿੱਤਾ ਹੈ।

ਸੈਕਸ ਵਰਕਰਾਂ ਨੂੰ ਬੈਂਕ ਕਰਜ਼ੇ ਨਹੀਂ ਦਿੰਦਾ ਕਿਉਂਕਿ ਉਹ ਇਸ ਨੂੰ ਕਾਨੂੰਨੀ ਤੌਰ 'ਤੇ ਮਾਨਤਾ ਵਾਲਾ ਕੰਮ ਨਹੀਂ ਮੰਨਦੇ। ਇਸ ਲਈ ਸਥਾਨਕ ਔਰਤਾਂ ਪ੍ਰਾਈਵੇਟ ਲੋਕਾਂ ਤੋਂ ਮੋਟੇ ਵਿਆਜ 'ਤੇ ਕਰਜ਼ ਲੈਂਦੀਆਂ ਹਨ। ਫਿਰ ਉਹ ਕਰਜ਼ਾ ਲਾਹੁਣ ਲਈ ਆਪਣੀਆਂ ਮਾਵਾਂ-ਮਾਸੀਆਂ ਵਾਂਗ ਅਗਲੀ ਪੀੜ੍ਹੀ ਵੀ ਇਸੇ ਚੱਕਰਵਿਊ ਵਿਚ ਫਸੀ ਰਹਿੰਦੀ ਹੈ। ਆਪਣੇ ਪਰਿਵਾਰਾਂ ਦੀ ਘਰੇਲੂ ਸਥਿਤੀ ਨੂੰ ਸਮਝਦਿਆਂ 18-20 ਸਾਲਾਂ ਦੀਆਂ ਕੁੜੀਆਂ ਇਸ ਧੰਦੇ 'ਚ ਲੱਗ ਜਾਂਦੀਆਂ ਹਨ। ਇਹ ਸੈਕਸ ਵਰਕਰਾਂ ਖਾਨਾਬਦੋਸ਼ ਜਾਤੀਆਂ ਨਾਲ ਸੰਬੰਧਿਤ ਹਨ, ਜੋ ਸਮੇਂ-ਸਮੇਂ 'ਤੇ ਇੱਕ ਥਾਂ ਤੋਂ ਦੂਜੀ ਥਾਂ ਉਤੇ ਆਉਂਦੇ-ਜਾਂਦੇ ਰਹਿੰਦੇ ਹਨ।

ਇਸ ਧੰਦੇ ਵਿਚ ਆਉਣ ਤੋਂ ਪਹਿਲਾਂ ਇਹ ਜਨਜਾਤੀਆਂ ਨਾਚ-ਗਾਣਾ, ਜਾਦੂ ਸਿਖਾਉਣੇ, ਕਰਤੱਬ ਕਲਾਬਾਜ਼ੀਆਂ ਵਰਗੇ ਕੰਮ ਕਰਦੀਆਂ ਸਨ। ਇਨ੍ਹਾਂ ਦੇ ਕੰਮਕਾਜ ਤੇ ਰਹਿਣ-ਸਹਿਣ ਦੇ ਤਰੀਕੇ ਨੂੰ ਬ੍ਰਿਟਿਸ਼ ਸਾਮਰਾਜ ਨੇ ਖ਼ਤਰਾ ਮੰਨਦਿਆਂ 1871 ਈਸਵੀ ਵਿਚ ਅਪਰਾਧਿਕ ਜਨਜਾਤੀ ਕਾਨੂੰਨ ਤਹਿਤ ਇਨ੍ਹਾਂ ਨੂੰ ਅਪਰਾਧਿਕ ਜਾਤੀਆਂ ਘੋਸ਼ਿਤ ਕਰ ਦਿੱਤਾ ਸੀ। ਦੇਸ਼ ਆਜ਼ਾਦ ਹੋਣ ਤੋਂ ਬਾਅਦ ਇਹ ਕਾਨੂੰਨ ਖ਼ਤਮ ਹੋਇਆ। ਇਨ੍ਹਾਂ ਜਨਜਾਤੀਆਂ ਪ੍ਰਤੀ ਬਣੀਆਂ ਹੋਈਆਂ ਰੂੜੀਵਾਦੀ ਧਾਰਨਾਵਾਂ ਤਹਿਤ ਇਨ੍ਹਾਂ ਲਈ ਹੋਰ ਕਾਰੋਬਾਰ ਜਾਂ ਰੁਜ਼ਗਾਰ ਸ਼ੁਰੂ ਕਰਨਾ ਲਗਭਗ ਅਸੰਭਵ ਹੀ ਹੈ। ਇਨ੍ਹਾਂ ਸੈਕਸ ਵਰਕਰਾਂ ਅਤੇ ਉਨ੍ਹਾਂ ਦੇ ਪਰਿਵਾਰਕ ਮਰਦਾਂ ਦਾ ਕਹਿਣਾ ਹੈ ਕਿ ਜੇਕਰ ਸਾਨੂੰ ਵੀ ਨੌਕਰੀ ਮਿਲੇ। ਤਾਂ ਉਹ ਇਹ ਕੰਮ ਕਿਉਂ ਕਰਨ ਪਰ ਸਿਰਫ਼ ਇਨਾ ਕਹਿ ਕੇ ਵੀ ਪੱਲਾ ਝਾੜਿਆ ਨਹੀਂ ਜਾ ਸਕਦਾ। ਸਾਡੇ ਦੇਸ਼ 'ਚ ਬਹੁਤ ਸਾਰੇ ਮਰਦ ਤੇ ਔਰਤਾਂ ਅਜਿਹੇ ਵੀ ਹਨ, ਜਿਹੜੇ ਸਖ਼ਤ ਮਿਹਨਤ ਮਜ਼ਦੂਰੀ ਕਰਕੇ ਸਿਰਫ ਅੱਠ-ਦਸ ਹਜ਼ਾਰ 'ਚ ਵੀ ਆਪਣੇ ਪਰਿਵਾਰ ਪਾਲਦੇ ਹਨ। ਭਾਵ ਕੁਝ ਸੈਕਸ ਵਰਕਰਾਂ ਮਜਬੂਰੀ ਤੋਂ ਇਲਾਵਾ ਐਸ਼ ਪ੍ਰਸਤੀ ਕਾਰਨ ਵੀ ਹੋਰ ਕੋਈ ਕੰਮ ਕਰਨਾ ਨਹੀਂ ਚਾਹੁੰਦੀਆਂ ਜਾਂ ਕਰ ਨਹੀਂ ਸਕਦੀਆਂ। ਉਂਝ ਮੁੱਖ ਧਾਰਾ ਦੇ ਲੋਕ ਇਨ੍ਹਾਂ ਸੈਕਸ ਵਰਕਰਾਂ ਨੂੰ ਨਫ਼ਰਤੀ ਨਜ਼ਰਾਂ ਨਾਲ ਦੇਖਦੇ ਹਨ। ਸਕੂਲ, ਕਾਲਜ਼, ਦਫ਼ਤਰ, ਬਾਜ਼ਾਰ, ਦੁਕਾਨ ਹਰ ਜਗ੍ਹਾ ਪੱਖਪਾਤ ਤਾਂ ਹੁੰਦਾ ਹੀ ਹੈ। ਭਾਰਤ ਵਿਚ 15 ਤੋਂ 35 ਸਾਲ ਉਮਰ ਦੀਆਂ 30 ਲੱਖ ਦੇ ਕਰੀਬ ਸੈਕਸ ਵਰਕਰਾਂ ਹਨ।

ਸੈਕਸ ਵਰਕਰਾਂ ਦੇ ਬਹੁਤੇ ਬੱਚਿਆਂ ਨੂੰ ਨਹੀਂ ਪਤਾ ਕਿ ਉਨ੍ਹਾਂ ਦਾ ਅਸਲੀ ਪਿਤਾ ਕੌਣ ਹੈ ਕਿਉਂਕਿ ਸੈਕਸ ਵਰਕਰਾਂ ਦੇ ਗ੍ਰਾਹਕ ਉਨ੍ਹਾਂ ਦੇ ਬੱਚਿਆਂ ਨੂੰ ਕਦੇ ਵੀ ਆਪਣਾ ਨਾਂ ਨਹੀਂ ਦਿੰਦੇ। ਇਹ ਬਹੁਤ ਵੱਡੀ ਤੇ ਸ਼ਰਮਨਾਕ ਸਮੱਸਿਆ ਹੈ ਕਿਉਂਕਿ ਬਹੁਤੇ ਥਾਵਾਂ 'ਤੇ ਪਿਤਾ ਦੇ ਨਾਂ ਤੋਂ ਬਗੈਰ ਅਧਿਕਾਰਤ ਰਜਿਸਟ੍ਰੇਸ਼ਨ ਨਹੀਂ ਕੀਤੀ ਜਾ ਸਕਦੀ।

ਕਮਾਈ ਦਾ ਮੁੱਖ ਸਰੋਤ ਔਰਤ ਹੋਣ ਕਾਰਨ ਉਹੀ ਘਰ ਦੇ ਜ਼ਰੂਰੀ ਫ਼ੈਸਲੇ ਲੈਂਦੀਆਂ ਹਨ। ਇਨ੍ਹਾਂ ਵਿਚੋਂ ਕਈ ਕੋਲਕਾਤਾ, ਮੁੰਬਈ ਜਾਂ ਦਿੱਲੀ ਵਰਗੇ ਮਹਾਂਨਗਰਾਂ 'ਚ ਜਾ ਵਸੀਆਂ ਹਨ ਤੇ ਕਈ ਦੁਬਈ ਵਰਗੇ ਮੁਲਕਾਂ 'ਚ ਵੀ ਚਲੇ ਜਾਂਦੀਆਂ ਹਨ। ਇਨ੍ਹਾਂ ਔਰਤਾਂ ਦੇ ਪਤੀ, ਪਿਤਾ ਤੇ ਭਰਾ ਆਦਿ ਇਸ ਕੰਮ ਨੂੰ ਕਾਇਮ ਰੱਖਦੇ ਹਨ। ਦੇਖਣ, ਸੁਣਨ ਜਾਂ ਪੜ੍ਹਨ ਨੂੰ ਹੈਰਤ ਭਰਪੂਰ ਲੱਗੇ ਪਰ ਇਹ ਸੱਚਾਈ ਹੈ ਕਿ ਉਹ ਦਲਾਲ ਦਾ ਕੰਮ ਕਰਦੇ ਹਨ। ਇਸ ਤੋਂ ਇਲਾਵਾ ਘਰ ਦੇ ਕੰਮਕਾਜ਼ ਤੇ ਬੱਚਿਆਂ ਨੂੰ ਸੰਭਾਲਦੇ ਹਨ।

ਲਗਾਤਾਰ ਮੈਡੀਕਲ ਚੈੱਕਅਪ ਨਾ ਕਰਵਾਉਣ ਜਾਂ ਪ੍ਰਹੇਜ਼ ਵਗੈਰਾ ਨਾ ਰੱਖਣ ਕਾਰਨ ਬਹੁਤ ਸਾਰੀਆਂ ਸੈਕਸ ਵਰਕਰਾਂ ਬਹੁਤ ਘੱਟ ਉਮਰ ਵਿਚ ਹੀ ਯੌਨ ਰੋਗ ਗ੍ਰਸਤ ਹੋਣ ਕਾਰਨ ਫ਼ੌਤ ਵੀ ਹੋ ਜਾਂਦੀਆਂ ਹਨ। ਇਨ੍ਹਾਂ ਵਿਚੋਂ ਜ਼ਿਆਦਾਤਰ ਸੈਕਸ ਵਰਕਰਾਂ ਇਸ ਕੰਮ 'ਚੋਂ ਨਿਕਲਣ ਉਪਰੰਤ ਵਿਆਹ ਕਰਵਾ ਕੇ ਇੱਕ ਨਵੀਂ ਜ਼ਿੰਦਗੀ ਦੀ ਸ਼ੁਰੂਆਤ ਕਰਨਾ ਚਾਹੁੰਦੀਆਂ ਹਨ। ਉਹ ਆਪਣੇ ਬੱਚਿਆਂ ਨੂੰ ਸਿੱਖਿਅਤ ਕਰਨ ਪ੍ਰਤੀ ਗੰਭੀਰ ਹਨ ਕਿਉਂਕਿ ਅੱਜ ਦੇ ਸਿੱਖਿਅਤ ਬੱਚੇ ਹੀ ਭਵਿੱਖ 'ਚ ਚੰਗੇ ਰੁਜ਼ਗਾਰ ਪ੍ਰਾਪਤ ਕਰ ਸਕਦੇ ਹਨ। ਪੜ੍ਹਾਈ-ਲਿਖਾਈ ਕਾਰਨ ਹੌਲੀ-ਹੌਲੀ ਇਸ ਖੇਤਰ ਵਿਚ ਸੁਧਾਰ ਵੀ ਹੋ ਰਿਹਾ ਹੈ। ਵਿਦਿਆ ਦੇ ਹਥਿਆਰ ਨਾਲ ਹੀ ਇਸ ਦਲਦਲ ਵਿਚੋਂ ਨਿਕਲਿਆ ਜਾ ਸਕਦਾ ਹੈ, ਪਰ ਹਾਂ ਜੋ ਸੱਚਮੁੱਚ ਨਿਕਲਣਾ ਚਾਹੁੰਦੀਆਂ ਹਨ।

# ਖੇਲੋ ਇੰਡੀਆ ਹੁਣ ਹਰ ਖਿਡਾਰੀ ਦੇ ਸਫ਼ਰ ਦਾ ਇੱਕ ਵੱਡਾ ਹਿੱਸਾ ਕਿਉਂ ਹੈ?

-ਡਾ. ਮਨਸੁਖ ਮੰਡਾਵੀਆ
(ਕੇਂਦਰੀ ਯੁਵਾ ਮਾਮਲੇ ਤੇ ਖੇਡ ਅਤੇ ਕਿਰਤ ਤੇ ਰੋਜ਼ਗਾਰ ਮੰਤਰੀ)
ਪੰਜਾਬ ਮੇਲ USA






ਸੱਤ ਸਾਲ ਪਹਿਲਾਂ, ਅਸੀਂ 2018 ਵਿਚ ਖੇਲੋ ਇੰਡੀਆ ਸਕੂਲ ਗੇਮਜ਼ (ਕੇ.ਆਈ.ਐੱਸ.ਜੀ.) ਦੀ ਸ਼ੁਰੂਆਤ ਨਾਲ ਇੱਕ ਅੰਦੋਲਨ ਨੂੰ ਜਗਾਇਆ ਸੀ। ਅੱਜ, ਜਦੋਂ ਮੈਂ ਵੇਖਦਾ ਹਾਂ ਕਿ ਅਸੀਂ ਕਿੰਨੀ ਦੂਰ ਆ ਗਏ ਹਾਂ, ਤਾਂ ਮੈਨੂੰ ਬਹੁਤ ਮਾਣ ਹੁੰਦਾ ਹੈ - ਨਾ ਸਿਰਫ਼ ਸਾਡੇ ਜਿੱਤੇ ਗਏ ਤਗਮਿਆਂ ਲਈ, ਸਗੋਂ ਇਸ ਲਈ ਵੀ ਕਿ ਖੇਲੋ ਇੰਡੀਆ ਨੇ ਸਾਡੇ ਦੇਸ਼ ਵਿਚ ਖੇਡਾਂ ਦੇ ਬੁਨਿਆਦੀ ਢਾਂਚੇ ਨੂੰ ਕਿਵੇਂ ਬਦਲ ਦਿੱਤਾ ਹੈ। ਪ੍ਰਧਾਨ ਮੰਤਰੀ ਸ਼੍ਰੀ ਨਰੇਂਦਰ ਮੋਦੀ ਦੀ ਦੂਰਦਰਸ਼ੀ ਅਗਵਾਈ ਹੇਠ ਸੰਕਲਪਿਤ, ਖੇਲੋ ਇੰਡੀਆ ਕਦੇ ਵੀ ਸਿਰਫ਼ ਤਗਮੇ ਜਿੱਤਣ ਬਾਰੇ ਨਹੀਂ ਸੀ - ਇਹ ਖੇਡਾਂ ਲਈ ਇੱਕ ਦੇਸ਼ ਵਿਆਪੀ ਲਹਿਰ ਨੂੰ ਜਗਾਉਣ, ਇੱਕ ਅਜਿਹੇ ਸੱਭਿਆਚਾਰ ਨੂੰ ਉਤਸ਼ਾਹਿਤ ਕਰਨ ਬਾਰੇ ਸੀ, ਜਿੱਥੇ ਹਰ ਬੱਚੇ ਨੂੰ ਖੇਡਣ ਅਤੇ ਸਮੁੱਚੇ ਤੌਰ 'ਤੇ ਵਿਕਸਤ ਹੋਣ ਦਾ ਮੌਕਾ ਮਿਲੇ। ਅੱਜ, ਇਹ ਅੰਦੋਲਨ ਖੇਲੋ ਇੰਡੀਆ ਗੇਮਜ਼ ਦੇ 16 ਐਡੀਸ਼ਨਾਂ ਵਿਚ ਫੈਲੇ ਹੋਏ ਇੱਕ ਬਹੁ-ਪੱਖੀ ਰਾਸ਼ਟਰੀ ਪ੍ਰੋਗਰਾਮ ਵਿਚ ਵਿਕਸਿਤ ਹੋ ਗਿਆ ਹੈ, ਜੋ ਇੱਕ ਅਜਿਹਾ ਈਕੋਸਿਸਟਮ ਬਣਾਉਂਦਾ ਹੈ, ਜੋ ਨੌਜਵਾਨ ਪ੍ਰਤਿਭਾ ਦਾ ਪੋਸ਼ਣ ਕਰਦਾ ਹੈ, ਵਿਸ਼ਵ ਪੱਧਰੀ ਬੁਨਿਆਦੀ ਢਾਂਚਾ ਬਣਾਉਂਦਾ ਹੈ, ਅਤੇ ਖੇਡਾਂ ਵਿਚ ਸਮਾਵੇਸ਼ ਨੂੰ ਉਤਸ਼ਾਹਿਤ ਕਰਦਾ ਹੈ, ਜੋ ਕਿ ਭਾਰਤ ਨੂੰ ਇੱਕ ਮੋਹਰੀ ਵਿਸ਼ਵ ਖੇਡ ਰਾਸ਼ਟਰ ਬਣਨ ਦੇ ਅਭਿਲਾਸ਼ੀ ਟੀਚੇ ਦੀ ਬੁਨਿਆਦ ਰੱਖਦਾ ਹੈ।

ਪਹਿਲੀਆਂ ਖੇਲੋ ਇੰਡੀਆ ਸਕੂਲ ਗੇਮਜ਼ (ਕੇ.ਆਈ.ਐੱਸ.ਜੀ.) ਨੇ ਭਾਰਤ ਦੇ ਜ਼ਮੀਨੀ ਪੱਧਰ 'ਤੇ ਖੇਡ ਕ੍ਰਾਂਤੀ ਦੀ ਦਿਸ਼ਾ ਤੈਅ ਕੀਤੀ। ਸਕੂਲ-ਪੱਧਰੀ ਮੁਕਾਬਲਿਆਂ ਵਿਚ ਅਥਾਹ ਸੰਭਾਵਨਾ ਨੂੰ ਪਛਾਣਦਿਆਂ, ਕੇ.ਆਈ.ਐੱਸ.ਜੀ. ਨੇ ਨੌਜਵਾਨ ਐਥਲੀਟਾਂ ਲਈ ਅੰਤਰ-ਸਕੂਲ ਮੁਕਾਬਲਿਆਂ ਤੋਂ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਖੇਡ ਸਮਾਗਮਾਂ ਵਿਚ ਤਬਦੀਲੀ ਲਈ ਇੱਕ ਢਾਂਚਾਗਤ ਮਾਰਗ ਤਿਆਰ ਕੀਤਾ। ਪਿਛਲੇ ਕੁਝ ਸਾਲਾਂ ਦੌਰਾਨ, ਇਸ ਪਹਿਲਕਦਮੀ ਨੇ ਹਜ਼ਾਰਾਂ ਐਥਲੀਟਾਂ ਦੀ ਪਛਾਣ ਕੀਤੀ ਹੈ ਅਤੇ ਉਨ੍ਹਾਂ ਦਾ ਪੋਸ਼ਣ ਕੀਤਾ ਹੈ, ਜਿਨ੍ਹਾਂ ਵਿਚੋਂ ਕੁਝ ਓਲੰਪਿਕ ਅਤੇ ਏਸ਼ੀਆਈ ਖੇਡਾਂ ਵਿਚ ਭਾਰਤ ਦੀ ਨੁਮਾਇੰਦਗੀ ਕਰ ਚੁੱਕੇ ਹਨ। ਇਸ ਪ੍ਰਣਾਲੀ ਦੀ ਸਭ ਤੋਂ ਵੱਡੀ ਉਦਾਹਰਣ ਖੇਲ ਰਤਨ ਪੁਰਸਕਾਰ ਜੇਤੂ ਮਨੂ ਭਾਕਰ ਹੈ, ਜੋ ਸਕੂਲ ਖੇਡਾਂ ਤੋਂ ਯੂਨੀਵਰਸਿਟੀ ਖੇਡਾਂ ਤੱਕ ਅੱਗੇ ਵਧੀ ਅਤੇ ਪੈਰਿਸ ਓਲੰਪਿਕ ਵਿਚ ਦੋਹਰਾ ਕਾਂਸੇ ਦਾ ਤਗਮਾ ਜੇਤੂ ਬਣੀ।

ਕੇ.ਆਈ.ਐੱਸ.ਜੀ. ਦੇ ਖੇਲੋ ਇੰਡੀਆ ਗੇਮਜ਼ ਦੇ ਵਿਸ਼ਾਲ ਢਾਂਚੇ ਵਿਚ ਵਿਸਥਾਰ ਨਾਲ, ਜ਼ਮੀਨੀ ਪੱਧਰ 'ਤੇ ਪ੍ਰਤਿਭਾ ਦੀ ਪਛਾਣ ਮਜ਼ਬੂਤ ਹੋਈ ਹੈ। ਸਕੂਲ ਕੱਚੀ ਪ੍ਰਤਿਭਾ ਲਈ ਸਭ ਤੋਂ ਵਧੀਆ ਸਥਾਨ ਹਨ ਅਤੇ ਖੇਲੋ ਇੰਡੀਆ ਨੇ ਇਹ ਯਕੀਨੀ ਬਣਾਉਣ ਵਿਚ ਮਹੱਤਵਪੂਰਨ ਭੂਮਿਕਾ ਨਿਭਾਈ ਹੈ ਕਿ ਇਨ੍ਹਾਂ ਨੌਜਵਾਨ ਐਥਲੀਟਾਂ ਨੂੰ ਵਿਸ਼ਵ ਪੱਧਰੀ ਸਿਖਲਾਈ, ਬੁਨਿਆਦੀ ਢਾਂਚਾ ਅਤੇ ਪ੍ਰਦਰਸ਼ਨ ਦਾ ਮੌਕਾ ਮਿਲੇ। ਅੱਜ, ਖੇਲੋ ਇੰਡੀਆ ਦੇ ਸਕੂਲ ਅਤੇ ਯੂਨੀਵਰਸਿਟੀ ਪੱਧਰ ਦੇ ਚੈਂਪੀਅਨ ਉੱਤਮ ਪੱਧਰ 'ਤੇ ਤਗਮੇ ਜਿੱਤ ਰਹੇ ਹਨ, ਜੋ ਕਿ ਪ੍ਰੋਗਰਾਮ ਦੀ ਪ੍ਰਭਾਵਸ਼ੀਲਤਾ ਦਾ ਸਬੂਤ ਹੈ। ਆਪਣੀ ਸ਼ੁਰੂਆਤ ਤੋਂ ਲੈ ਕੇ, ਖੇਲੋ ਇੰਡੀਆ ਨੇ ਆਪਣੇ ਖੇਡਾਂ ਦੇ 16 ਐਡੀਸ਼ਨਾਂ ਦਾ ਆਯੋਜਨ ਕੀਤਾ ਹੈ, ਜਿਸ ਵਿਚ ਛੇ ਯੂਥ ਗੇਮਜ਼, ਚਾਰ ਯੂਨੀਵਰਸਿਟੀ ਗੇਮਜ਼, ਪੰਜ ਸਰਦ ਰੁੱਤ ਗੇਮਜ਼ ਅਤੇ ਇੱਕ ਪੈਰਾ ਗੇਮਜ਼ ਸ਼ਾਮਲ ਹਨ। ਹਰ ਇੱਕ ਐਡੀਸ਼ਨ ਨੇ ਭਾਰਤ ਦੇ ਖੇਡ ਦ੍ਰਿਸ਼ ਵਿਚ ਨਵੇਂ ਮੁਕਾਮ ਪੇਸ਼ ਕੀਤੇ ਹਨ।

ਸਕੂਲ ਗੇਮਜ਼ ਅਤੇ ਇਸ ਤੋਂ ਬਾਅਦ ਹੋਣ ਵਾਲੀਆਂ ਯੂਥ ਗੇਮਜ਼ ਹੁਣ ਨੌਜਵਾਨ ਐਥਲੀਟਾਂ ਲਈ ਪ੍ਰਮੁੱਖ ਮੁਕਾਬਲੇ ਅਤੇ ਭਾਰਤ ਦੇ ਭਵਿੱਖ ਦੇ ਓਲੰਪੀਅਨਾਂ ਲਈ ਇੱਕ ਮਹੱਤਵਪੂਰਨ ਪ੍ਰਤਿਭਾ-ਪਛਾਣ ਪ੍ਰੋਗਰਾਮ ਬਣ ਗਈਆਂ ਹਨ। ਇਸ ਵਿਸਥਾਰ ਨੇ ਵੱਖ-ਵੱਖ ਪੱਧਰਾਂ 'ਤੇ ਐਥਲੀਟਾਂ ਲਈ ਇੱਕ ਨਿਰਵਿਘਨ ਤਬਦੀਲੀ ਨੂੰ ਯਕੀਨੀ ਬਣਾਇਆ ਹੈ, ਜਿਸ ਨਾਲ ਭਾਰਤ ਦੀ ਖੇਡ ਪਾਈਪਲਾਈਨ ਨੂੰ ਮਜ਼ਬੂਤੀ ਮਿਲੀ ਹੈ।

ਖੇਲੋ ਇੰਡੀਆ ਸਿਰਫ਼ ਇੱਕ ਐਥਲੀਟ ਪਛਾਣ ਪ੍ਰੋਗਰਾਮ ਤੋਂ ਅੱਗੇ ਵਧ ਗਿਆ ਹੈ। ਇਸ ਵਿਚ ਹੁਣ ਕਈ ਹਿੱਸੇਦਾਰ ਸ਼ਾਮਲ ਹਨ, ਜਿਨ੍ਹਾਂ ਵਿਚ ਕਾਰਪੋਰੇਟ, ਰਾਜ ਸਰਕਾਰਾਂ, ਨਿੱਜੀ ਅਕਾਦਮਿਕ ਸੰਸਥਾਵਾਂ ਅਤੇ ਜ਼ਮੀਨੀ ਪੱਧਰ ਦੇ ਸੰਗਠਨ ਸ਼ਾਮਲ ਹਨ। ਨਿੱਜੀ ਖੇਤਰ ਦੀ ਭੂਮਿਕਾ ਵਿਚ ਕਾਫ਼ੀ ਵਾਧਾ ਹੋਇਆ ਹੈ, ਕਾਰਪੋਰੇਸ਼ਨਾਂ ਸਪਾਂਸਰਸ਼ਿਪ, ਬੁਨਿਆਦੀ ਢਾਂਚੇ ਦੇ ਪ੍ਰੋਜੈਕਟਾਂ ਅਤੇ ਐਥਲੀਟ ਮੈਂਟਰਸ਼ਿਪ ਪ੍ਰੋਗਰਾਮਾਂ ਰਾਹੀਂ ਖੇਡਾਂ ਦੇ ਵਿਕਾਸ ਵਿਚ ਨਿਵੇਸ਼ ਕਰ ਰਹੀਆਂ ਹਨ। "ਇੱਕ ਕਾਰਪੋਰੇਟ, ਇੱਕ ਖੇਡ" ਪਹਿਲਕਦਮੀ ਸਰਕਾਰ, ਰਾਸ਼ਟਰੀ ਖੇਡ ਫੈਡਰੇਸ਼ਨਾਂ (ਐੱਨ.ਐੱਸ.ਐੱਫ.) ਅਤੇ ਕਾਰਪੋਰੇਟ ਸੰਸਥਾਵਾਂ ਨਾਲ ਸਾਂਝੇਦਾਰੀ ਰਾਹੀਂ ਨਿਸ਼ਾਨਾਬੱਧ ਸਹਾਇਤਾ ਨੂੰ ਯਕੀਨੀ ਬਣਾ ਕੇ ਖੇਡਾਂ ਵਿਚ ਕਾਰਪੋਰੇਟ ਸ਼ਮੂਲੀਅਤ ਨੂੰ ਹੋਰ ਵਧਾਉਣ ਲਈ ਸ਼ੁਰੂ ਕੀਤੀ ਜਾ ਰਹੀ ਹੈ। ਰਾਜ ਸਰਕਾਰਾਂ ਨੇ ਵੀ ਪਹਿਲ ਕੀਤੀ ਹੈ, ਖੇਤਰੀ ਖੇਡ ਤਰਜੀਹਾਂ ਦੇ ਆਧਾਰ 'ਤੇ ਖੇਲੋ ਇੰਡੀਆ ਸੈਂਟਰ (ਕੇ.ਆਈ.ਸੀ.) ਦਾ ਮਤਾ ਰੱਖਿਆ ਹੈ, ਇਹ ਯਕੀਨੀ ਬਣਾਉਂਦੇ ਹੋਏ ਕਿ ਖੇਡਾਂ ਦਾ ਵਿਕਾਸ ਸਥਾਨਕ ਲੋੜਾਂ ਦੇ ਅਨੁਸਾਰ ਹੋਵੇ। ਇਸ ਤੋਂ ਇਲਾਵਾ, ਦੇਸ਼ ਦੇ ਵੱਖ-ਵੱਖ ਖੇਤਰਾਂ ਵਿਚ ਓਲੰਪਿਕ ਸਿਖਲਾਈ ਕੇਂਦਰ (ਓ.ਟੀ.ਸੀ.) ਸਥਾਪਤ ਕਰਨ ਦੀਆਂ ਯੋਜਨਾਵਾਂ ਹਨ। ਇਹ ਵਿਸ਼ਵ ਪੱਧਰੀ ਉੱਚ ਪ੍ਰਦਰਸ਼ਨ ਕੇਂਦਰ ਪੈਰਾ-ਖੇਡਾਂ ਅਤੇ ਸਵਦੇਸ਼ੀ ਖੇਡਾਂ ਸਮੇਤ ਚੋਟੀ ਦੇ ਐਥਲੀਟਾਂ ਦੀ ਸਿਖਲਾਈ ਪ੍ਰਦਾਨ ਕਰਨਗੇ, ਅਤੇ ਇਹ ਅਤਿ-ਆਧੁਨਿਕ ਖੇਡ ਬੁਨਿਆਦੀ ਢਾਂਚੇ, ਖੇਡ ਵਿਗਿਆਨ ਅਤੇ ਖੇਡ ਇਲਾਜ ਸਹੂਲਤਾਂ ਨਾਲ ਲੈਸ ਹੋਣਗੇ। ਇਸ ਤੋਂ ਇਲਾਵਾ, ਉੱਚ-ਗੁਣਵੱਤਾ ਵਾਲੇ ਸਿਖਲਾਈ ਪ੍ਰੋਗਰਾਮ ਪ੍ਰਦਾਨ ਕਰਨ ਲਈ ਸਟੇਟ ਸੈਂਟਰ ਆਫ਼ ਐਕਸੀਲੈਂਸ (ਐੱਸ.ਸੀ.ਓ.ਈ.) ਸਥਾਪਤ ਕੀਤੇ ਜਾਣਗੇ, ਜੋ ਖਿਡਾਰੀਆਂ ਨੂੰ ਤਰਜੀਹੀ ਖੇਡਾਂ ਵਿਚ ਸਹਾਇਤਾ ਕਰਨਗੇ।

ਸਮਾਵੇਸ਼ਤਾ ਖੇਲੋ ਇੰਡੀਆ ਦੀ ਮੁੱਖ ਬੁਨਿਆਦ ਰਹੀ ਹੈ ਅਤੇ 'ਕਾਰਵਾਈ ਰਾਹੀਂ ਮਹਿਲਾਵਾਂ ਨੂੰ ਪ੍ਰੇਰਿਤ ਕਰਕੇ ਖੇਡ ਮੀਲ ਪੱਥਰ ਸਥਾਪਤ ਕਰਨਾ' (ਅਸਮਿਤਾ) ਲੀਗ ਵਰਗੀਆਂ ਪਹਿਲਕਦਮੀਆਂ ਨੇ ਖੇਡਾਂ ਵਿਚ ਮਹਿਲਾਵਾਂ ਨੂੰ ਸਸ਼ਕਤ ਬਣਾਉਣ ਵਿਚ ਮਹੱਤਵਪੂਰਨ ਭੂਮਿਕਾ ਨਿਭਾਈ ਹੈ। 2021 ਵਿਚ ਆਪਣੀ ਸ਼ੁਰੂਆਤ ਤੋਂ ਬਾਅਦ, ਅਸਮਿਤਾ ਨੇ 880 ਤੋਂ ਵੱਧ ਮੁਕਾਬਲੇ ਆਯੋਜਿਤ ਕੀਤੇ ਹਨ, ਜਿਨ੍ਹਾਂ ਨੇ 100,000 ਤੋਂ ਵੱਧ ਮਹਿਲਾ ਐਥਲੀਟਾਂ ਨੂੰ ਪ੍ਰਭਾਵਿਤ ਕੀਤਾ ਹੈ, ਜਿਨ੍ਹਾਂ ਵਿਚ ਮੀਰਾਬਾਈ ਚਾਨੂ ਵਰਗੀਆਂ ਓਲੰਪਿਕ ਤਗਮਾ ਜੇਤੂ ਵੀ ਸ਼ਾਮਲ ਹਨ। ਮਾਣਯੋਗ ਪ੍ਰਧਾਨ ਮੰਤਰੀ ਮੋਦੀ ਨੇ ਹਮੇਸ਼ਾ ਪੇਂਡੂ ਭਾਰਤ ਅਤੇ ਛੋਟੇ ਕਸਬਿਆਂ ਦੇ ਖਿਡਾਰੀਆਂ ਨੂੰ ਸਮਰਥਨ ਦੇਣ ਦੀ ਮਹੱਤਤਾ 'ਤੇ ਜ਼ੋਰ ਦਿੱਤਾ ਹੈ, ਜਿਨ੍ਹਾਂ ਨੂੰ ਅਕਸਰ ਵਾਧੂ ਸਹਾਇਤਾ ਦੀ ਲੋੜ ਹੁੰਦੀ ਹੈ। ਖੇਲੋ ਇੰਡੀਆ ਰਾਹੀਂ, ਅਸੀਂ ਇਹ ਯਕੀਨੀ ਬਣਾਇਆ ਹੈ ਕਿ ਵਿੱਤੀ ਰੁਕਾਵਟਾਂ ਪ੍ਰਤਿਭਾ ਨੂੰ ਪਿੱਛੇ ਨਾ ਛੱਡਣ। ਖੇਲੋ ਇੰਡੀਆ ਦੇ ਅਧੀਨ ਮਹਿਲਾ ਫੁੱਟਬਾਲ ਲੀਗ ਅਰੁਣਾਚਲ ਪ੍ਰਦੇਸ਼ ਦੇ ਮੋਨੀਗੋਂਗ ਵਰਗੇ ਦੂਰ-ਦੁਰਾਡੇ ਇਲਾਕਿਆਂ ਤੱਕ ਵੀ ਪਹੁੰਚ ਗਈ ਹੈ, ਜਿਸ ਨਾਲ ਉਨ੍ਹਾਂ ਖੇਤਰਾਂ ਵਿਚ ਖੇਡਾਂ ਦੀ ਭਾਗੀਦਾਰੀ ਨੂੰ ਹੁਲਾਰਾ ਮਿਲਿਆ ਹੈ, ਜੋ ਪਹਿਲਾਂ ਸੰਗਠਿਤ ਖੇਡ ਗਤੀਵਿਧੀਆਂ ਤੋਂ ਅਣਛੋਹੇ ਸਨ।

ਪੈਰਾ-ਐਥਲੀਟਾਂ ਲਈ, ਖੇਲੋ ਇੰਡੀਆ ਪੈਰਾ ਗੇਮਜ਼ ਨੇ ਇੱਕ ਸਮਾਵੇਸ਼ੀ ਪਲੇਟਫਾਰਮ ਪ੍ਰਦਾਨ ਕੀਤਾ ਹੈ, ਜਿਸ ਨਾਲ ਬਹੁਤ ਸਾਰੇ ਐਥਲੀਟ ਹੁਣ ਪੈਰਾਲੰਪਿਕਸ ਵਰਗੇ ਆਲਮੀ ਮੁਕਾਬਲਿਆਂ ਲਈ ਕੁਆਲੀਫਾਈ ਕਰ ਰਹੇ ਹਨ। ਇਸ ਤੋਂ ਇਲਾਵਾ, ਇਸ ਪਹਿਲਕਦਮੀ ਨੇ ਯੋਗਾਸਨ, ਮੱਲਖੰਭ, ਕਲਾਰੀਪਯੱਟੂ, ਥਾਂਗ-ਤਾ ਅਤੇ ਗੱਤਕਾ ਵਰਗੀਆਂ ਸਵਦੇਸ਼ੀ ਖੇਡਾਂ ਨੂੰ ਸਰਗਰਮੀ ਨਾਲ ਉਤਸ਼ਾਹਿਤ ਕੀਤਾ ਹੈ ਅਤੇ ਉਨ੍ਹਾਂ ਨੂੰ ਖੇਲੋ ਇੰਡੀਆ ਯੂਥ ਅਤੇ ਯੂਨੀਵਰਸਿਟੀ ਖੇਡਾਂ ਵਿਚ ਸ਼ਾਮਲ ਕਰਕੇ ਉਨ੍ਹਾਂ ਦੀ ਸੰਭਾਲ ਅਤੇ ਵਿਕਾਸ ਨੂੰ ਯਕੀਨੀ ਬਣਾਇਆ ਹੈ। ਸਵਦੇਸ਼ੀ ਖੇਡਾਂ ਨੂੰ ਹੋਰ ਉਤਸ਼ਾਹਿਤ ਕਰਨ ਲਈ, ਕਬੱਡੀ ਅਤੇ ਖੋ-ਖੋ ਵਰਗੀਆਂ ਰਵਾਇਤੀ ਖੇਡਾਂ ਲਈ ਭਾਰਤ-ਅਧਾਰਤ ਅੰਤਰਰਾਸ਼ਟਰੀ ਫੈਡਰੇਸ਼ਨਾਂ ਸਥਾਪਤ ਕਰਨ ਦੇ ਯਤਨ ਕੀਤੇ ਜਾਣਗੇ, ਜਿਸਦਾ ਮੰਤਵ ਵਿਸ਼ਵ ਚੈਂਪੀਅਨਸ਼ਿਪਾਂ ਦਾ ਆਯੋਜਨ ਕਰਨਾ ਅਤੇ ਅੰਤਰਰਾਸ਼ਟਰੀ ਬਹੁ-ਖੇਡ ਸਮਾਗਮਾਂ ਵਿਚ ਉਨ੍ਹਾਂ ਨੂੰ ਸ਼ਾਮਲ ਕਰਨ ਲਈ ਕੰਮ ਕਰਨਾ ਹੈ।

ਕੋਚਿੰਗ ਢਾਂਚੇ ਨੂੰ ਹੋਰ ਪੇਸ਼ੇਵਰ ਬਣਾਉਣ ਲਈ, ਅਸੀਂ ਪੂਰੇ ਭਾਰਤ ਵਿਚ 1000 ਤੋਂ ਵੱਧ ਖੇਲੋ ਇੰਡੀਆ ਸੈਂਟਰਾਂ (ਕੇ.ਆਈ.ਸੀ.) ਵਿਚ ਸਾਬਕਾ ਚੈਂਪੀਅਨ ਐਥਲੀਟਾਂ (ਪੀ.ਸੀ.ਏ.) ਨੂੰ ਮਾਰਗਦਰਸ਼ਕ ਵਜੋਂ ਸ਼ਾਮਲ ਕਰਨ ਨੂੰ ਯਕੀਨੀ ਬਣਾਇਆ ਹੈ। ਇਸ ਤੋਂ ਇਲਾਵਾ, ਨੈਸ਼ਨਲ ਇੰਸਟੀਚਿਊਟ ਆਫ਼ ਸਪੋਰਟਸ (ਐੱਨ.ਆਈ.ਐੱਸ.) ਪਟਿਆਲਾ ਵਿਖੇ ਮੁਫ਼ਤ ਸਰਟੀਫਿਕੇਸ਼ਨ ਕੋਰਸਾਂ ਰਾਹੀਂ, ਇਹ ਸਾਬਕਾ ਅੰਤਰਰਾਸ਼ਟਰੀ/ਰਾਸ਼ਟਰੀ ਐਥਲੀਟ ਹੁਣ ਭਾਰਤ ਦੇ ਕੋਚਿੰਗ ਈਕੋਸਿਸਟਮ ਵਿਚ ਯੋਗਦਾਨ ਦੇ ਰਹੇ ਹਨ, ਜੋ ਇਹ ਯਕੀਨੀ ਬਣਾਉਂਦੇ ਹਨ ਕਿ ਅਗਲੀ ਪੀੜ੍ਹੀ ਉਨ੍ਹਾਂ ਦੇ ਤਜ਼ਰਬੇ ਅਤੇ ਮੁਹਾਰਤ ਤੋਂ ਲਾਭ ਹਾਸਲ ਕਰੇ।

ਜਿਵੇਂ-ਜਿਵੇਂ ਭਾਰਤ ਅੱਗੇ ਵਧ ਰਿਹਾ ਹੈ, ਖੇਲੋ ਇੰਡੀਆ ਮੁਹਿੰਮ ਸਿਰਫ਼ ਇੱਕ ਖੇਡ ਵਿਕਾਸ ਪ੍ਰੋਗਰਾਮ ਤੋਂ ਕਿਤੇ ਵਧਕੇ ਹੈ; ਇਹ ਇੱਕ ਰਣਨੀਤਕ ਪਹਿਲ ਹੈ, ਜੋ 2036 ਵਿਚ ਓਲੰਪਿਕ ਖੇਡਾਂ ਦੀ ਮੇਜ਼ਬਾਨੀ ਕਰਨ ਅਤੇ ਚੋਟੀ ਦੇ 10 ਖੇਡ ਰਾਸ਼ਟਰਾਂ ਵਿਚ ਦਰਜਾ ਹਾਸਲ ਕਰਨ ਦੇ ਦੇਸ਼ ਦੇ ਲੰਬੇ ਸਮੇਂ ਦੇ ਟੀਚੇ ਨਾਲ ਮੇਲ ਖਾਂਦੀ ਹੈ। ਅੰਤਰਰਾਸ਼ਟਰੀ ਖੇਡ ਸਮਾਗਮਾਂ ਦੀ ਮੇਜ਼ਬਾਨੀ ਇਸ ਦ੍ਰਿਸ਼ਟੀਕੋਣ ਦਾ ਇੱਕ ਮੁੱਖ ਪਹਿਲੂ ਹੋਵੇਗਾ, ਜਿਸ ਵਿਚ ਰਾਸ਼ਟਰੀ ਖੇਡ ਫੈਡਰੇਸ਼ਨਾਂ (ਐੱਨ.ਐੱਸ.ਐੱਫ.) ਨੂੰ ਅੰਤਰਰਾਸ਼ਟਰੀ ਸਮਾਗਮਾਂ ਲਈ ਬੋਲੀ ਲਗਾਉਣ ਅਤੇ ਭਾਰਤ ਵਿਚ ਪ੍ਰਮੁੱਖ ਆਲਮੀ ਖੇਡ ਸਮਾਗਮਾਂ ਨੂੰ ਲਿਆਉਣ ਲਈ ਸਮਰਥਨ ਦੇਣ ਦੇ ਯਤਨ ਕੀਤੇ ਜਾ ਰਹੇ ਹਨ।

ਜਦੋਂ ਅਸੀਂ 2036 ਵੱਲ ਦੇਖਦੇ ਹਾਂ, ਖੇਲੋ ਇੰਡੀਆ ਦਾ ਪ੍ਰਭਾਅ ਸਿਰਫ਼ ਜਿੱਤੇ ਗਏ ਤਗਮਿਆਂ 'ਤੇ ਹੀ ਨਹੀਂ, ਸਗੋਂ ਇਸਨੇ ਲੱਖਾਂ ਜ਼ਿੰਦਗੀਆਂ ਨੂੰ ਛੋਹਿਆ ਹੈ, ਇਸਨੇ ਜ਼ਮੀਨੀ ਪੱਧਰ 'ਤੇ ਜੋ ਕ੍ਰਾਂਤੀ ਲਿਆਂਦੀ ਅਤੇ ਭਾਰਤੀ ਸਮਾਜ ਵਿਚ ਖੇਡਾਂ ਅਤੇ ਤੰਦਰੁਸਤੀ ਦੇ ਸੱਭਿਆਚਾਰ ਨੂੰ ਸ਼ਾਮਲ ਕੀਤਾ ਹੈ, ਉਸ ਨਾਲ ਮਾਪਿਆ ਜਾਵੇਗਾ। ਲਗਾਤਾਰ ਨਿਵੇਸ਼, ਸਹਿਯੋਗ ਅਤੇ ਨਵੀਨਤਾ ਦੇ ਨਾਲ, ਭਾਰਤ ਇੱਕ ਆਲਮੀ ਖੇਡ ਮਹਾਸ਼ਕਤੀ ਬਣਨ ਦੇ ਆਪਣੇ ਸੁਫ਼ਨੇ ਨੂੰ ਸਾਕਾਰ ਕਰਨ ਦੇ ਰਾਹ 'ਤੇ ਹੈ।



# ਸ੍ਰੀ ਗੁਰੂ ਹਰਿਰਾਇ ਸਾਹਿਬ ਜੀ

## ਅਵਤਾਰ ਪੁਰਬ 'ਤੇ ਵਿਸ਼ੇਸ਼

ਡਾ. ਚਰਨਜੀਤ ਸਿੰਘ ਗੁਮਟਾਲਾ
91-94175-33060
gumtalacs@gmail.com
ਪੰਜਾਬ ਮੇਲ USA






ਸੱਤਵੀਂ ਪਾਤਸ਼ਾਹੀ ਸ੍ਰੀ ਹਰਿਰਾਇ ਸਾਹਿਬ ਜੀ, ਬਾਬਾ ਗੁਰਦਿੱਤਾ ਜੀ ਦੇ ਸਪੁੱਤਰ ਅਤੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਪੋਤਰੇ ਸਨ। ਮਾਤਾ ਜੀ ਦਾ ਨਾਂ ਮਾਤਾ ਨਿਹਾਲ ਕੌਰ ਸੀ। ਆਪ ਜੀ ਨੇ ਪੰਜਾਬ ਦੇ ਮੌਜੂਦਾ ਜ਼ਿਲ੍ਹਾ ਰੋਪੜ ਵਿਚ 19 ਮਾਘ ਸੰਮਤ 1686 (16 ਜਨਵਰੀ 1630) ਨੂੰ ਕੀਰਤਪੁਰ ਵਿਖੇ ਅਵਤਾਰ ਧਾਰਿਆਂ। 1640 ਵਿਚ, ਆਪ ਜੀ ਸ਼ਾਦੀ ਉੱਤਰ ਪ੍ਰਦੇਸ਼ ਦੇ ਬੁਲੰਦ ਸ਼ਹਿਰ ਜ਼ਿਲ੍ਹੇ ਵਿਚ ਸਥਿਤ ਅਨੂਪ ਸ਼ਹਿਰ ਦੇ ਭਾਈ ਦਯਾ ਰਾਮ ਦੀ ਸਪੁੱਤਰੀ ਬੀਬੀ ਸੁਲੱਖਣੀ ਜੀ ਨਾਲ ਹੋਈ। ਇਹ ਬਹੁਤ ਨੇਕ ਅਤੇ ਸ਼ਰਧਾ ਸੁਭਾਅ ਦੇ ਵਿਅਕਤੀ ਸਨ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਆਪ ਜੀ ਨਾਂ ਸ੍ਰੀ ਹਰਿਰਾਇ ਆਪ ਰੱਖਿਆ ਸੀ। ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੁਆਰਾ ਪ੍ਰਕਾਸ਼ਿਤ ਸਿੱਖ ਧਰਮ ਵਿਸ਼ਵ ਕੋਸ਼ ਵਿਚ ਵੱਖ-ਵੱਖ ਇਤਿਹਾਸਕਾਰਾਂ ਦੇ ਹਵਾਲਿਆਂ ਨਾਲ ਆਪ ਜੀ ਦੇ ਜੀਵਨ ਦੇ ਵਿਭਿੰਨ ਪਹਿਲੂਆਂ ਬਾਰੇ ਜੋ ਰੌਸ਼ਨੀ ਪਾਈ ਗਈ ਹੈ, ਉਸ ਅਨੁਸਾਰ ਪੁਰਾਤਨ ਲਿਖਤਾਂ ਵਿਚ ਲਿਖਿਆ ਮਿਲਦਾ ਹੈ ਕਿ ਇੱਕ ਵਾਰੀ ਆਪ ਜੀ ਘੋੜ ਸਵਾਰੀ ਉਪਰੰਤ ਵਾਪਸ ਘਰ ਪਰਤ ਰਹੇ ਸਨ। ਇਨ੍ਹਾਂ ਨੇ ਦੂਰੋਂ ਦੇਖਿਆ ਕਿ ਸ੍ਰੀ ਗੁਰੂ ਹਰਿਗੋਬਿੰਦ ਜੀ ਬਾਗ਼ ਵਿਚ ਬੈਠੇ ਹਨ। ਇਹ ਤੁਰੰਤ ਘੋੜੇ ਤੋਂ ਉਤਰੇ ਅਤੇ ਜਾ ਕੇ ਗੁਰੂ ਜੀ ਨੂੰ ਮੱਥਾ ਟੇਕਿਆ। ਇਸ ਕਾਹਲ ਵਿਚ ਇਨ੍ਹਾਂ ਦਾ ਚੋਲਾ ਝਾੜੀ ਵਿਚ ਫਸ ਗਿਆ ਅਤੇ ਇਸ ਤਰ੍ਹਾਂ ਟਾਹਣੀ ਨਾਲੋਂ ਕੁਝ ਫੁੱਲ ਟੁੱਟ ਗਏ। ਇਸ ਨਾਲ ਹਰਿਰਾਇ ਜੀ ਦੇ ਦਿਲ ਨੂੰ ਦੁੱਖ ਹੋਇਆ। ਇਹ ਉਸੇ ਜਗ੍ਹਾਂ 'ਤੇ ਬੈਠ ਗਏ ਅਤੇ ਉੱਚੀ-ਉੱਚੀ ਰੋਣ ਲੱਗ ਪਏ। ਸ੍ਰੀ ਗੁਰੂ ਹਰਿਗੋਬਿੰਦ ਜੀ ਆਏ ਅਤੇ ਇਨ੍ਹਾਂ ਨੂੰ ਧੀਰਜ ਦਿੱਤਾ। ਗੁਰੂ ਜੀ ਨੇ ਇਨ੍ਹਾਂ ਨੂੰ ਸਲਾਹ ਦਿੱਤੀ, "ਕੱਪੜੇ ਜਿਵੇਂ ਚਾਹੋ ਪਾਉ, ਪਰੰਤੂ ਤੁਰਨ ਵੇਲੇ ਧਿਆਨ ਰੱਖੋ। ਪ੍ਰਮਾਤਮਾ ਦੇ ਸੇਵਕਾਂ ਤੋਂ ਇਹ ਉਮੀਦ ਰੱਖੀ ਜਾਂਦੀ ਹੈ ਕਿ ਉਹ ਸਾਰਿਆਂ ਨੂੰ ਪਿਆਰ ਕਰਨ"। ਇਸ ਤਰ੍ਹਾਂ ਗੁਰੂ ਜੀ ਦੇ ਸ਼ਬਦਾਂ ਵਿਚ ਡੂੰਘੇ ਅਰਥ ਸਨ। ਮਨੁੱਖ ਨੂੰ ਇਸ ਸੰਸਾਰ ਵਿਚ ਰਹਿਣਾ ਚਾਹੀਦਾ ਹੈ ਪਰ ਨਾਲ ਹੀ ਨਾਲ ਆਪਣੇ ਆਪ 'ਤੇ ਪੂਰਾ ਕੰਟਰੋਲ ਰੱਖਣਾ ਚਾਹੀਦਾ ਹੈ।

ਸ੍ਰੀ ਗੁਰੂ ਹਰਿਗੋਬਿੰਦ ਜੀ ਨੇ ਇਹ ਜਾਣ ਲਿਆ ਸੀ ਕਿ ਸ੍ਰੀ ਹਰਿਰਾਇ ਗੁਰੂ ਜੋਤ ਦੀ ਪ੍ਰਾਪਤੀ ਲਈ ਸਭ ਤੋਂ ਵੱਧ ਯੋਗ ਵਿਅਕਤੀ ਹਨ। ਗੁਰੂ ਜੀ ਨੇ ਇਨ੍ਹਾਂ ਨੂੰ ਆਪਣਾ ਵਾਰਸ ਨਿਯੁਕਤ ਕਰ ਦਿੱਤਾ ਅਤੇ 3 ਮਾਰਚ 1644 ਨੂੰ ਆਪਣੇ ਜੋਤੀ-ਜੋਤਿ ਸਮਾਉਣ ਤੋਂ ਪਹਿਲਾਂ ਇਨ੍ਹਾਂ ਨੂੰ ਗੁਰਿਆਈ ਦਾ ਤਿਲਕ ਲਗਾ ਦਿੱਤਾ।

ਸ੍ਰੀ ਗੁਰੂ ਹਰਿਰਾਇ ਜੀ ਨੇ ਸ੍ਰੀ ਗੁਰੂ ਹਰਿਗੋਬਿੰਦ ਜੀ ਦੁਆਰਾ ਆਰੰਭ ਕੀਤਾ ਠਾਠ-ਬਾਠ ਵਾਲਾ ਜੀਵਨ ਜਿਊਣਾ ਜਾਰੀ ਰੱਖਿਆ। ਇਨ੍ਹਾਂ ਕੋਲ 2200 ਹਥਿਆਰਬੰਦ ਸਿੱਖ ਸਨ ਪ੍ਰੰਤੂ ਸਰਕਾਰ ਨਾਲ ਇਨ੍ਹਾਂ ਦੀ ਕੋਈ ਟੱਕਰ ਨਹੀਂ ਹੋਈ। ਇਨ੍ਹਾਂ ਨੇ ਤਿੰਨ ਪ੍ਰਚਾਰ ਮਿਸ਼ਨ ਜਿਨ੍ਹਾਂ ਨੂੰ 'ਬਖ਼ਸ਼ਿਸ਼ਾਂ' ਕਿਹਾ ਜਾਂਦਾ ਸੀ, ਸ੍ਰੀ ਗੁਰੂ ਨਾਨਕ ਦੇਵ ਦੀ ਬਾਣੀ ਦਾ ਪ੍ਰਚਾਰ ਕਰਨ ਲਈ ਸਥਾਪਿਤ ਕਰ ਦਿੱਤੇ। ਪਹਿਲਾ ਭਗਵਾਨ ਗਿਰ ਦਾ ਸੀ, ਜਿਸ ਦਾ ਨਾਂ ਬਦਲ ਕੇ ਭਗਤ ਭਗਵਾਨ ਰੱਖਿਆ ਗਿਆ ਸੀ। ਦੂਸਰਾ ਸੰਗਤੀਆ ਸੀ, ਜਿਸ ਦਾ ਨਾਂ ਬਦਲ ਕੇ ਭਾਈ ਫੇਰੂ ਰੱਖਿਆ ਗਿਆ ਅਤੇ ਜਿਸ ਨੇ ਰਾਜਸਥਾਨ ਅਤੇ ਦੱਖਣੀ ਪੰਜਾਬ ਵਿਚ ਸਿੱਖ ਧਰਮ ਦਾ ਪ੍ਰਚਾਰ ਕੀਤਾ। ਸ੍ਰੀ ਗੁਰੂ ਹਰਿਰਾਇ ਜੀ ਨੇ ਭਾਈ ਗੋਂਦਾ ਨੂੰ ਕਾਬੁਲ ਭੇਜਿਆ, ਭਾਈ ਨੱਥਾ ਨੂੰ ਢਾਕੇ ਅਤੇ ਭਾਈ ਜੋਧ ਨੂੰ ਮੁਲਤਾਨ ਪ੍ਰਚਾਰ ਲਈ ਭੇਜਿਆ। ਅਜੋਕੇ ਬਾਗੜੀਆਂ ਅਤੇ ਕੈਥਲ ਪਰਿਵਾਰਾਂ ਦੇ ਪੂਰਵਜਾਂ ਨੇ ਮਾਲਵੇ ਦੇ ਇਲਾਕੇ ਵਿਚ ਪ੍ਰਚਾਰ ਕੀਤਾ। ਸ੍ਰੀ ਗੁਰੂ ਹਰਿਰਾਇ ਆਪ ਵੀ ਇਸ ਇਲਾਕੇ ਵਿਚ ਬਹੁਤ ਘੁੰਮੇ ਫਿਰੇ ਅਤੇ ਇਨ੍ਹਾਂ ਦੇ ਪ੍ਰਚਾਰ ਨਾਲ ਬਹੁਤ ਲੋਕ ਸਿੱਖ ਬਣ ਗਏ। ਇੱਕ ਗ਼ਰੀਬ ਲੜਕੇ ਫੂਲ ਨੂੰ ਸ੍ਰੀ ਗੁਰੂ ਹਰਿਗੋਬਿੰਦ ਜੀ ਵੱਲੋਂ ਮਿਲੇ ਅਸ਼ੀਰਵਾਦ ਨੂੰ ਆਪ ਜੀ ਨੇ ਮੁੜ ਦੁਹਰਾਇਆ ਅਤੇ ਪਿੱਛੋਂ ਜਾ ਕੇ ਇਹ ਪਟਿਆਲਾ, ਨਾਭਾ ਅਤੇ ਜੀਂਦ ਦਾ ਬਾਨੀ ਬਣਿਆ। ਅਜੋਕੇ ਸਮੇਂ ਤੱਕ ਪੰਜਾਬ ਵਿਚ ਇਨ੍ਹਾਂ ਪਰਿਵਾਰਾਂ ਨੇ ਆਪਣੇ ਇਲਾਕਿਆਂ ਵਿਚ ਰਾਜ ਕੀਤਾ ਹੈ।

ਕੀਰਤਪੁਰ ਗੁਰੂ ਹਰਿਰਾਇ ਜੀ ਦਾ ਪੱਕਾ ਟਿਕਾਣਾ ਸੀ। ਇੱਥੇ ਹੀ ਸਿੱਖ ਅਤੇ ਯਾਤਰੂ ਆਸ਼ੀਰਵਾਦ ਅਤੇ ਉਪਦੇਸ਼ ਲੈਣ ਲਈ ਆਉਂਦੇ ਸਨ। ਗੁਰੂ ਜੀ ਨੇ ਆਪਣਾ ਨਿੱਤਕਰਮ ਆਪਣੇ ਪੂਰਵਜਾਂ ਦੀ ਤਰ੍ਹਾਂ ਨਿਰੰਤਰ ਜਾਰੀ ਰੱਖਿਆ। ਲੰਗਰ ਦੀ ਸੰਸਥਾ ਹੋਰ ਵਧੀ ਫੁੱਲੀ। ਆਪ ਸਾਦਾ ਭੋਜਨ ਛੱਕਦੇ ਸਨ, ਜਿਸ ਨੂੰ ਉਹ ਆਪਣੇ ਹੱਥੀਂ ਕੰਮ ਕਰਕੇ ਕਮਾਉਂਦੇ ਸਨ। ਸਵੇਰ ਵੇਲੇ ਆਪ ਜੀ ਸੰਗਤ ਵਿਚ ਬੈਠਦੇ ਅਤੇ ਸਿੱਖ ਸਿਧਾਂਤਾਂ ਦੀ ਵਿਆਖਿਆ ਕਰਦੇ ਸਨ। ਇਨ੍ਹਾਂ ਨੇ ਆਪ ਕੋਈ ਬਾਣੀ ਨਹੀਂ ਰਚੀ ਪ੍ਰੰਤੂ ਆਪਣੇ ਪ੍ਰਵਚਨਾਂ ਵਿਚ ਆਪ ਪਹਿਲੇ ਗੁਰੂ ਸਾਹਿਬਾਨਾਂ ਦੀ ਬਾਣੀ ਵਿਚੋਂ ਉਦਾਹਰਨਾਂ ਦਿੰਦੇ ਸਨ। ਆਪ ਅਕਸਰ ਭਾਈ ਗੁਰਦਾਸ ਦੀਆਂ ਵਾਰਾਂ ((XXVII.15)) ਵਿਚੋਂ ਹੇਠ ਲਿਖੀ ਪਉੜੀ ਦੁਹਰਾਉਂਦੇ ਹੁੰਦੇ ਸਨ :-

ਪਿਛਲ ਰਾਤੀ ਜਾਗਣਾ ਨਾਮੁ ਦਾਨੁ ਇਸਨਾਨੁ ਦਿੜਾਏ॥
ਮਿਠਾ ਬੋਲਣੁ ਨਿਵ ਚਲਣੁ ਹਥਹੁ ਦੇ ਕੈ ਭਲਾ ਮਨਾਏ॥
ਥੋੜਾ ਸਵਣਾ ਖਾਵਣਾ ਥੋੜਾ ਬੋਲਨੁ ਗੁਰਮਤਿ ਪਾਏ॥
ਘਾਲਿ ਖਾਇ ਸੁਕ੍ਰਿਤੁ ਕਰੈ ਵਡਾ ਹੋਇ ਨ ਆਪੁ ਗਣਾਏ॥
ਸਾਧ ਸੰਗਤਿ ਮਿਲਿ ਗਾਵਦੇ ਰਾਤਿ ਦਿਹੈ ਨਿਤ ਚਲਿ ਚਲਿ ਜਾਏ॥
ਸਬਦ ਸੁਰਤਿ ਪਰਚਾ ਕਰੈ ਸਤਿਗੁਰ ਪਰਚੈ ਮਨ ਪਰਚਾਏ॥
ਆਸਾ ਵਿਚਿ ਨਿਰਾਸੁ ਵਲਾਏ॥5॥

ਗੁਰੂ ਹਰਿਰਾਇ ਗੋਇੰਦਵਾਲ ਵਿਖੇ ਹੀ ਸਨ, ਜਦੋਂ ਦਾਰਾ ਸ਼ੁਕੋਹ ਜੋ ਮੁਗ਼ਲ ਰਾਜ ਗੱਦੀ ਦਾ ਵਾਰਸ ਸੀ, ਆਪਣੇ ਭਰਾ ਔਰੰਗਜ਼ੇਬ ਤੋਂ 29 ਮਈ 1658 ਨੂੰ ਸਾਮੂਗੜ ਦੀ ਲੜਾਈ ਵਿਚ ਹਾਰ ਖਾ ਕੇ ਫ਼ੌਜ ਦੇ ਅੱਗੇ ਭੱਜਦਾ ਹੋਇਆ ਪੰਜਾਬ ਵਿਚ ਦਾਖ਼ਲ ਹੋ ਗਿਆ ਸੀ। ਗੋਇੰਦਵਾਲ ਵਿਖੇ ਜਿੱਥੇ ਇਹ ਜੂਨ 1658 ਦੇ ਪਿਛਲੇ ਹਫ਼ਤੇ ਪਹੁੰਚਿਆ ਸੀ। ਇਹ ਗੁਰੂ ਹਰਿਰਾਇ ਜੀ ਦੇ ਦਰਸ਼ਨਾਂ ਲਈ ਆਇਆ ਅਤੇ ਇਨ੍ਹਾਂ ਤੋਂ ਬਖ਼ਸ਼ਿਸ਼ ਲਈ ਬੇਨਤੀ ਕੀਤੀ। ਇਹ ਸ਼ਹਿਜ਼ਾਦਾ ਖੁੱਲ੍ਹੇ ਧਾਰਮਿਕ ਸੁਭਾਅ ਦਾ ਸੀ ਅਤੇ ਕੁਦਰਤੀ ਤੌਰ 'ਤੇ ਸਾਧਾਂ-ਸੰਤਾਂ ਦੀ ਸੰਗਤ ਕਰਕੇ ਪ੍ਰਸੰਨ ਹੁੰਦਾ ਸੀ। ਇਹ ਵਿਸ਼ੇਸ਼ ਤੌਰ 'ਤੇ ਪ੍ਰਸਿੱਧ ਮੁਸਲਮਾਨ ਸੂਫ਼ੀ ਮੀਆਂ ਮੀਰ ਦਾ ਪ੍ਰਸ਼ੰਸਕ ਸੀ, ਜਿਸ ਦਾ ਸਿੱਖ ਗੁਰੂਆਂ ਨਾਲ ਮੇਲ-ਜੋਲ ਸੀ। ਸਿੱਖ ਪ੍ਰੰਪਰਾ ਵਿਚ ਇਸ ਗੱਲ ਦਾ ਜ਼ਿਕਰ ਹੈ ਕਿ ਕਿਵੇਂ ਇੱਕ ਵਾਰੀ ਦਾਰਾ ਸ਼ੁਕੋਹ ਇੱਕ ਨਾਮੁਰਾਦ ਬਿਮਾਰੀ ਤੋਂ ਗੁਰੂ ਹਰਿਰਾਇ ਦੁਆਰਾ ਭੇਜੀਆਂ ਗਈਆਂ ਜੜੀਆਂ-ਬੂਟੀਆਂ ਨਾਲ ਤਿਆਰ ਕੀਤੀ ਦਵਾਈ ਨਾਲ ਤੰਦਰੁਸਤ ਹੋ ਗਿਆ ਸੀ। ਇਸ ਲਈ ਇਸ ਨੇ ਆਪਣੇ ਇਸ ਦੁੱਖ ਦੀ ਘੜੀ ਵਿਚ ਗੁਰੂ ਜੀ ਦੇ ਦਰਸ਼ਨ ਕਰਨ ਦਾ ਮੌਕਾ ਹੱਥੋਂ ਨਾ ਜਾਣ ਦਿੱਤਾ। ਸਰੂਪ ਦਾਸ ਭੱਲਾ ਦੇ ਮਹਿਮਾ ਪ੍ਰਕਾਸ਼ ਅਨੁਸਾਰ ਗੁਰੂ ਹਰਿਰਾਇ ਜੀ ਨੇ ਔਰੰਗਜ਼ੇਬ ਦੀ ਫ਼ੌਜ ਨੂੰ ਲੇਟ ਕਰਨ ਲਈ ਆਪਣੀ ਫ਼ੌਜ ਪੱਤਣ 'ਤੇ ਲਗਾ ਦਿੱਤੀ, ਜੋ ਦਾਰਾ ਦਾ ਤੇਜ਼ੀ ਨਾਲ ਪਿੱਛਾ ਕਰ ਰਹੀ ਸੀ।

ਗੁਰੂ ਹਰਿਰਾਇ ਜੀ ਨੇ ਪੰਜਾਬ ਦੇ ਕੇਂਦਰੀ ਜ਼ਿਲ੍ਹਿਆਂ ਦੀ ਫੇਰੀ ਲਗਾਈ। ਜਿੱਥੇ ਇਨ੍ਹਾਂ ਦੇ ਪੂਰਬਲੇ ਗੁਰੂਆਂ ਦੁਆਰਾ ਪ੍ਰਚਾਰ ਕਰਨ 'ਤੇ ਸਿੱਖ ਧਰਮ ਪੱਕੇ ਪੈਰੀਂ ਹੋ ਗਿਆ ਸੀ। ਆਪ ਜੀ ਦੂਰ ਕਸ਼ਮੀਰ ਤੱਕ ਚੱਲੇ ਗਏ। 1660 ਦੀ ਵਿਸਾਖੀ ਇਨ੍ਹਾਂ ਹਕੀਕਤ ਰਾਇ ਸ਼ਹੀਦ ਦੇ ਦਾਦੇ ਨੰਦ ਲਾਲ ਪੁਰੀ ਦੇ ਘਰ ਸਿਆਲਕੋਟ ਮਨਾਈ। ਯਾਤਰਾ, ਕੁਝ ਸਿੱਖਾਂ ਜਿਵੇਂ ਇੱਕ ਲੁਬਾਣਾ ਵਪਾਰੀ ਮੱਖਣ ਸ਼ਾਹ ਅਤੇ ਆੜੂ ਰਾਮ ਦੇ ਸਾਥ ਵਿਚ ਜਾਰੀ ਰਹੀ। ਆੜੂ ਰਾਮ ਦਾ ਪੁੱਤਰ ਕ੍ਰਿਪਾ ਰਾਮ ਦੱਤ ਬਾਅਦ ਵਿਚ ਕਸ਼ਮੀਰੀ ਪੰਡਤਾਂ ਨੂੰ ਨਾਲ ਲੈ ਕੇ ਸ਼ਾਹੀ ਦਮਨ ਵਿਰੁੱਧ ਗੁਰੂ ਤੇਗ਼ ਬਹਾਦਰ ਜੀ ਕੋਲ ਆਇਆ ਸੀ। ਗੁਰੂ ਹਰਿਰਾਇ ਜੀ 19 ਮਈ 1660 ਨੂੰ ਮਾਰਤੰਡ ਹੋ ਕੇ ਸ੍ਰੀਨਗਰ ਪਹੁੰਚੇ ਅਤੇ ਮੋਟਾ ਟਾਂਡਾ ਵੀ ਗਏ। ਮੱਖਣ ਸ਼ਾਹ ਇਸੇ ਪਿੰਡ ਦਾ ਰਹਿਣ ਵਾਲਾ ਸੀ। ਵਾਪਸ ਆਉਂਦੇ ਹੋਏ ਆਪ ਅਖਨੂਰ ਅਤੇ ਜੰਮੂ ਠਹਿਰੇ। ਜੰਮੂ ਵਿਖੇ ਸਥਾਨਿਕ ਮਸੰਦ ਭਾਈ ਕਾਹਨਾ ਸੰਗਤ ਲੈ ਕੇ ਹਾਜ਼ਰ ਹੋਇਆ।

ਗੁਰੂ ਹਰਿਰਾਇ ਜੀ ਨਾਲ ਦਾਰਾ ਸ਼ੁਕੋਹ ਦੀ ਮਿਲਣੀ ਨੂੰ ਬਾਦਸ਼ਾਹ ਔਰੰਗਜ਼ੇਬ ਨੂੰ ਗ਼ਲਤ ਢੰਗ ਨਾਲ ਦੱਸਿਆ ਗਿਆ। ਕਾਫ਼ੀ ਮਸਾਲੇ ਲਗਾ ਕੇ ਕਹਾਣੀਆਂ ਉਸ ਤੱਕ ਪਹੁੰਚਾਈਆਂ ਗਈਆਂ। ਉਸਦੇ ਅਫ਼ਸਰਾਂ ਅਤੇ ਦਰਬਾਰੀਆਂ ਨੇ ਉਸ ਨੂੰ ਦੱਸਿਆ ਕਿ ਗੁਰੂ ਹਰਿਰਾਇ ਇੱਕ ਬਾਗ਼ੀ ਹੈ ਅਤੇ ਇਨ੍ਹਾਂ ਨੇ ਭਗੌੜੇ ਸ਼ਹਿਜ਼ਾਦੇ ਦਾਰਾ ਦੀ ਵੀ ਮਦਦ ਕੀਤੀ ਹੈ। ਇਸ ਤੋਂ ਇਲਾਵਾ ਉਨ੍ਹਾਂ ਨੇ ਦੱਸਿਆ ਕਿ (ਗੁਰੂ) ਗ੍ਰੰਥ ਸਾਹਿਬ ਵਿਚ ਇਸਲਾਮ ਵਿਰੁੱਧ ਬਾਣੀ ਲਿਖੀ ਹੋਈ ਹੈ। ਬਾਦਸ਼ਾਹ ਨੇ ਆਂਬੇਰ ਦੇ ਰਾਜਾ ਜੈ ਸਿੰਘ ਨੂੰ ਗੁਰੂ ਹਰਿਰਾਇ ਜੀ ਨੂੰ ਦਿੱਲੀ ਲਿਆਉਣ ਲਈ ਕਿਹਾ। ਰਾਜੇ ਦਾ ਦੂਤ ਹਰੀ ਚੰਦ 1661 ਨੂੰ ਵਿਸਾਖੀ ਵਾਲੇ ਦਿਨ ਕੀਰਤਪੁਰ ਪਹੁੰਚਿਆ ਅਤੇ ਉਸ ਨੇ ਸ਼ਾਹੀ ਸੰਮਨ ਦੇ ਦਿੱਤੇ। ਗੁਰੂ ਹਰਿਰਾਇ ਜੀ ਨੇ ਸੰਮਨ ਲੈ ਲਏ ਅਤੇ ਕਵੀ ਸੰਤੋਖ ਸਿੰਘ ਦੇ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਅਨੁਸਾਰ ਉਨ੍ਹਾਂ ਨੇ ਕਿਹਾ, "ਮੈਂ ਕਿਸੇ ਖਿੱਤੇ 'ਤੇ ਰਾਜ ਨਹੀਂ ਕਰਦਾ, ਨਾ ਹੀ ਬਾਦਸ਼ਾਹ ਦਾ ਕੋਈ ਟੈਕਸ ਮੇਰੇ ਵੱਲ ਬਣਦਾ ਹੈ ਅਤੇ ਨਾ ਹੀ ਮੈਂ ਉਸ ਤੋਂ ਕੁਝ ਲੈਣਾ ਹੈ। ਸਾਡੇ ਵਿਚ ਗੁਰੂ ਅਤੇ ਸਿੱਖ ਵਾਲਾ ਵੀ ਕੋਈ ਰਿਸ਼ਤਾ ਨਹੀਂ ਹੈ। ਫਿਰ ਇਸ ਮਿਲਣੀ ਦਾ ਕੀ ਲਾਭ ਹੋਵੇਗਾ"। ਇਸ ਲਈ ਗੁਰੂ ਜੀ ਨੇ ਆਪਣੀ ਥਾਂ 'ਤੇ ਆਪਣੇ ਵੱਡੇ ਲੜਕੇ ਰਾਮਰਾਇ ਨੂੰ ਭੇਜ ਦਿੱਤਾ ਅਤੇ ਇਸ ਦੀ ਮਦਦ ਲਈ ਦੀਵਾਨ ਦਰਗਾਹ ਮੱਲ ਨਾਲ ਭੇਜਿਆ। ਗੁਰੂ ਕੀਆਂ ਸਾਖੀਆਂ ਅਨੁਸਾਰ ਗੁਰੂ ਹਰਿਰਾਇ ਜੀ ਨੇ ਆਪਣੇ ਪੁੱਤਰ ਨੂੰ ਅਸ਼ੀਰਵਾਦ ਦਿੱਤਾ। ਜਦੋਂ ਉਹ ਗੱਡੀ ਵਿਚ ਬੈਠ ਗਿਆ, ਤਾਂ ਉਸ ਨੂੰ ਹੇਠ ਲਿਖੀ ਨਸੀਹਤ ਦਿੱਤੀ : "ਬਿਨਾਂ ਕਿਸੇ ਡਰ ਭੈ ਦੇ ਬਾਦਸ਼ਾਹ ਵੱਲੋਂ ਪੁੱਛੇ ਪ੍ਰਸ਼ਨਾਂ ਦਾ ਸਾਫ਼ ਅਤੇ ਸਪੱਸ਼ਟ ਉੱਤਰ ਦੇਣਾ। ਕਿਸੇ ਕਿਸਮ ਦੀ ਕੋਈ ਹਿਚਕਿਚਾਹਟ ਨਹੀਂ ਦਿਖਾਉਣੀ। ਰਸਤੇ ਵਿਚ ਜਿੱਥੇ ਵੀ ਰੁਕੋ ਗ੍ਰੰਥ ਦਾ ਮਨ ਲਾ ਕੇ ਪਾਠ ਕਰੋ। ਜਿੱਥੇ ਵੀ ਤੁਸੀਂ ਹੋਵੋਗੇ ਗੁਰੂ ਤੁਹਾਡੀ ਰੱਖਿਆ ਕਰੇਗਾ"। ਭਾਈ ਬਹਿਲੋ ਦੇ ਪਰਿਵਾਰ ਦੇ ਗੁਰਦਾਸ ਨੂੰ (ਗੁਰੂ) ਗ੍ਰੰਥ ਦੀ ਬੀੜ ਰਾਮਰਾਇ ਦੇ ਨਾਲ ਲੈ ਜਾਣ ਦਾ ਆਦੇਸ਼ ਦਿੱਤਾ। ਬਾਦਸ਼ਾਹ ਨੂੰ ਖੁਸ਼ ਕਰਨ ਲਈ ਰਾਮਰਾਇ ਨੇ ਜਾਣਬੁੱਝ ਕੇ (ਗੁਰੂ ਗ੍ਰੰਥ ਸਾਹਿਬ ਤੋਂ ਤੁਕਾਂ ਦਾ ਗਲਤ ਪਾਠ ਕੀਤਾ। ਇਨ੍ਹਾਂ ਨਾਲ ਗਏ ਹੋਏ ਸਿੱਖਾਂ ਨੇ ਇਹ ਗੱਲ ਸ੍ਰੀ ਗੁਰੂ ਹਰਿਰਾਇ ਜੀ ਨੂੰ ਆ ਕੇ ਦੱਸੀ, ਜਿਨ੍ਹਾਂ ਨੇ ਰਾਮਰਾਇ ਨੂੰ ਫਿਟਕਾਰ ਦਿੱਤਾ ਕਿਉਂਕਿ ਇਸ ਨੇ ਗੁਰੂ ਨਾਨਕ ਦੇਵ ਜੀ ਦੀ ਬਾਣੀ ਦਿੱਤੀ ਸੀ। ਗੁਰੂ ਵੱਲੋਂ ਰਾਮਰਾਇ ਨੂੰ ਮੱਥੇ ਨਾ ਲੱਗਣ ਦਾ ਹੁਕਮ ਦੇਣ ਕਰਕੇ ਇਹ ਦੇਹਰਾਦੂਨ ਚੱਲਾ ਗਿਆ। ਗੁਰੂ ਹਰਿਰਾਇ ਜੀ ਨੇ ਆਪਣੇ ਛੋਟੇ ਸਪੁੱਤਰ ਹਰਿਕ੍ਰਿਸ਼ਨ ਨੂੰ ਆਪਣਾ ਉੱਤਰਾਧਿਕਾਰੀ ਚੁਣ ਲਿਆ ਅਤੇ 6 ਅਕਤੂਬਰ 1661 ਨੂੰ ਕੀਤਰਪੁਰ ਵਿਖੇ ਜੋਤੀ-ਜੋਤਿ ਸਮਾਉਣ ਤੋਂ ਪਹਿਲਾਂ ਇਨ੍ਹਾਂ ਨੂੰ ਗੁਰਗੱਦੀ ਸੌਂਪ ਦਿੱਤੀ।

ਡਾ. ਸਤਿੰਦਰ ਪਾਲ ਸਿੰਘ
ਈ - 1716 , ਰਾਜਾਜੀਪੁਰਮ
ਲਖਨਊ - 226017
ਪੰਜਾਬ ਮੇਲUSA



# ਹੋਰਨਾਂ ਦੀ ਖ਼ੁਸ਼ੀ ਵਿਚ ਖ਼ੁਸ਼ ਹੋਣਾ ਸਿੱਖੀਏ



ਪ੍ਰਮਾਤਮਾ ਦਾ ਰਚਿਆ ਸੰਸਾਰ ਸੁੰਦਰ ਤੇ ਵਿਸਮਾਦਜਨਕ ਹੈ। ਇੱਕ ਇੱਕ ਰਚਨਾ ਮਨ ਮੋਹ ਲੈਣ ਵਾਲੀ ਹੈ। ਹਰ ਪਲ ਕਿੰਨੇ ਕੁ ਰੰਗ ਵਰਤ ਰਹੇ ਹੁੰਦੇ ਹਨ, ਇਸ ਦਾ ਕਿਆਸ ਵੀ ਲਗਾਉਣਾ ਸੰਭਵ ਨਹੀਂ ਹੈ। ਸ੍ਰਿਸ਼ਟੀ ਇੰਨੀ ਵਿਸ਼ਾਲ ਹੈ ਕਿ ਇੱਕ ਜਨਮ ਵਿਚ ਜਾਣੀ ਨਹੀਂ ਜਾ ਸਕਦੀ। ਮਨੁੱਖ ਜੋ ਕੁਝ ਆਪਣੇ ਆਲੇ-ਦੁਆਲੇ ਵੇਖਦਾ ਹੈ, ਜੋ ਪੜ੍ਹਦਾ-ਸੁਣਦਾ ਹੈ, ਉਸ ਤੋਂ ਹੀ ਸੰਸਾਰ ਬਾਰੇ ਸਮਝਦਾ ਹੈ। ਸੂਰਜ ਦਾ ਉਦੈ ਤੇ ਅਸਤ ਹੋਣਾ, ਚੰਦ੍ਰਮਾ ਦਾ ਚਾਨਣ ਤੇ ਤਾਰਿਆਂ ਦੀ ਬਾਰਾਤ, ਖਿੜੇ ਹੋਏ ਫੁੱਲਾਂ ਦਾ ਡੁੱਲ-ਡੁੱਲ ਪੈਂਦਾ ਰੂਪ ਤੇ ਚੁੰਮਣ ਲਈ ਬੇਕਰਾਰ ਸੁਗੰਧ, ਨਦੀਆਂ ਦੇ ਹਾਸੇ ਤੇ ਸਾਗਰਾਂ ਦੇ ਬੁਲੰਦ ਠਹਾਕੇ, ਪਹਾੜਾਂ ਦੇ ਮੌਨ ਸੰਗੀਤ, ਪਵਨ ਦੀਆਂ ਭੋਲੀਆਂ ਸ਼ਰਾਰਤਾਂ ਦੇ ਸਿਲਸਿਲੇ, ਵੰਨ-ਸੁਵੰਨੇ ਪੰਛੀਆਂ ਦੀਆਂ ਦਿਲਕਸ਼ ਉਡਾਰੀਆਂ ਆਦਿਕ ਕੌਤਕ ਨਿੱਤ ਵੇਖਿਆਂ ਵੀ ਰਜੇਵਾਂ ਨਹੀਂ ਹੁੰਦਾ ਕਿਉਂਕਿ ਸ੍ਰਿਸ਼ਟੀ ਦਾ ਅੰਦਾਜ਼ ਬਦਲਦਾ ਰਹਿੰਦਾ ਹੈ। ਹਰ ਰੋਜ਼ ਇੱਕ ਨਵਾਂ ਸੂਰਜ ਚੜ੍ਹਦਾ ਹੈ, ਨਵਾਂ ਚੰਦ੍ਰਮਾ ਜਨਮ ਲੈਂਦਾ ਹੈ, ਫੁੱਲਾਂ ਦਾ ਰੂਪ, ਨਦੀਆਂ ਦਾ ਅੰਦਾਜ਼, ਪਹਾੜਾਂ ਦਾ ਸੰਗੀਤ ਪਵਨ ਦਾ ਨਖ਼ਰਾ ਬਦਲ ਜਾਂਦਾ ਹੈ, ਪੰਛੀਆਂ ਦੀ ਨਵੀਂ ਜਮਾਤ ਆ ਪੁੱਜਦੀ ਹੈ। ਸਾਰਾ ਕੁਝ ਜੋ ਅੱਖਾਂ ਦੇ ਸਾਹਮਣੇ ਵਰਤ ਰਿਹਾ ਹੁੰਦਾ ਹੈ, ਮਨ ਨੂੰ ਰੋਜ਼ ਪ੍ਰਫੁੱਲਤਾ ਤੇ ਉਮੰਗ ਦੀਆਂ ਨਵੀਆਂ ਤਰੰਗਾਂ ਨਾਲ ਅਮੀਰ ਕਰਨ ਵਾਲਾ ਸਿੱਧ ਹੁੰਦਾ ਹੈ। ਸ੍ਰਿਸ਼ਟੀ ਦਾ ਸੁਹੱਪਣ ਮਨ ਨੂੰ ਪ੍ਰਸੰਨ ਕਰਦਾ ਹੈ। ਕਦੇ ਈਰਖਾ ਨਹੀਂ ਹੁੰਦੀ। ਸ੍ਰਿਸ਼ਟੀ ਪ੍ਰਮਾਤਮਾ ਦਾ ਕੌਤਕ ਹੈ। ਮਨ ਅੰਦਰ ਪ੍ਰਮਾਤਮਾ ਲਈ ਸ਼ੁਕਰਾਨੇ ਦਾ ਭਾਵ ਪੈਦਾ ਹੁੰਦਾ ਹੈ।

ਮਨੁੱਖੀ ਸਮਾਜ ਵੀ ਪ੍ਰਮਾਤਮਾ ਦੀ ਰਚੀ ਸ੍ਰਿਸ਼ਟੀ ਦਾ ਹੀ ਇੱਕ ਅੰਗ ਹੈ। ਪ੍ਰਮਾਤਮਾ ਨੇ ਵੱਖ-ਵੱਖ ਰੂਪ, ਰੰਗ ਦੇ ਮਨੁੱਖ ਰਚੇ ਹਨ ਤੇ ਹਰ ਮਨੁੱਖ ਨੂੰ ਆਪਣੀ ਸੁਗੰਧ, ਸੰਗੀਤ ਤੇ ਉਡਾਰੀ ਭਾਵ ਸਮਰੱਥਾ ਦਿੱਤੀ ਹੈ। ਪਰ ਜੋ ਮਨ ਸੂਰਜ, ਚੰਦਰਮਾ, ਤਾਰੇ, ਨਦੀਆਂ, ਪਹਾੜ, ਫੁੱਲ, ਪੰਛੀ ਵੇਖ ਕੇ ਖ਼ੁਸ਼ ਹੁੰਦਾ ਹੈ, ਉਹ ਕਿਸੇ ਹੋਰ ਮਨੁੱਖ ਦੀ ਸਾਲਾਹੀਅਤ ਤੇ ਪ੍ਰਾਪਤੀ ਵੇਖ ਕੇ ਪ੍ਰਸੰਨ ਨਹੀਂ ਹੁੰਦਾ, ਸਗੋਂ ਈਰਖਾ ਕਰਨ ਲੱਗਦਾ ਹੈ। ਮਨੁੱਖ ਦਾ ਇਹ ਵਿਵਹਾਰ ਕੁਦਰਤ ਦੇ ਅਸੂਲਾਂ ਦੇ ਵਿਰੁੱਧ ਹੁੰਦਾ ਹੈ। ਦੂਜੇ ਦੀ ਸਫਲਤਾ ਵਿਚ ਖੋਟ ਕੱਢਣਾ, ਨਿੰਦਾ, ਕੂੜ ਪ੍ਰਚਾਰ ਕਰਨਾ, ਅਹਿੱਤ ਕਰਨ ਦਾ ਜਤਨ ਕਰਨਾ ਆਮ ਹੁੰਦਾ ਜਾ ਰਿਹਾ ਹੈ। ਦਰਅਸਲ ਇਹ ਪ੍ਰਮਾਤਮਾ ਦੇ ਨਿਆਂ ਨੂੰ ਚੁਣੌਤੀ ਦੇਣਾ ਹੈ, ਪ੍ਰਮਾਤਮਾ ਦੀ ਵਿਵਸਥਾ ਤੋਂ ਧ੍ਰੋਹ ਹੈ। ਦਾਤਾਂ ਦੇਣ ਵਾਲਾ ਪ੍ਰਮਾਤਮਾ ਹੈ। ਉਹ ਸੰਸਾਰ ਵਿਚ ਇੱਕੋ ਇੱਕ ਦਾਤਾ ਹੈ। ਸੰਪੂਰਨ ਸ੍ਰਿਸ਼ਟੀ ਦਾ ਕਣ-ਕਣ, ਪਲ-ਪਲ ਉਸ ਦੇ ਹੁਕਮ ਵਿਚ ਬੰਨ੍ਹਿਆ ਹੋਇਆ ਹੈ। ਉਹ ਕਿਸੇ ਨੂੰ ਵਡਿਆਈਆਂ ਦੇ ਰਿਹਾ ਹੈ, ਕਿਸੇ ਨੂੰ ਦੁੱਖ, ਸੋਗ, ਮੁਸ਼ਕਿਲਾਂ ਦੇ ਰਿਹਾ ਹੈ। ਕਿਸੇ ਕੋਲੋਂ ਰਾਜ ਕਰਾ ਰਿਹਾ ਹੈ, ਕਿਸੇ ਕੋਲੋਂ ਭੀਖ ਮੰਗਵਾ ਰਿਹਾ ਹੈ। ਪ੍ਰਮਾਤਮਾ ਦਾ ਨਿਆਂ ਪ੍ਰਮਾਤਮਾ ਹੀ ਜਾਣਦਾ ਕਿਉਂਕਿ ਉਸ ਕੋਲ ਮਨੁੱਖ ਦੇ ਜਨਮਾਂ-ਜਨਮਾਂ ਦਾ ਲੇਖਾ ਹੈ। ਉਹ ਪੂਰਨ ਦ੍ਰਿਸ਼ਟੀ ਦਾ ਸੁਆਮੀ ਤੇ ਅੰਤਰਜਾਮੀ ਹੈ। ਜਦਕਿ ਮਨੁੱਖ ਦੀ ਦ੍ਰਿਸ਼ਟੀ ਅਤਿ ਸੀਮਤ ਤੇ ਨਿੱਜੀ ਸੁਆਰਥਾਂ ਕਾਰਣ ਤੰਗ ਹੋ ਗਈ ਸੋਚ ਹੈ। ਇਸ ਕਾਰਣ ਹੋਰਨਾਂ ਦੇ ਸੁੱਖ, ਸਫਲਤਾਵਾਂ ਮਨ ਅੰਦਰ ਈਰਖਾ ਦੇ ਭਾਂਬੜ ਬਾਲਨ ਦਾ ਕਾਰਣ ਬਣ ਜਾਂਦੀਆਂ ਹਨ। ਈਰਖਾ ਮਨੁੱਖ ਦੇ ਆਚਾਰ ਨੂੰ ਕਰੂਪ ਕਰਦੀ ਹੈ, ਮਨ ਸੰਤਾਪ ਨਾਲ ਭਰਦੀ ਹੈ। ਮਨੁੱਖ ਦਾ ਜੋ ਸਮਾਂ ਆਪਣੇ ਹਿੱਤ ਲਈ ਲੱਗਣਾ ਸੀ, ਪ੍ਰਮਾਤਮਾ ਦੀ ਵਿਵਸਥਾ ਤੋਂ ਧ੍ਰੋਹ ਦਾ ਪਾਪ ਖੱਟਣ ਦੇ ਨਾਲ ਹੀ ਹੋਰਨਾਂ ਦੀ ਨਿੰਦਿਆਂ ਕਰਦਿਆਂ ਵਿਅਰਥ ਚਲਾ ਜਾਂਦਾ ਹੈ।

ਪ੍ਰਮਾਤਮਾ ਦੇ ਨਿਯਮ ਤੇ ਫੈਸਲੇ ਸਦਾ ਅਟਲ ਹੁੰਦੇ ਹਨ। ਉਸ ਨੇ ਕਿਸੇ ਨੂੰ ਵਡਿਆਈ ਬਖਸ਼ੀ ਹੈ, ਇਹ ਨਿਰੋਲ ਉਸ ਦਾ ਫੈਸਲਾ ਹੈ। ਮਨੁੱਖ ਦੀ ਈਰਖਾ, ਨਿੰਦਾ ਨਾ ਤਾਂ ਉਸ ਫੈਸਲੇ ਨੂੰ ਬਦਲ ਸਕਦੀ ਹੈ, ਨਾ ਹੀ ਘੱਟ ਕਰ ਸਕਦੀ ਹੈ। ਇਸ ਦ੍ਰਿਸ਼ਟੀ ਨਾਲ ਵੇਖਿਆ ਜਾਵੇ, ਤਾਂ ਮਨੁੱਖ ਕੋਲ ਕੋਈ ਨੈਤਿਕ, ਸਮਾਜਿਕ ਹੱਕ ਵੀ ਨਹੀਂ ਹੈ ਕਿ ਪ੍ਰਮਾਤਮਾ ਦੇ ਕਿਸੇ ਫੈਸਲੇ ਦੀ ਸਮੀਖਿਆ ਵੀ ਕਰ ਸਕੇ। ਪ੍ਰਮਾਤਮਾ ਨੇ ਮਨੁੱਖ ਨੂੰ ਜੋ ਕੁਝ ਵੀ ਦਿੱਤਾ, ਉਸੇ ਭਾਂਡੇ ਦੇ ਮੁਤਾਬਕ ਹੀ ਦਿੱਤਾ ਹੈ, ਤਾਂ ਜੋ ਉਸ ਦੀਆਂ ਦਾਤਾਂ ਦੀ ਸਮਾਈ ਹੋ ਸਕੇ।

ਮਨੁੱਖ ਦੂਜਿਆਂ ਕੋਲੋਂ ਈਰਖਾ ਇਸ ਕਾਰਣ ਵੀ ਕਰਦਾ ਹੈ ਕਿਉਂਕਿ ਉਹ ਆਪਣੇ ਆਪ ਨੂੰ ਉਸ ਦਾਤ ਦਾ ਹੱਕਦਾਰ ਮੰਨਦਾ ਹੈ, ਜੋ ਕਿਸੇ ਹੋਰ ਨੂੰ ਪ੍ਰਾਪਤ ਹੋਈ ਹੈ ਤੇ ਉਹ ਵਾਂਝਾ ਰਹਿ ਗਿਆ ਹੈ। ਮਨ ਵਿਚ ਜਦੋਂ ਵੀ ਕਿਸੇ ਪ੍ਰਤੀ ਈਰਖਾ ਦਾ ਭਾਵ ਪੈਦਾ ਹੋਣ ਲੱਗੇ, ਤਾਂ ਇਹ ਵਿਸ਼ਵਾਸ ਮਨ ਵਿਚ ਦ੍ਰਿੜ੍ਹ ਕਰਨਾ ਚਾਹੀਦੇ ਕਿ ਹਰ ਮਨੁੱਖ ਪ੍ਰਮਾਤਮਾ ਦੀ ਨਿਆਂ ਵਿਵਸਥਾ ਵਿਚ ਪੂਰੀ ਤਰ੍ਹਾਂ ਬੰਨ੍ਹਿਆਂ ਹੋਇਆ ਹੈ। ਇਸ ਤੋਂ ਬਾਹਰ ਜਾਣਾ ਪ੍ਰਮਾਤਮਾ ਤੋਂ ਆਕੀ ਹੋ ਜਾਣਾ ਹੈ। ਕਿਸੇ ਦੀ ਕੋਈ ਵੀ ਪ੍ਰਾਪਤੀ ਪ੍ਰਮਾਤਮਾ ਦੀ ਵਿਵਸਥਾ ਦਾ ਅੰਗ ਹੈ। ਕਿਸੇ ਦੀ ਸਫਲਤਾ 'ਤੇ ਈਰਖਾ ਕਰਨ ਦੀ ਥਾਂ ਆਪਣੇ ਭਾਂਡੇ ਦੀ ਸਮਾਈ ਬਾਰੇ ਪੜਚੋਲ ਕਰਨੀ ਚਾਹੀਦੀ ਹੈ। ਜੋ ਮਨੁੱਖ ਚਾਹੁੰਦਾ ਹੈ, ਉਸ ਨੂੰ ਕਿਉਂ ਨਹੀਂ ਪ੍ਰਾਪਤ ਹੋਇਆ ਅਤੇ ਕਿਸੇ ਹੋਰ ਨੂੰ ਕਿਉਂ ਪ੍ਰਾਪਤ ਹੋ ਗਿਆ, ਇਸ ਦਾ ਜਵਾਬ ਆਪਣੇ ਮਨ ਤੋਂ ਮੰਗਣਾ ਚਾਹੀਦੇ। ਆਤਮ ਪੜਚੋਲ ਸਭ ਤੋਂ ਸ੍ਰੇਸ਼ਟ ਢੰਗ ਹੈ ਈਰਖਾ, ਨਿੰਦਾ, ਵਿਗਾੜ ਤੋਂ ਬੱਚਣ ਦਾ। ਹੋਰਨਾਂ ਦੀ ਸਫਲਤਾ, ਪ੍ਰਾਪਤੀ ਨੂੰ ਈਰਖਾ ਦੀ ਥਾਂ ਆਪਣੀ ਪ੍ਰੇਰਣਾ ਦਾ ਸ੍ਰੋਤ ਬਣਾਉਣਾ ਮਨੁੱਖ ਲਈ ਸਦਾ ਹੀ ਹਿੱਤਕਾਰੀ ਹੁੰਦਾ ਹੈ। ਸੰਸਾਰ ਦੀ ਹਰ ਸਫਲਤਾ ਸਿਖਿਆਦਾਇਕ ਹੁੰਦੀ ਹੈ। ਮਨੁੱਖ ਮਹਾਪੁਰਖਾਂ, ਸਫਲ ਹਸਤੀਆਂ ਦੀਆਂ ਜੀਵਨੀਆਂ ਪ੍ਰੇਰਣਾ ਲਈ ਪੜ੍ਹਦਾ ਹੈ। ਆਪਣੇ ਆਲੇ-ਦੁਆਲੇ ਦੇ ਮਨੁੱਖਾਂ ਦੀਆਂ ਪ੍ਰਾਪਤੀਆਂ ਤੋਂ ਵੀ ਪ੍ਰੇਰਣਾ ਲਈ ਜਾਣੀ ਚਾਹੀਦੀ ਹੈ ਕਿਉਂਕਿ ਇਨ੍ਹਾਂ ਬਾਰੇ ਜ਼ਿਆਦਾ ਨੇੜਤਾ ਨਾਲ ਜਾਣਿਆ ਜਾ ਸਕਦਾ ਹੈ। ਪ੍ਰੇਰਣਾ ਮਨੁੱਖ ਦੇ ਆਪਣੇ ਅੰਦਰ ਬਦਲਾਵ ਦੀ ਹੋਵੇ। ਆਪਣਾ ਭਾਂਡਾ ਵੱਡਾ ਕਰਨ ਭਾਵ ਯੋਗਤਾ ਵਧਾਉਣ ਬਾਰੇ ਮਨੁੱਖ ਜਤਨ ਕਰੇ। ਆਪਣਾ ਭਾਂਡਾ ਸਾਫ ਕਰੇ, ਭਾਵ ਗੁਣ ਵਧਾਏ ਤੇ ਦ੍ਰਿੜ੍ਹ ਕਰੇ। ਭਾਂਡੇ ਦਾ ਮੂੰਹ ਸਿੱਧਾ ਕਰੇ, ਭਾਵ ਵਿਚਾਰ ਉੱਚ ਤੇ ਸੱਚੇ-ਸੁੱਚੇ ਹੋਣ। ਇਹ ਸੰਭਵ ਹੈ। ਜੇ ਪੰਛੀ ਵੇਖ ਕੇ ਮਨੁੱਖ ਉਨ੍ਹਾਂ ਵਾਂਗੂੰ ਉੱਡਣ ਵਿਚ ਕਾਮਯਾਬ ਹੋ ਸਕਦਾ ਹੈ, ਫੁੱਲਾਂ ਵਰਗੀ ਦਿਲਕਸ਼ ਸੁਗੰਧ ਬਣਾ ਸਕਦਾ ਹੈ, ਚੰਨ, ਸੂਰਜ ਜਿਹੀ ਰੋਸ਼ਨੀ ਤਿਆਰ ਕਰ ਸਕਦਾ ਹੈ, ਤਾਂ ਹੋਰਨਾਂ ਤੋਂ ਈਰਖਾ ਦੀ ਥਾਂ ਪ੍ਰੇਰਣਾ ਲੈ ਕੇ ਆਪਾ ਕਿਉਂ ਨਹੀਂ ਸੁਆਰ ਸਕਦਾ।

ਮਨੁੱਖ ਨੂੰ ਜੋ ਵੀ ਪ੍ਰਾਪਤ ਹੋਇਆ ਹੈ, ਉਹੀ ਉਸ ਦੇ ਹਿੱਸੇ ਆਉਣਾ ਸੀ। ਜੋ ਬੀਜਿਆ ਹੈ, ਉਹੀ ਵੱਢਣਾ ਹੈ। ਮਨੁੱਖੀ ਦ੍ਰਿਸ਼ਟੀ ਤਾਂ ਇਸ ਜਨਮ ਨੂੰ ਹੀ ਵੇਖ ਰਹੀ ਹੈ। ਪਤਾ ਨਹੀਂ ਕਿਸ ਜਨਮ ਵਿਚ ਕੀ ਬੀਜਿਆ ਸੀ, ਜੋ ਅੱਜ ਵੱਢਣਾ ਪੈ ਰਿਹਾ ਹੈ। ਜੇ ਮਨੁੱਖ ਇਸ ਜਨਮ ਵਿਚ ਦਾਖ, ਅੰਗੂਰ ਦੀ ਫਸਲ ਚਾਹੁੰਦਾ ਹੈ, ਤਾਂ ਮੁਸ਼ੱਕਤ ਵੀ ਉਸ ਹਿਸਾਬ ਦੀ ਹੀ ਕਰਨੀ ਪਵੇਗੀ। ਮਨੁੱਖ ਨਾ ਤਾਂ ਈਰਖਾ ਕਰੇ, ਨਾ ਹੀ ਨਿਰਾਸ਼ ਉਦਾਸ ਹੋਵੇ। ਮਨ ਨੂੰ ਸਦਾ ਆਸਵੰਤ ਤੇ ਊਰਜਾਵਾਨ ਰੱਖੇ। ਇਸ ਲਈ ਸੰਸਾਰ ਅੰਦਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸ਼ਰਣ ਤੋਂ ਸ੍ਰੇਸ਼ਟ ਕੋਈ ਆਸਰਾ ਨਹੀਂ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਆਸ ਬੰਨ੍ਹਦੀ ਹੈ ਕਿ ਜਨਮਾਂ-ਜਨਮਾਂ ਦੇ ਪਾਪ ਮਿਟ ਸਕਦੇ ਹਨ। ਕੁੱਲਾਂ ਦਾ ਉਧਾਰ ਹੋ ਸਕਦਾ ਹੈ। ਉਹ ਵਡਿਆਈ ਪ੍ਰਾਪਤ ਹੋ ਸਕਦੀ ਹੈ, ਜਿਸ ਨੂੰ ਲੋਚਦੇ ਵੱਡੇ-ਵੱਡੇ ਤਪੀ, ਗਿਆਨੀ ਧਿਆਨੀ ਸੰਸਾਰ ਤੋਂ ਵਿਦਾ ਹੋ ਗਏ। ਗੁਰਬਾਣੀ ਦੀ ਸੇਧ ਪ੍ਰਮਾਤਮਾ ਅੱਗੇ ਪੂਰਨ ਸਮਰਪਣ ਤੇ ਅਟਲ ਭਰੋਸੇ ਦੀ ਹੈ। ਪ੍ਰਮਾਤਮਾ ਅੱਗੇ ਸਮਰਪਣ ਦਾ ਅਰਥ ਆਪਣੀ ਮਤਿ ਈਰਖਾ, ਨਿੰਦਾ, ਸਿਆਣਪ, ਤਿਆਗ ਕੇ ਪ੍ਰਮਾਤਮਾ ਦੇ ਹੁਕਮ ਦਾ ਦਾਸ ਬਣ ਜਾਣਾ। ਪ੍ਰਮਾਤਮਾ 'ਤੇ ਭਰੋਸਾ ਹੈ, ਉਸ ਦੇ ਨਿਆਂ ਅੰਦਰ ਪ੍ਰਸੰਨ ਰਹਿਣਾ ਤੇ ਮਨ, ਜੀਵਨ ਉਸ ਦੀ ਦ੍ਰਿਸ਼ਟੀ ਵਿਚ ਸਵੀਕਾਰ ਜੋਗ ਬਣਾਉਣਾ।

ਪ੍ਰਮਾਤਮਾ ਜੋਗ ਬਣਨ ਲਈ ਪ੍ਰਮਾਤਮਾ ਦੀ ਉਸਤਤ ਕਰਨਾ ਵੀ ਇੱਕ ਸ੍ਰੇਸ਼ਟ ਉੱਦਮ ਹੈ। ਮਨੁੱਖ ਪ੍ਰਮਾਤਮਾ ਦੀ ਮਹਿਮਾ ਸ੍ਰਿਸ਼ਟੀ ਦੀ ਸੁੰਦਰਤਾ ਵਿਚ ਵੇਖਦਾ ਹੈ, ਉਸ ਦੀਆਂ ਦਾਤਾਂ ਵਿਚ ਵੇਖਦਾ ਹੈ, ਤਾਂ ਪ੍ਰਮਾਤਮਾ ਲਈ ਸ਼ਰਧਾ ਬਣਦੀ ਹੈ। ਆਪਣੀਆਂ ਪ੍ਰਾਪਤੀਆਂ ਲਈ ਵੀ ਮਨੁੱਖ ਪ੍ਰਮਾਤਮਾ ਦਾ ਸ਼ੁਕਰ ਕਰਦਾ ਹੈ, ਉਸ ਦੀ ਕੀਰਤ ਦੇ ਸੋਹਿਲੇ ਗਾਉਂਦਾ ਹੈ। ਇਹੋ ਭਾਵਨਾ ਹੋਰਨਾਂ ਦੀਆਂ ਪ੍ਰਾਪਤੀਆਂ ਵੇਖ ਕੇ ਵੀ ਪੈਦਾ ਹੋਵੇ। ਸੰਸਾਰ ਅੰਦਰ ਕੁਝ ਵੀ ਭਲਾ ਹੋ ਰਿਹਾ ਹੈ, ਉਸ ਦਾ ਅਸਰ ਸਿੱਧੇ ਜਾਂ ਅਸਿੱਧੇ ਤੌਰ 'ਤੇ ਪੂਰੇ ਮਨੁੱਖੀ ਸਮਾਜ 'ਤੇ ਪੈਂਦਾ ਹੈ। ਪ੍ਰਮਾਤਮਾ ਸੰਸਾਰ ਨੂੰ ਜੋ ਦੇਣਾ ਚਾਹੁੰਦਾ ਹੈ, ਉਸ ਲਈ ਕਿਸੇ ਨਾ ਕਿਸੇ ਨੂੰ ਮਾਧਿਅਮ ਬਣਾਉਂਦਾ ਹੈ।

ਆਪ ਤਾਂ ਉਹ ਅੱਜ ਤੱਕ ਕਦੇ, ਕਿਧਰੇ ਪ੍ਰਗਟ ਨਹੀਂ ਹੋਇਆ। ਕਿਸੇ ਦੀ ਨਿੱਕੀ ਤੋਂ ਨਿੱਕੀ ਪ੍ਰਾਪਤੀ ਵੀ ਸਮਾਜ ਦੇ ਵਿਕਾਸ ਨੂੰ ਪ੍ਰਭਾਵਿਤ ਕਰਨ ਵਾਲੀ ਹੁੰਦੀ ਹੈ ਤੇ ਕਿਸੇ ਨਾ ਕਿਸੇ ਰੂਪ ਵਿਚ ਸਾਡੇ ਤੱਕ ਪੁੱਜਦੀ ਹੀ ਹੈ। ਕਿਸੇ ਦੀ ਪ੍ਰਾਪਤੀ ਤੇ ਈਰਖਾ ਆਪਣੇ ਆਪ ਨੂੰ ਉਸ ਲਾਭ ਤੋਂ ਵਾਂਝਿਆਂ ਕਰ ਲੈਣਾ ਤੇ ਖ਼ੁਸ਼ ਹੋਣਾ ਉਸ ਵਿਆਪਕ ਸਮਾਜਕ ਹਿੱਤ ਦਾ ਭਾਗੀਦਾਰ ਬਣਨਾ ਹੈ। ਮਨੁੱਖੀ ਜੀਵਨ ਪ੍ਰਮਾਤਮਾ ਦੀ ਰਜ਼ਾ ਅੰਦਰ ਰਹਿੰਦੀਆਂ ਬੇਅੰਤ ਦਾਤਾਂ ਦਾ ਆਨੰਦ ਮਾਨਣ ਲਈ ਪ੍ਰਾਪਤ ਹੋਇਆ ਹੈ। ਇਹ ਜੀਵਨ ਦੀ ਨਿਰਮਲ ਅਵਸਥਾ ਹੈ, ਜੋ ਅਚਿੰਤ ਤੇ ਸਹਿਜ ਬਣਾਉਂਦੀ ਹੈ।

ਪ੍ਰਮਾਤਮਾ ਦਾ ਬਖਸ਼ਿਆ ਮਨੁੱਖੀ ਜੀਵਨ ਇੱਕ ਦੁਰਲੱਭ ਅਵਸਰ ਹੈ, ਜੋ ਆਤਮਿਕ ਵਿਕਾਸ ਤੇ ਵਿਗਾਸ ਲਈ ਪ੍ਰਾਪਤ ਹੋਇਆ ਹੈ। ਈਰਖਾ, ਨਿੰਦਾ, ਸੰਤਾਪ, ਵਿਕਾਰਾਂ ਦੇ ਬਿਖ ਤੋਂ ਜੀਵਨ ਨੂੰ ਦੂਰ ਰੱਖ ਕੇ ਹੀ ਇਸ ਅਵਸਰ ਨੂੰ ਸੁਫਲ ਵਿਚ ਬਦਲਿਆ ਜਾ ਸਕਦਾ ਹੈ।



# ਪੂਰਾ ਬਜਟ 1 ਫਰਵਰੀ 2025 : ਮੱਧ ਵਰਗ, ਕਿਸਾਨ, ਔਰਤਾਂ, ਬਜ਼ੁਰਗ, ਨੌਜਵਾਨ।

## ■ ਨਵਾਂ ਇਨਕਮ ਟੈਕਸ ਕਾਨੂੰਨ (ਟੈਕਸ ਕੋਡ ਬਿੱਲ 2025) ਲਿਆਉਣ ਦਾ ਐਲਾਨ, ਪੁਰਾਣੀ ਟੈਕਸ ਵਿਵਸਥਾ ਖਤਮ ਹੋਣ ਜਾ ਰਹੀ ਹੈ।

### ਪੂਰੇ ਬਜਟ 2025 ਵਿਚ ਮੱਧ ਵਰਗ, ਔਰਤਾਂ, ਕਿਸਾਨ, ਨੌਜਵਾਨ ਅਤੇ ਬੁੱਢੇ ਸਭ ਨੂੰ ਉਮੀਦ ਤੋਂ ਵੱਧ ਮਿਲਿਆ : ਐਡਵੋਕੇਟ ਕਿਸ਼ਨ ਸਨਮੁਖਦਾਸ ਭਵਨਾਨੀ ਗੋਂਦੀਆ

ਐਡਵੋਕੇਟ ਕਿਸ਼ਨ ਸਨਮੁਖਦਾਸ ਭਵਨਾਨੀ
ਗੋਂਡੀਆ, ਮਹਾਰਾਸ਼ਟਰ
92841-41425



ਪੰਜਾਬ ਮੇਲ USA

ਵਿਸ਼ਵ ਪੱਧਰ 'ਤੇ ਪੂਰੀ ਦੁਨੀਆਂ ਦੀਆਂ ਨਜ਼ਰਾਂ ਭਾਰਤ ਵੱਲੋਂ 1 ਫਰਵਰੀ 2025 ਨੂੰ 1 ਘੰਟਾ 17 ਮਿੰਟ ਲਈ ਪੇਸ਼ ਕੀਤੇ ਗਏ ਪੂਰੇ ਬਜਟ 'ਤੇ ਟਿਕੀਆਂ ਹੋਈਆਂ ਸਨ, ਕਿਉਂਕਿ ਭਾਰਤ ਪੂਰੀ ਦੁਨੀਆਂ 'ਚ ਵਧਦੀ ਅਰਥਵਿਵਸਥਾ ਦੇ ਰੂਪ 'ਚ ਪਛਾਣਿਆ ਗਿਆ ਹੈ ਅਤੇ ਹਾਸਲ ਕਰ ਰਿਹਾ ਹੈ। ਇਸ ਦਾ ਵਿਜ਼ਨ 2047। ਜਿਵੇਂ ਕਿ ਭਾਰਤ ਰਣਨੀਤਿਕ ਰੋਡਮੈਪ ਦੇ ਅਨੁਸਾਰ ਸਹੀ ਕਦਮ ਚੁੱਕ ਰਿਹਾ ਹੈ, ਹੁਣ ਇਹ ਜ਼ਰੂਰੀ ਹੈ ਕਿ ਅਸੀਂ ਘੱਟੋ-ਘੱਟ ਇੱਕ ਦਹਾਕੇ ਤੱਕ ਆਰਥਿਕ ਵਿਕਾਸ ਦਰ ਨੂੰ 8% 'ਤੇ ਬਣਾਈ ਰੱਖੀਏ। ਇਸ ਲਈ ਹਰ ਸਾਲ ਬਜਟ ਵੱਲ ਧਿਆਨ ਦੇਣਾ ਜ਼ਰੂਰੀ ਹੋ ਗਿਆ ਹੈ ਕਿਉਂਕਿ ਕੇਂਦਰੀ ਬਜਟ ਜਾਂ ਆਮ ਬਜਟ ਸਰਕਾਰ ਦੇ ਖਰਚੇ ਅਤੇ ਕਮਾਈ ਦਾ ਪੂਰਾ ਲੇਖਾ-ਜੋਖਾ ਹੁੰਦਾ ਹੈ ਕਿ ਅਸੀਂ ਆਪਣੇ ਘਰ ਦਾ ਬਜਟ ਕਿਵੇਂ ਬਣਾਉਂਦੇ ਹਾਂ, ਕਿੰਨੀ ਆਮਦਨ ਹੋਵੇਗੀ ਅਤੇ ਇਸਦੀ ਕੀਮਤ ਕਿੰਨੀ ਹੋਵੇਗੀ ਅਤੇ ਅੰਤ ਵਿਚ ਕਿੰਨੀ ਬਚਤ ਹੋਵੇਗੀ। ਸਰਲ ਭਾਸ਼ਾ ਵਿਚ ਕਿਹਾ ਜਾ ਸਕਦਾ ਹੈ ਕਿ ਬਜਟ ਆਮਦਨ ਅਤੇ ਖਰਚ ਦਾ ਲੇਖਾ ਹੁੰਦਾ ਹੈ। ਸਰਕਾਰ ਦੇ ਬਜਟ ਅਤੇ ਆਮ ਆਦਮੀ ਦੇ ਬਜਟ ਵਿਚ ਬਹੁਤ ਮਾਮੂਲੀ ਫਰਕ ਹੈ। ਆਮ ਆਦਮੀ ਸਿਰਫ ਆਪਣੇ ਘਰ ਦਾ ਬਜਟ ਬਣਾਉਂਦਾ ਹੈ, ਜਦੋਂ ਕਿ ਸਰਕਾਰ ਨੇ ਪੂਰੇ ਦੇਸ਼ ਦਾ ਬਜਟ 11.01 ਮਿੰਟ 'ਤੇ ਸ਼ੁਰੂ ਕਰਨਾ ਹੁੰਦਾ ਹੈ। 1 ਫਰਵਰੀ 2024 ਨੂੰ ਸਵੇਰੇ 11 ਵਜੇ 1 ਘੰਟਾ 17 ਮਿੰਟ ਦੇ ਬਜਟ ਭਾਸ਼ਣ ਦੌਰਾਨ ਉਨ੍ਹਾਂ ਨੇ 11.24 ਵਜੇ, 11.27 ਵਜੇ, 11.44 ਵਜੇ, 11.56 ਵਜੇ ਅਤੇ 12.16 ਵਜੇ 5 ਵਾਰ ਪਾਣੀ ਪੀਤਾ, ਬਜਟ 2025 ਵਿਚ ਔਰਤਾਂ ਨੂੰ ਤੋਹਫੇ ਦਿੱਤੇ ਗਏ, ਕਿਸਾਨਾਂ, ਨੌਜਵਾਨਾਂ ਅਤੇ ਬਜ਼ੁਰਗਾਂ ਨੂੰ ਨਿਰਮਲਾ ਸੀਤਾਰਮਨ ਦੇ ਬਜਟ ਵਿਚ ਵੱਡੀ ਰਾਹਤ ਮਿਲੀ ਹੈ। ਨਵੀਂ ਟੈਕਸ ਵਿਵਸਥਾ ਦੇ ਤਹਿਤ ਹੁਣ ਨੌਕਰੀ ਕਰਨ ਵਾਲੇ ਲੋਕਾਂ ਨੂੰ 12 ਲੱਖ ਰੁਪਏ ਤੱਕ ਦੀ ਸਾਲਾਨਾ ਆਮਦਨ 'ਤੇ ਕੋਈ ਟੈਕਸ ਨਹੀਂ ਦੇਣਾ ਪਵੇਗਾ। ਹੁਣ ਤੁਸੀਂ ਪਿਛਲੇ 4 ਸਾਲਾਂ ਦੀ ਆਈ.ਟੀ. ਰਿਟਰਨ ਇਕੱਠੇ ਫਾਈਲ ਕਰ ਸਕੋਗੇ। ਸੀਨੀਅਰ ਨਾਗਰਿਕਾਂ ਲਈ ਟੀ.ਡੀ.ਐੱਸ. ਦੀ ਸੀਮਾ 50 ਹਜ਼ਾਰ ਰੁਪਏ ਹੈ, ਇਸ ਨੂੰ ਵਧਾ ਕੇ 1 ਲੱਖ ਰੁਪਏ ਕਰ ਦਿੱਤਾ ਗਿਆ ਹੈ। ਅਸੀਂ ਇਸ ਸਦੀ ਦੇ 25 ਸਾਲ ਪੂਰੇ ਕਰਨ ਜਾ ਰਹੇ ਹਾਂ। ਇੱਕ ਵਿਕਸਿਤ ਭਾਰਤ ਦੀ ਸਾਡੀਆਂ ਉਮੀਦਾਂ ਨੇ ਸਾਨੂੰ ਪ੍ਰੇਰਿਤ ਕੀਤਾ ਹੈ। ਲੋਕ ਸਭਾ ਦੀ ਕਾਰਵਾਈ ਸ਼ੁਰੂ ਹੁੰਦੇ ਹੀ ਬਹੁਤ ਸਾਰੇ ਸੰਸਦ ਮੈਂਬਰਾਂ ਨੇ ਕਿਹਾ, ਟੈਕਸ ਅੱਤਵਾਦ ਖਤਮ ਹੋਣਾ ਚਾਹੀਦਾ ਹੈ ਕਿਉਂਕਿ ਪੂਰੇ ਬਜਟ 2025 ਵਿਚ, ਮੱਧ ਵਰਗ, ਔਰਤਾਂ, ਕਿਸਾਨਾਂ, ਨੌਜਵਾਨਾਂ ਅਤੇ ਬਜ਼ੁਰਗਾਂ ਨੂੰ ਇੱਕ ਨਵਾਂ ਇਨਕਮ ਟੈਕਸ ਕਾਨੂੰਨ (ਟੈਕਸ ਕੋਡ ਬਿੱਲ 2025) ਲਿਆਉਣ ਦੀ ਲੋੜ ਹੈ। ਪੁਰਾਣੀ ਟੈਕਸ ਪ੍ਰਣਾਲੀ ਦਾ ਅੰਤ ਹੋਣ ਜਾ ਰਿਹਾ ਹੈ, ਇਸ ਲਈ ਅਸੀਂ ਮੀਡੀਆ ਵਿਚ ਉਪਲਬਧ ਜਾਣਕਾਰੀ ਦੀ ਮਦਦ ਨਾਲ ਇਸ ਲੇਖ ਰਾਹੀਂ ਚਰਚਾ ਕਰਾਂਗੇ, ਪੂਰਾ ਬਜਟ 1 ਫਰਵਰੀ 2025 : ਮੱਧ ਵਰਗ, ਕਿਸਾਨ, ਔਰਤਾਂ, ਬਜ਼ੁਰਗ, ਨੌਜਵਾਨ।

ਦੋਸਤੋ, ਜੇਕਰ ਅਸੀਂ ਕੇਂਦਰੀ ਵਿੱਤ ਮੰਤਰੀ ਵੱਲੋਂ 1 ਫਰਵਰੀ 2025 ਨੂੰ ਐਲਾਨੇ ਗਏ ਬਜਟ ਵਿਚ ਵੱਡੇ ਐਲਾਨਾਂ ਦੀ ਗੱਲ ਕਰੀਏ, ਤਾਂ ਅਗਲੇ ਹਫ਼ਤੇ ਬਜਟ ਵਿਚ ਵੱਡੇ ਐਲਾਨ (1) ਨਵੇਂ ਇਨਕਮ ਟੈਕਸ ਬਿੱਲ ਦੀ ਚਰਚਾ ਬਾਅਦ ਵਿਚ ਕੀਤੀ ਜਾਵੇਗੀ। (2) ਛੋਟ ਪਾੜਨ ਦਾ ਲਾਭ ਮੱਧ ਵਰਗ ਨੂੰ ਮਿਲੇਗਾ, 12 ਲੱਖ ਰੁਪਏ ਤੱਕ ਦਾ ਕੋਈ ਟੈਕਸ ਨਹੀਂ ਹੋਵੇਗਾ, (3) ਕੈਂਸਰ ਦੀਆਂ ਦਵਾਈਆਂ ਸਸਤੀਆਂ ਹੋਣਗੀਆਂ, (4) ਇਕੱਠੇ ਪਿਛਲੇ 4 ਸਾਲਾਂ ਦੀ ਆਈ.ਟੀ. ਰਿਟਰਨ ਭਰ ਸਕਣਗੇ। (5) ਅਗਲੇ 6 ਸਾਲਾਂ ਵਿਚ ਦਾਲਾਂ ਅਤੇ ਤੁੜ ਵਰਗੀਆਂ ਦਾਲਾਂ ਦਾ ਉਤਪਾਦਨ ਵਧਾਉਣ 'ਤੇ ਧਿਆਨ ਕੇਂਦਰਿਤ ਕਰੋ। (6) ਕਪਾਹ ਦਾ ਉਤਪਾਦਨ ਵਧਾਉਣ ਦਾ 5 ਸਾਲਾ ਮਿਸ਼ਨ, ਇਸ ਨਾਲ ਦੇਸ਼ ਦਾ ਟੈਕਸਟਾਈਲ ਉਦਯੋਗ ਮਜ਼ਬੂਤ ਹੋਵੇਗਾ। (7) ਕਿਸਾਨ ਕ੍ਰੈਡਿਟ ਕਾਰਡ 'ਤੇ ਲੋਨ ਦੀ ਸੀਮਾ 3 ਲੱਖ ਰੁਪਏ ਤੋਂ ਵਧਾ ਕੇ 5 ਲੱਖ ਰੁਪਏ ਕੀਤੀ ਜਾਵੇਗੀ। (9) ਬਿਹਾਰ ਵਿਚ ਮਖਾਨਾ ਬੋਰਡ ਬਣੇਗਾ, ਛੋਟੇ ਕਿਸਾਨਾਂ ਅਤੇ ਵਪਾਰੀਆਂ ਨੂੰ ਇਸ ਦਾ ਫਾਇਦਾ ਹੋਵੇਗਾ। (10) ਛੋਟੇ ਉਦਯੋਗਾਂ ਲਈ ਵਿਸ਼ੇਸ਼ ਕ੍ਰੈਡਿਟ ਕਾਰਡ, ਪਹਿਲੇ ਸਾਲ 10 ਲੱਖ ਕਾਰਡ ਜਾਰੀ ਕੀਤੇ ਜਾਣਗੇ (11) ਐੱਮ.ਐੱਸ.ਐੱਮ.ਈਜ਼ ਲਈ ਲੋਨ ਗਾਰੰਟੀ ਕਵਰ 5 ਕਰੋੜ ਤੋਂ ਵਧਾ ਕੇ 12 ਕਰੋੜ ਕੀਤਾ ਜਾਵੇਗਾ, (12) 1.5 ਲੱਖ ਕਰੋੜ ਰੁਪਏ ਤੱਕ ਦੇ ਕਰਜ਼ੇ ਉਪਲਬਧ ਹੋਣਗੇ। (13) 10 ਕਰੋੜ ਰੁਪਏ ਤੋਂ ਵਧਾ ਕੇ ਗਾਰੰਟੀ ਫੀਸ ਵਿਚ ਵੀ ਕਟੌਤੀ ਹੋਵੇਗੀ, (14) ਮੇਕ ਇਨ ਇੰਡੀਆ ਦੇ ਤਹਿਤ ਖਿਡੌਣਾ ਉਦਯੋਗ ਲਈ ਇੱਕ ਵਿਸ਼ੇਸ਼ ਯੋਜਨਾ ਸ਼ੁਰੂ ਕੀਤੀ ਜਾਵੇਗੀ। (15) 23 ਆਈ.ਆਈ.ਟੀ. ਵਿਚ ਮੌਜੂਦ 1.35 ਲੱਖ ਵਿਦਿਆਰਥੀ - ਆਈ.ਆਈ.ਟੀ. ਪਟਨਾ ਦਾ ਵਿਸਤਾਰ ਕੀਤਾ ਜਾਵੇਗਾ। (16) ਏ.ਆਈ. ਲਈ ਆਰਟੀਫੀਸ਼ੀਅਲ ਇੰਟੈਲੀਜੈਂਸ ਵਿਚ ਉੱਤਮਤਾ ਲਈ 500 ਕਰੋੜ ਰੁਪਏ ਦੀ ਘੋਸ਼ਣਾ। (17) ਅਗਲੇ 5 ਸਾਲਾਂ ਵਿਚ ਮੈਡੀਕਲ ਸਿੱਖਿਆ ਵਿਚ 75 ਹਜ਼ਾਰ ਸੀਟਾਂ ਵਧਾਉਣ ਦਾ ਐਲਾਨ।

ਦੋਸਤੋ, ਜੇਕਰ ਅਸੀਂ ਬਜਟ ਵਿਚ ਮੱਧ ਵਰਗ ਲਈ 13 ਵੱਡੇ ਐਲਾਨਾਂ ਦੀ ਗੱਲ ਕਰੀਏ, ਕਿਰਾਏ ਦੀ ਆਮਦਨ 6 ਲੱਖ ਰੁਪਏ (1) 'ਤੇ ਟੀ.ਡੀ.ਐੱਸ. ਛੋਟ, ਹੁਣ 12 ਲੱਖ ਰੁਪਏ ਦੀ ਆਮਦਨ 'ਤੇ ਕੋਈ ਟੈਕਸ ਨਹੀਂ ਹੈ। ਤਨਖਾਹਦਾਰ ਲੋਕਾਂ ਲਈ 75,000 ਰੁਪਏ ਦੀ ਮਿਆਰੀ ਕਟੌਤੀ ਦੇ ਨਾਲ ਟੈਕਸ ਸੀਮਾ 12.75 ਲੱਖ ਰੁਪਏ ਹੈ। (2) ਬਜ਼ੁਰਗਾਂ ਲਈ ਟੈਕਸ ਛੋਟ ਦੁੱਗਣੀ ਕਰ ਦਿੱਤੀ ਗਈ (3) ਟੀ.ਡੀ.ਐੱਸ. ਸੀਮਾ ਵਧਾ ਕੇ 10 ਲੱਖ ਰੁਪਏ ਕਰ ਦਿੱਤੀ ਗਈ। (4) 4 ਸਾਲਾਂ ਲਈ ਅਪਡੇਟਿਡ ਆਈ.ਟੀ.ਆਰ. ਭਰ ਸਕਣਗੇ। (5) ਕਿਰਾਏ ਦੀ ਆਮਦਨ 'ਤੇ ਟੀ.ਡੀ.ਐੱਸ. ਛੋਟ ਵਧਾ ਕੇ 6 ਲੱਖ ਰੁਪਏ ਹੋ ਗਈ ਹੈ। (6) ਮੋਬਾਈਲ ਫੋਨ ਅਤੇ ਈ-ਕਾਰਾਂ ਸਸਤੀਆਂ ਹੋਣਗੀਆਂ। (7) ਈ.ਵੀ. ਅਤੇ ਮੋਬਾਈਲ ਦੀਆਂ ਲਿਥੀਅਮ ਆਇਨ ਬੈਟਰੀਆਂ ਸਸਤੀਆਂ ਹੋਣਗੀਆਂ। (8) ਐੱਲ.ਈ.ਡੀ.-ਐੱਲ.ਸੀ.ਡੀ. ਟੀ.ਵੀ. ਸਸਤੇ ਹੋਣਗੇ। ਕਸਟਮ ਡਿਊਟੀ ਘਟਾ ਕੇ 2.5 ਫੀਸਦੀ ਕਰ ਦਿੱਤੀ ਗਈ ਹੈ, (9) ਅਗਲੇ ਹਫਤੇ ਦੇਸ਼ ਵਿਚ ਇੱਕ ਨਵਾਂ ਇਨਕਮ ਟੈਕਸ ਬਿੱਲ ਪੇਸ਼ ਕੀਤਾ ਜਾਵੇਗਾ, (10) 1 ਲੱਖ ਕਰੋੜ ਰੁਪਏ ਦਾ ਅਰਬਨ ਚੈਲੰਜ ਫੰਡ ਬਣਾਇਆ ਜਾਵੇਗਾ। (11) ਸ਼ਹਿਰੀ ਖੇਤਰਾਂ ਵਿਚ ਗਰੀਬਾਂ ਦੀ ਆਮਦਨ ਵਧਾਉਣ ਦੀ ਯੋਜਨਾ ਹੋਵੇਗੀ। (12) ਇੱਕ ਲੱਖ ਅਧੂਰੇ ਘਰ ਪੂਰੇ ਕੀਤੇ ਜਾਣਗੇ, 40 ਹਜ਼ਾਰ ਨਵੇਂ ਘਰ 2025 ਵਿਚ ਸੌਂਪੇ ਜਾਣਗੇ। (13) ਹਰ ਘਰ ਤੱਕ ਨਲਕੇ ਦਾ ਪਾਣੀ ਮੁਹੱਈਆ ਕਰਵਾਉਣ ਲਈ ਜਲ ਜੀਵਨ ਮਿਸ਼ਨ ਪ੍ਰੋਗਰਾਮ 2028 ਤੱਕ ਵਧਾਇਆ ਜਾਵੇਗਾ।

ਦੋਸਤੋ, ਜੇਕਰ ਅਸੀਂ ਬਜਟ ਵਿਚ ਬਜ਼ੁਰਗਾਂ ਅਤੇ ਮਹਿਲਾ ਉੱਦਮੀਆਂ ਲਈ ਐਲਾਨਾਂ ਦੀ ਗੱਲ ਕਰੀਏ, ਤਾਂ ਔਰਤਾਂ ਲਈ 3 ਐਲਾਨ ਹਨ: (1) ਪਹਿਲੀ ਵਾਰ ਉੱਦਮੀਆਂ ਲਈ 2 ਕਰੋੜ ਰੁਪਏ ਦਾ ਟਰਮ ਲੋਨ। (2) ਐੱਸ.ਸੀ.-ਐੱਸ.ਟੀ. ਦੀਆਂ ਐੱਮ.ਐੱਸ.ਐੱਮ.ਈ. ਮਹਿਲਾ ਉੱਦਮੀਆਂ ਲਈ ਵਿਸ਼ੇਸ਼ ਕਰਜ਼ਾ ਯੋਜਨਾ, (3) ਪਹਿਲੀ ਵਾਰ ਉੱਦਮੀ ਬਣਨ ਵਾਲੀਆਂ ਔਰਤਾਂ ਨੂੰ 2 ਕਰੋੜ ਰੁਪਏ ਦਾ ਮਿਆਦੀ ਕਰਜ਼ਾ ਮਿਲੇਗਾ। ਬਜ਼ੁਰਗਾਂ ਲਈ 6 ਘੋਸ਼ਣਾਵਾਂ: ਬਜ਼ੁਰਗਾਂ ਲਈ ਟੈਕਸ ਛੋਟ ਦੁੱਗਣੀ (1) ਬਜ਼ੁਰਗਾਂ ਲਈ ਟੈਕਸ ਛੋਟ ਦੁੱਗਣੀ, 50 ਹਜ਼ਾਰ ਰੁਪਏ ਤੋਂ ਵਧਾ ਕੇ 1 ਲੱਖ ਰੁਪਏ ਕੀਤੀ ਗਈ। (2) 36 ਜੀਵਨ ਰੱਖਿਅਕ ਦਵਾਈਆਂ ਪੂਰੀ ਤਰ੍ਹਾਂ ਟੈਕਸ ਮੁਕਤ ਹਨ। (3) ਦੇਸ਼ ਵਿਚ 200 ਡੇ-ਕੇਅਰ ਕੈਂਸਰ ਸੈਂਟਰ ਬਣਾਏ ਜਾਣਗੇ। (4) ਮੈਡੀਕਲ ਉਪਕਰਨ ਅਤੇ ਕੈਂਸਰ ਦੀਆਂ ਦਵਾਈਆਂ ਸਸਤੀਆਂ ਹੋਣਗੀਆਂ। (5) 6 ਜੀਵਨ ਬਚਾਉਣ ਵਾਲੀਆਂ ਦਵਾਈਆਂ 'ਤੇ ਕਸਟਮ ਡਿਊਟੀ 5% ਘਟਾਈ ਗਈ ਹੈ। (6) 13 ਮਰੀਜ਼ ਸਹਾਇਤਾ ਪ੍ਰੋਗਰਾਮ ਨੂੰ ਬੇਸਿਕ ਕਸਟਮ ਡਿਊਟੀ ਤੋਂ ਬਾਹਰ ਰੱਖਿਆ ਗਿਆ ਹੈ

ਦੋਸਤੋ, ਮੈਨੂੰ ਦੱਸੋ ਕਿ ਜੇਕਰ ਪੇਂਡੂ ਕਿਸਾਨਾਂ ਲਈ ਬਜਟ ਵਿਚ 11 ਯੂ.ਐੱਨ.ਓ. ਬਣਾਏ ਜਾਣ, ਤਾਂ ਕਿਸਾਨਾਂ ਲਈ 12 ਐਲਾਨ ਹੋਣਗੇ: (1) ਕਿਸਾਨ ਕ੍ਰੈਡਿਟ ਕਾਰਡ ਦੀ ਸੀਮਾ 3 ਲੱਖ ਰੁਪਏ ਤੋਂ ਵਧਾ ਕੇ 5 ਲੱਖ ਰੁਪਏ ਕੀਤੀ ਗਈ। (2) ਕਿਸਾਨ ਕ੍ਰੈਡਿਟ ਕਾਰਡ (ਕੇ.ਸੀ.ਸੀ.) ਸੀਮਾ 3 ਲੱਖ ਰੁਪਏ ਤੋਂ ਵਧਾ ਕੇ 5 ਲੱਖ ਰੁਪਏ ਕਰ ਦਿੱਤੀ ਗਈ ਹੈ। (3) ਪ੍ਰਧਾਨ ਮੰਤਰੀ ਧਨ-ਧੰਨਿਆ ਕ੍ਰਿਸ਼ੀ ਯੋਜਨਾ ਦੇਸ਼ ਦੇ 100 ਜ਼ਿਲ੍ਹਿਆਂ ਨੂੰ ਸ਼ੁਰੂ ਕੀਤੀ ਜਾਵੇਗੀ। (4) ਡੇਅਰੀ ਅਤੇ ਮੱਛੀ ਪਾਲਣ ਲਈ 5 ਲੱਖ ਰੁਪਏ ਤੱਕ ਦਾ ਕਰਜ਼ਾ। (5) ਸਮੁੰਦਰੀ ਉਤਪਾਦ ਸਸਤੇ ਹੋਣਗੇ, ਕਸਟਮ ਡਿਊਟੀ 30% ਤੋਂ ਘਟਾ ਕੇ 5% ਕੀਤੀ ਜਾਵੇਗੀ। (6) ਅੰਡੇਮਾਨ, ਨਿਕੋਬਾਰ ਅਤੇ ਡੂੰਘੇ ਸਮੁੰਦਰ ਵਿਚ ਮੱਛੀਆਂ ਫੜਨ ਨੂੰ ਉਤਸ਼ਾਹਿਤ ਕੀਤਾ ਜਾਵੇਗਾ। (7) ਬਿਹਾਰ ਦੇ ਕਿਸਾਨਾਂ ਦੀ ਮਦਦ ਲਈ ਮਖਾਨਾ ਬੋਰਡ ਬਣਾਇਆ ਜਾਵੇਗਾ। (8) ਪੱਛਮੀ ਕੋਸੀ ਨਹਿਰ ਪ੍ਰੋਜੈਕਟ ਮਿਥਿਲਾਂਚਲ ਵਿਚ ਸ਼ੁਰੂ ਹੋਵੇਗਾ। 50 ਹਜ਼ਾਰ ਹੈਕਟੇਅਰ ਖੇਤਰ ਦੇ ਕਿਸਾਨਾਂ ਨੂੰ ਫਾਇਦਾ ਹੋਵੇਗਾ। (9) ਦਾਲਾਂ ਵਿਚ ਸਵੈ-ਨਿਰਭਰਤਾ ਪ੍ਰਾਪਤ ਕਰਨ ਲਈ 6 ਸਾਲਾਂ ਦਾ ਮਿਸ਼ਨ। (10) ਗ੍ਰਾਮੀਣ ਸਕੀਮਾਂ ਵਿਚ ਪੋਸਟ ਪੇਮੈਂਟ ਬੈਂਕ ਭੁਗਤਾਨ ਸੇਵਾ ਦਾ ਵਿਸਤਾਰ ਕੀਤਾ ਜਾਵੇਗਾ। (11) ਕਪਾਹ ਉਤਪਾਦਨ ਲਈ 5 ਸਾਲਾ ਕਾਰਜ ਯੋਜਨਾ। ਉਤਪਾਦਨ 'ਤੇ ਫੋਕਸ - ਮਾਰਕੀਟਿੰਗ (12) ਨਾਮਰੂਪ, ਅਸਾਮ ਵਿਚ ਇੱਕ ਨਵਾਂ ਯੂਰੀਆ ਪਲਾਂਟ ਸਥਾਪਿਤ ਕੀਤਾ ਜਾਵੇਗਾ।

ਦੋਸਤੋ, ਜੇਕਰ ਬਜਟ ਵਿਚ ਨੌਜਵਾਨਾਂ ਲਈ ਅਲਾਟਮੈਂਟ ਦੀ ਗੱਲ ਕਰੀਏ, ਤਾਂ ਇਸ ਵਾਰ ਬਜਟ ਵਿਚ ਨੌਜਵਾਨਾਂ ਲਈ ਬਹੁਤ ਕੁਝ ਦਿੱਤਾ ਗਿਆ ਹੈ। ਤਕਨੀਕੀ ਸਿੱਖਿਆ 'ਤੇ ਜ਼ੋਰ ਦਿੰਦੇ ਹੋਏ ਵਿੱਤ ਮੰਤਰੀ ਨੇ ਬਜਟ 'ਚ ਆਈ.ਆਈ.ਟੀਜ਼ ਲਈ ਬਹੁਤ ਕੁਝ ਦਿੱਤਾ ਹੈ, ਇਸ ਦੇ ਤਹਿਤ ਆਈ.ਆਈ.ਟੀ. ਦਾ ਬੁਨਿਆਦੀ ਢਾਂਚਾ ਵਧਾਉਣ, ਸੀਟਾਂ ਵਧਾਉਣ ਅਤੇ ਕੇਂਦਰਾਂ ਦੀ ਗਿਣਤੀ ਵਧਾਉਣ ਦਾ ਵੀ ਐਲਾਨ ਕੀਤਾ ਗਿਆ ਹੈ। 2023 ਵਿਚ ਆਈ.ਆਈ.ਟੀ. ਕੇਂਦਰਾਂ ਦੀ ਗਿਣਤੀ ਵਿਚ ਵਾਧਾ ਕੀਤਾ ਗਿਆ ਸੀ, ਹੁਣ ਇਨ੍ਹਾਂ ਕੇਂਦਰਾਂ ਦਾ ਬੁਨਿਆਦੀ ਢਾਂਚਾ ਵਧਾਇਆ ਜਾਵੇਗਾ, ਤਾਂ ਜੋ ਇਨ੍ਹਾਂ ਸੰਸਥਾਵਾਂ ਅਤੇ ਉਨ੍ਹਾਂ ਦੇ ਕੈਂਪਸਾਂ ਨੂੰ ਵੱਧ ਤੋਂ ਵੱਧ ਵਿਦਿਆਰਥੀਆਂ ਲਈ ਪੜ੍ਹਨ ਦੇ ਯੋਗ ਬਣਾਇਆ ਜਾ ਸਕੇ। ਇਸ ਦੇ ਨਾਲ ਹੀ 5 ਆਈ.ਆਈ.ਟੀ. ਵਿਚ ਸਿੱਖਿਆ ਵਿਚ ਸੁਧਾਰ ਲਈ ਵੱਖਰਾ ਫੰਡ ਦਿੱਤਾ ਜਾਵੇਗਾ, ਤਾਂ ਜੋ ਇਸ ਨੂੰ ਵਧਾਇਆ ਜਾ ਸਕੇ, ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕੀਤਾ ਜਾ ਸਕੇ, ਇਸ ਤੋਂ ਇਲਾਵਾ ਬਿਹਾਰ ਦੀ ਰਾਜਧਾਨੀ ਪਟਨਾ ਵਿਚ ਸਥਿਤ ਆਈ.ਆਈ.ਟੀ. ਵਿੱਤ ਮੰਤਰੀ ਦੇ ਐਲਾਨ ਮੁਤਾਬਕ ਦੇਸ਼ ਭਰ ਦੀਆਂ 23 ਆਈ.ਆਈ.ਟੀ. ਸੰਸਥਾਵਾਂ ਵਿਚ ਸੀਟਾਂ ਦੀ ਗਿਣਤੀ ਵਧਾਈ ਜਾਵੇਗੀ। ਇਸ ਨਾਲ ਇੱਥੇ ਦਾਖ਼ਲਾ ਲੈਣ ਵਾਲੇ ਵਿਦਿਆਰਥੀਆਂ ਦੀ ਗਿਣਤੀ ਦੁੱਗਣੀ ਹੋ ਜਾਵੇਗੀ।

ਦੋਸਤੋ, ਜੇਕਰ ਅਸੀਂ ਨੌਕਰੀ ਕਰਨ ਵਾਲੇ ਨੌਜਵਾਨਾਂ ਅਤੇ ਹੋਰ ਕਰਮਚਾਰੀਆਂ ਦੇ ਨਵੇਂ ਟੈਕਸ ਰੈਜ਼ਿਊਮੇ ਦੀ ਗੱਲ ਕਰੀਏ, ਤਾਂ ਰੁਜ਼ਗਾਰ ਪ੍ਰਾਪਤ ਲੋਕਾਂ ਦੀ 12.75 ਲੱਖ ਰੁਪਏ ਤੱਕ ਦੀ ਆਮਦਨ ਟੈਕਸ ਮੁਕਤ ਹੋਵੇਗੀ, ਸਰਕਾਰ ਸਾਰੇ ਹੇਠਲੇ ਸਲੈਬਾਂ ਦਾ ਟੈਕਸ ਮੁਆਫ ਕਰੇਗੀ, ਆਮਦਨ ਟੈਕਸ ਦਾਤਾਵਾਂ ਨੂੰ ਮਿਲਿਆ ਹੈ। ਇੱਕ ਵੱਡੀ ਰਾਹਤ, ਨਵੀਂ ਟੈਕਸ ਪ੍ਰਣਾਲੀ ਦੇ ਤਹਿਤ, ਨੌਕਰੀ ਕਰਨ ਵਾਲੇ ਲੋਕਾਂ ਨੂੰ 12.75 ਲੱਖ ਰੁਪਏ ਤੱਕ ਦੀ ਸਾਲਾਨਾ ਆਮਦਨ 'ਤੇ ਕੋਈ ਟੈਕਸ ਨਹੀਂ ਦੇਣਾ ਪਵੇਗਾ, ਨਵੀਂ ਆਮਦਨ ਟੈਕਸ ਪ੍ਰਣਾਲੀ ਦੇ ਤਹਿਤ 4 ਲੱਖ ਰੁਪਏ ਤੱਕ ਦੀ ਆਮਦਨ 'ਤੇ ਕੋਈ ਟੈਕਸ ਨਹੀਂ ਲੱਗੇਗਾ। ਇਸ ਦੇ ਨਾਲ ਹੀ ਸਰਕਾਰ ਧਾਰਾ 87ਏ ਦੇ ਤਹਿਤ 4 ਤੋਂ 8 ਲੱਖ ਰੁਪਏ ਦੀ ਆਮਦਨ ਸਲੈਬ 'ਤੇ 5 ਫੀਸਦੀ ਅਤੇ 8 ਤੋਂ 12 ਲੱਖ ਰੁਪਏ ਦੀ ਆਮਦਨ 'ਤੇ 10 ਫੀਸਦੀ ਟੈਕਸ ਮੁਆਫ ਕਰੇਗੀ। ਇਸ ਤੋਂ ਇਲਾਵਾ 75 ਹਜ਼ਾਰ ਰੁਪਏ ਦੀ ਸਟੈਂਡਰਡ ਡਿਡਕਸ਼ਨ ਵੀ ਮਿਲੇਗੀ। ਇਸ ਤਰ੍ਹਾਂ, 12.75 ਲੱਖ ਰੁਪਏ ਦੀ ਨੌਕਰੀ ਕਰਨ ਵਾਲੇ ਲੋਕਾਂ ਦੀ ਕੁੱਲ ਆਮਦਨ ਟੈਕਸ ਮੁਕਤ ਹੋ ਜਾਵੇਗੀ।

ਇਸ ਲਈ, ਜੇਕਰ ਅਸੀਂ ਉਪਰੋਕਤ ਪੂਰੇ ਵੇਰਵਿਆਂ ਦਾ ਅਧਿਐਨ ਕਰਦੇ ਹਾਂ ਅਤੇ ਇਸਦਾ ਵਿਸ਼ਲੇਸ਼ਣ ਕਰਦੇ ਹਾਂ, ਤਾਂ ਸਾਨੂੰ ਪਤਾ ਲੱਗੇਗਾ ਕਿ ਪੂਰਾ ਬਜਟ 1 ਫਰਵਰੀ 2025 ਨੂੰ ਮੱਧ ਵਰਗ, ਕਿਸਾਨਾਂ, ਔਰਤਾਂ, ਬਜ਼ੁਰਗਾਂ, ਨੌਜਵਾਨਾਂ ਲਈ ਨਵਾਂ ਇਨਕਮ ਟੈਕਸ ਕਾਨੂੰਨ (ਟੈਕਸ ਕੋਡ ਬਿੱਲ) ਲਿਆਉਣ ਦਾ ਐਲਾਨ ਕੀਤਾ ਜਾਵੇਗਾ। ਪੁਰਾਣੇ ਟੈਕਸ ਦੀ ਵਿਵਸਥਾ ਆਪਣੇ ਅੰਤ ਦੇ ਨੇੜੇ ਹੈ। 2025 ਦੇ ਪੂਰੇ ਬਜਟ ਵਿਚ ਮੱਧ ਵਰਗ, ਔਰਤਾਂ, ਕਿਸਾਨ, ਨੌਜਵਾਨ ਬਜ਼ੁਰਗ, ਸਭ ਨੂੰ ਉਮੀਦ ਤੋਂ ਵੱਧ ਮਿਲਿਆ ਹੈ।



# ਜ਼ਿੰਦਗੀ ਦੀ ਖ਼ੂਬਸੂਰਤੀ ਨੂੰ ਖ਼ੂਬਸੂਰਤੀ ਨਾਲ ਸਾਂਭਣ ਵਾਲੀ ਸਵੈ-ਜੀਵਨੀ 'ਮੀਡੀਆ ਆਲੋਚਕ ਦੀ ਆਤਮਕਥਾ'


ਡਾ. ਲਖਵੀਰ ਸਿੰਘ
ਗੁਰੂ ਨਾਨਕ ਦੇਵ ਯੂਨੀਵਰਸਿਟੀ ਕਾਲਜ, ਜਲੰਧਰ, ਫ਼ੋਨ: 99110-03559
ਪੰਜਾਬ ਮੇਲ USA










ਮੀਡੀਆ ਆਲੋਚਨਾ ਦੇ ਖੇਤਰ ਵਿਚ ਪ੍ਰੋ. ਕੁਲਬੀਰ ਸਿੰਘ ਇਕ ਜਾਣਿਆ-ਪਛਾਣਿਆ ਨਾਮ ਹੈ। ਪੰਜਾਬੀ ਦੇ ਇੱਕ ਪ੍ਰਸਿੱਧ ਅਖ਼ਬਾਰ ਵਿਚ ਉਨ੍ਹਾਂ ਦਾ ਕਾਲਮ 'ਟੈਲੀਵਿਜ਼ਨ ਸਮੀਖਿਆ' ਤਿੰਨ ਦਹਾਕਿਆਂ ਤੋਂ ਵੀ ਵੱਧ ਸਮੇਂ ਤੋਂ ਲਗਾਤਾਰ ਛਪ ਰਿਹਾ ਹੈ। 'ਮੀਡੀਆ ਆਲੋਚਕ ਦੀ ਆਤਮਕਥਾ' ਪ੍ਰੋ. ਕੁਲਬੀਰ ਸਿੰਘ ਦੀ ਸਵੈ-ਜੀਵਨੀ ਹੈ। ਪੰਜਾਬੀ ਵਿਚ ਪਿਛਲੇ ਕੁੱਝ ਦਹਾਕਿਆਂ ਤੋਂ ਵਾਰਤਕ ਸਾਹਿਤ ਦੀ ਭਰਪੂਰ ਰਚਨਾ ਹੋ ਰਹੀ ਹੈ, ਸਮਕਾਲੀ ਪੰਜਾਬੀ ਵਾਰਤਕ ਸਾਹਿਤ ਵਿਚ ਸਵੈ-ਜੀਵਨੀ ਰੂਪਾਕਾਰ ਦਾ ਵਿਸ਼ੇਸ਼ ਸਥਾਨ ਹੈ। 'ਮੀਡੀਆ ਆਲੋਚਕ ਦੀ ਆਤਮਕਥਾ' ਦੀ ਆਮਦ ਪੰਜਾਬੀ ਸਵੈ-ਜੀਵਨੀ ਸਾਹਿਤ ਨੂੰ ਗਿਣਤੀ ਪੱਖੋਂ ਹੀ ਨਹੀਂ, ਸਗੋਂ ਗੁਣਾਂ ਪੱਖੋਂ ਵੀ ਅਮੀਰੀ ਬਖ਼ਸ਼ਦੀ ਹੈ। ਇਹ ਗੁਣ ਮੁੱਖ ਰੂਪ ਵਿਚ ਇਸ ਸਵੈ-ਜੀਵਨੀ ਦੇ ਪ੍ਰਕਾਸ਼ਨ ਪਿਛਲੀ ਸ਼ਿੱਦਤ ਅਤੇ ਪ੍ਰੋ. ਕੁਲਬੀਰ ਸਿੰਘ ਦੀ ਮੌਲਿਕ ਸ਼ੈਲੀ ਹਨ। ਸਵੈ-ਜੀਵਨੀ ਦਾ ਮੁੱਖ ਉਦੇਸ਼ ਸਵੈ-ਜੀਵਨੀਕਾਰ ਦੀ ਜ਼ਿੰਦਗੀ ਦੇ ਸੱਚ ਦਾ ਕਲਾਮਈ ਪ੍ਰਗਟਾਵਾ ਹੁੰਦਾ ਹੈ, ਜੋ ਪਾਠਕ ਅੰਦਰ ਕੁੱਝ ਨਵਾਂ ਸਿਰਜਣ ਦੀ ਸਮਰੱਥਾ ਰੱਖਦਾ ਹੋਵੇ। ਹੱਥਲੀ ਸਵੈ-ਜੀਵਨੀ ਇਸ ਤੱਤ ਅਤੇ ਉਦੇਸ਼ ਨਾਲ ਪੂਰੀ ਤਰ੍ਹਾਂ ਲਬਰੇਜ਼ ਹੈ। ਪੁਸਤਕ ਦੇ ਸਰਵਰਕ ਤੋਂ ਲੈ ਕੇ ਇਸਦੇ ਲਗਭਗ ਹਰ ਪੰਨੇ ਉੱਪਰ ਛਪੀਆਂ ਤਸਵੀਰਾਂ ਅਤੇ ਇੱਥੋਂ ਤੱਕ ਕਿ ਲਿਖਾਈ ਦੇ ਰੰਗ ਵਿਚ ਵੀ ਕਲਾਤਮਕਤਾ ਨਜ਼ਰ ਆਉਂਦੀ ਹੈ। ਇਹ ਸਭ ਪ੍ਰਯੋਗ ਜਿੱਥੇ ਲੇਖਕ ਦੀ ਸ਼ੈਲੀ ਦੀ ਸਿਰਜਣਾ ਕਰਦੇ ਹਨ, ਉੱਥੇ ਹੀ ਸਮਕਾਲੀ ਪਾਠਕ ਦੀ ਲੋੜ ਬਾਰੇ ਉਸਦੇ ਸੁਚੇਤ ਹੋਣ ਦੀ ਗਵਾਹੀ ਵੀ ਭਰਦੇ ਹਨ। ਕੁੱਲ 65 ਛੋਟੇ-ਛੋਟੇ ਪਾਠਾਂ ਵਿਚ ਵੰਡ ਕੇ ਨਿੱਕੇ-ਨਿੱਕੇ ਵਾਕਾਂ ਨੂੰ ਪਰੋ ਕੇ ਲਿਖੀ ਗਈ ਇਹ ਸਵੈ-ਜੀਵਨੀ ਪਾਠਕ ਨੂੰ ਮੱਲੋ-ਮੱਲੀ ਆਪਣੇ ਵੱਲ ਖਿੱਚਦੀ ਹੈ। ਇਨ੍ਹਾਂ 65 ਪਾਠਾਂ ਵਿਚ ਮੀਡੀਆ, ਲੇਖਕ ਦਾ ਬਚਪਨ, ਵਿਦਿਆ, ਕਿੱਤੇ, ਕਾਲਮਨਵੀਸੀ, ਵਿਦੇਸ਼ ਯਾਤਰਾਵਾਂ, ਆਕਾਸ਼ਵਾਣੀ ਨਾਲ ਜੁੜੀਆਂ ਯਾਦਾਂ, ਲੇਖਕ ਦਾ ਜੀਵਨ ਅਨੁਭਵ, ਰਚਨਾ ਸੰਸਾਰ ਅਤੇ ਮਾਨ-ਸਨਮਾਨ ਬਾਰੇ ਵਿਸਤ੍ਰਿਤ ਪਰ ਬੜੇ ਕਲਾਤਮਕ ਢੰਗ ਨਾਲ ਸੰਗਠਿਤ ਮਿਲਦੀ ਹੈ।

ਇਸ ਸਵੈ-ਜੀਵਨੀ ਵਿਚ ਪ੍ਰੋ. ਕੁਲਬੀਰ ਸਿੰਘ ਦੇ ਜੀਵਨਗਤ ਵੇਰਵਿਆਂ ਦੇ ਨਾਲ-ਨਾਲ ਪਾਠਕ ਨੂੰ 20ਵੀਂ ਸਦੀ ਦੇ ਅੰਤਲੇ ਦਹਾਕਿਆਂ ਤੋਂ ਲੈ ਕੇ ਹੁਣ ਤੱਕ ਮੀਡੀਆ ਸੰਸਾਰ ਵਿਚ ਆਈਆਂ ਤਬਦੀਲੀਆਂ, ਪੰਜਾਬੀ ਮੀਡੀਆ ਦੀ ਪ੍ਰਕਿਰਤੀ, ਅਕਾਦਮਿਕ ਖੇਤਰ ਵਿਚ ਮੀਡੀਆ ਦੇ ਸਥਾਨ ਨਾਲ ਸੰਬੰਧਤ ਇਤਿਹਾਸਕ ਅਤੇ ਪ੍ਰਮਾਣਿਕ ਜਾਣਕਾਰੀ ਹਾਸਿਲ ਹੁੰਦੀ ਹੈ, ਜੋ ਕਿ ਬਹੁਤ ਹੀ ਰੌਚਕ ਢੰਗ ਨਾਲ ਪੇਸ਼ ਕੀਤੀ ਗਈ ਹੈ। ਇਸ ਪੁਸਤਕ ਦਾ ਇੱਕ ਹੋਰ ਬਹੁਤ ਖ਼ੂਬਸੂਰਤ ਪੱਖ ਜੀਵਨ-ਜਾਚ ਦੀ ਸਿੱਖਿਆ ਦੇਣਾ ਹੈ, ਪੁਸਤਕ ਵਿਚ ਦਰਜ ਜੀਵਨ-ਜਾਚ ਦੇ ਨੁਕਤੇ ਲੇਖਕ ਦੀ ਆਪਣੀ ਨਿਰੰਤਰ ਸਰਗਰਮ, ਸਾਕਾਰਤਮਕ ਅਤੇ ਸਿਹਤਮੰਦ ਜੀਵਨ-ਸ਼ੈਲੀ ਦੇ ਨਿੱਜੀ ਅਨੁਭਵ ਵਿਚੋਂ ਨਿਕਲੇ ਹਨ, ਜਿਵੇਂ 'ਜਦ ਨਿਰਾਸ਼-ਉਦਾਸ ਹੋਵੋ ਤਾਂ ਚੰਗੀ ਪੁਸਤਕ, ਚੰਗਾ ਆਰਟੀਕਲ, ਚੰਗੀ ਕਵਿਤਾ ਪੜ੍ਹੋ। ਹੌਂਸਲਾ ਮਿਲੇਗਾ।' (ਪੰਨਾ 21)। ਪੁਸਤਕ ਪੜ੍ਹਕੇ ਜਾਪਦਾ ਹੈ ਕਿ ਇਹ ਸਿਰਫ਼ ਸਵੈ-ਜੀਵਨੀ ਹੀ ਨਹੀਂ, ਸਗੋਂ ਵਾਰਤਕ ਦੀ ਕੋਈ ਨਿਬੰਧਨੁਮਾ ਰਚਨਾ ਵੀ ਹੈ।

ਭਾਸ਼ਾ ਦੀ ਗੱਲ ਕਰੀਏ ਤਾਂ ਜਿਸ ਸਰਲਤਾ ਅਤੇ ਸਾਦਗੀ ਨੂੰ ਪ੍ਰੋ. ਕੁਲਬੀਰ ਸਿੰਘ ਨੇ ਅਪਣਾਇਆ ਹੈ, ਉਹ ਸਮੇਂ ਦੇ ਹਾਣ ਦੀ ਹੈ, ਅਜੋਕੇ ਸਮੇਂ ਵਿਚ ਜਿਸ ਪ੍ਰਕਾਰ ਸਾਡੀ ਭਾਸ਼ਾ ਵਿਚ ਅੰਗਰੇਜ਼ੀ, ਹਿੰਦੀ, ਉਰਦੂ ਆਦਿ ਭਾਸ਼ਾਵਾਂ ਦੇ ਸ਼ਬਦਾਂ ਨੇ ਆਪਣਾ ਸਥਾਨ ਬਣਾ ਲਿਆ ਹੈ, ਉਸੇ ਪ੍ਰਕਾਰ ਇਸ ਸਵੈ-ਜੀਵਨੀ ਦੀ ਭਾਸ਼ਾ ਵੀ ਆਪਣੇ ਨਾਲ ਪੰਜਾਬੀ ਤੋਂ ਇਲਾਵਾ ਹੋਰਨਾਂ ਭਾਸ਼ਾਵਾਂ ਦੀ ਸ਼ਬਦਾਵਲੀ ਬੜੇ ਸਹਿਜ ਭਾਵ ਨਾਲ ਲੈ ਕੇ ਚੱਲਦੀ ਹੈ, ਜੋ ਪਾਠਕ ਨੂੰ ਰੜਕਦੀ ਨਹੀਂ, ਸਗੋਂ ਸਹਿਜਤਾ ਮਹਿਸੂਸ ਕਰਾਉਂਦੀ ਹੈ। ਸਮਕਾਲੀ ਸਮਿਆਂ ਵਿਚ ਛੱਪ ਰਹੀ ਵਾਰਤਕ ਵਿਚ ਮਨੁੱਖ ਦੀ ਸ਼ਖ਼ਸੀਅਤ ਨੂੰ ਨਿਖਾਰਣ ਦੇ ਪ੍ਰਵਚਨ ਦੀ ਪ੍ਰਵਿਰਤੀ ਭਾਰੂ ਹੈ, ਨਾਲ ਹੀ ਸੂਚਨਾ ਤਕਨਾਲੋਜੀ ਅਤੇ ਬਿਜਲਈ ਮੀਡੀਆ ਦੇ ਇਸ ਦੌਰ ਵਿਚ ਇਹ ਮੰਨਿਆ ਜਾਂਦਾ ਹੈ ਕਿ 21ਵੀਂ ਸਦੀ ਵਿਚ ਕਿਤਾਬਾਂ ਪੜ੍ਹਨ ਵਾਲਿਆਂ ਦੀ ਗਿਣਤੀ ਦਿਨੋਂ-ਦਿਨ ਘਟੀ ਹੈ ਕਿਉਂਕਿ ਲੋਕ ਵਿਜ਼ੂਅਲ ਪਾਠ ਨਾਲ ਜ਼ਿਆਦਾ ਜੁੜ ਗਏ ਹਨ। ਉਹ ਸਭ ਕੁੱਝ ਕਿਸੇ ਫ਼ਿਲਮ, ਦਸਤਾਵੇਜ਼ੀ-ਫ਼ਿਲਮ, ਵੈੱਬ-ਸੀਰੀਜ਼, ਪੌਡਕਾਸਟ, ਆਡੀਓ-ਪੁਸਤਕ ਜਾਂ ਈ-ਪੁਸਤਕ ਰਾਹੀਂ ਹੀ ਗ੍ਰਹਿਣ ਕਰਨ ਦੇ ਆਦੀ ਹੁੰਦੇ ਜਾ ਰਹੇ ਹਨ। ਫ਼ਲਸਰੂਪ ਮੰਡੀ ਸਮਕਾਲੀ ਸਮਾਜ ਨੂੰ ਉਪਰੋਕਤ ਸਾਧਨਾਂ ਰਾਹੀਂ ਚੰਗੇ ਦੀ ਥਾਂ ਬੁਰਾ ਜ਼ਿਆਦਾ ਪਰੋਸ ਰਹੀ ਹੈ। ਜਾਪਦਾ ਹੈ ਕਿ ਲੇਖਕ ਨੇ ਇਸ ਸਮੱਸਿਆ ਨੂੰ ਖਾਸ ਤੌਰ 'ਤੇ ਧਿਆਨ ਵਿਚ ਰੱਖਦਿਆਂ ਪੁਸਤਕ ਨੂੰ ਵਿਸ਼ੇਸ਼ ਦਿੱਖ ਦੇਣ ਦਾ ਯਤਨ ਕੀਤਾ ਹੈ।






ਇਸ ਦਿੱਖ ਅਤੇ ਪ੍ਰਕਾਸ਼ਨ ਵਿਚ ਸਵੈ ਨੂੰ ਲਿਸ਼ਕਾਉਣ ਦੇ ਪ੍ਰਵਚਨ ਅਤੇ ਤਸਵੀਰਾਂ ਰਾਹੀਂ ਲੇਖਕ ਨੇ ਇਸਨੂੰ ਪ੍ਰਿੰਟ ਹੋਣ ਦੇ ਬਾਵਜੂਦ ਵਿਜ਼ੂਅਲ ਦਿੱਖ ਦੇਣ ਦਾ ਉਚੇਚ ਕੀਤਾ ਹੈ, ਜੋ ਕੇ ਸਮੇਂ ਦੀ ਰਮਜ਼ ਨੂੰ ਪਛਾਣਨ ਦਾ ਸਬੂਤ ਅਤੇ ਸਾਰਥਕ ਪ੍ਰਯੋਗ ਹੈ। ਸੂਚਨਾ ਤਕਨਾਲੋਜੀ ਦੇ ਪ੍ਰਭਾਵ ਕਰਕੇ ਹੀ ਲੋਕ ਪੁਸਤਕਾਂ ਨਾਲੋਂ ਨਹੀਂ ਟੁੱਟੇ, ਸਗੋਂ ਮਹਿੰਗਾਈ ਦੇ ਦੌਰ ਵਿਚ ਚੰਗੀਆਂ ਪੁਸਤਕਾਂ ਦੀਆਂ ਉੱਚੀਆਂ ਕੀਮਤਾਂ ਨੇ ਵੀ ਪਾਠਕਾਂ ਦੀ ਗਿਣਤੀ ਘਟਾਈ ਹੈ। ਪਾਠਕ ਦੀ ਪਹੁੰਚ ਪੁਸਤਕ ਤੱਕ ਬਣਾਉਣ ਦੇ ਯਤਨ ਅਧੀਨ ਇਸ ਪੁਸਤਕ ਦੀ ਕੀਮਤ ਨੂੰ ਵੀ ਦੇਖਿਆ ਜਾ ਸਕਦਾ ਹੈ, ਜੋ ਸਿਰਫ਼ 200 ਰੁਪਏ ਹੈ, ਮੰਡੀ ਦੀ ਮਾਰੋ-ਮਾਰੀ ਵਿਚ ਪਾਠਕ ਨੂੰ ਪੁਸਤਕ ਨਾਲ ਜੋੜਣ ਦਾ ਇਹ ਵੀ ਇੱਕ ਮਹੱਵਪੂਰਨ ਨੁਕਤਾ ਹੈ। ਪ੍ਰੋ. ਕੁਲਬੀਰ ਸਿੰਘ ਦੁਆਰਾ ਸਾਂਝੀਆਂ ਕੀਤੀਆਂ ਯਾਦਾਂ ਅਤੇ ਵਿਦੇਸ਼ ਫੇਰੀਆਂ ਕਰਕੇ ਇਹ ਸਵੈ-ਜੀਵਨੀ ਕਿਤੇ-ਕਿਤੇ ਸ਼ੰਸਮਰਣ ਅਤੇ ਸਫ਼ਰਨਾਮਾ ਸਾਹਿਤ ਦਾ ਭੁਲੇਖਾ ਵੀ ਪਾਉਂਦੀ ਹੈ। ਵਿਦੇਸ਼ ਫੇਰੀਆਂ ਅਤੇ ਪੱਤਰਕਾਰਤਾ ਨਾਲ ਜੁੜੇ ਹੋਣ ਕਰਕੇ ਇਸ ਸਵੈ-ਜੀਵਨੀ ਅੰਦਰ ਲੇਖਕ ਦੀ ਵਿਸ਼ਵ-ਦ੍ਰਿਸ਼ਟੀ ਖੁੱਲ੍ਹ ਕੇ ਸਾਹਮਣੇ ਆਉਂਦੀ ਹੈ। ਲੇਖਕ ਦੁਆਰਾ ਸਮਕਾਲੀ ਮੀਡੀਆ ਉੱਪਰ ਪੁਸਤਕ ਵਿਚ ਕੀਤੀਆਂ ਆਲੋਚਨਾਤਮਕ ਟਿੱਪਣੀਆਂ ਅਜੋਕੇ ਮੀਡੀਆ ਦੀ ਮੰਡੀ ਮਾਨਸਿਕਤਾ ਦਾ ਪਾਜ ਉਦੇੜਦੀਆਂ ਹਨ। ਇਸ ਤਰ੍ਹਾਂ ਇਹ ਸਵੈ-ਜੀਵਨੀ ਪਾਠਕ ਨੂੰ ਲੇਖਕ ਦੇ ਜੀਵਨ ਦੇ ਸੱਚ ਨਾਲ ਹੀ ਰੂ-ਬ-ਰੂ ਨਹੀਂ ਕਰਵਾਉਂਦੀ, ਸਗੋਂ ਸਾਡੇ ਸਮਿਆਂ ਦੇ ਸੱਚ ਨਾਲ ਜੋੜ ਕੇ ਚੇਤੰਨ ਵੀ ਕਰਦੀ ਹੈ। ਤੱਥਾਂ, ਤਸਵੀਰਾਂ ਅਤੇ ਬਹੁਮੁੱਲੇ ਵਿਚਾਰਾਂ ਦੇ ਸੁੰਦਰ ਸੁਮੇਲ ਨਾਲ ਸਿਰਜਤ ਇਹ ਰਚਨਾ ਪੜ੍ਹਨ ਵਾਲੇ ਦੇ ਮਨ ਨੂੰ ਤਾਂ ਯਕੀਨਨ ਸ਼ਿੰਗਾਰੇਗੀ ਹੀ, ਸਗੋਂ ਜਿਸ ਵੀ ਲਾਇਬ੍ਰੇਰੀ ਦੀ ਸੈਲਫ਼ ਉੱਪਰ ਜਾਵੇਗੀ ਜਾਂ ਜਿਸ ਵੀ ਮੇਜ਼ ਉੱਪਰ ਟਿਕੇਗੀ ਜਾਂ ਜਿਨ੍ਹਾਂ ਵੀ ਹੱਥਾਂ ਵਿਚ ਖੁੱਲ੍ਹੇਗੀ, ਉਨ੍ਹਾਂ ਦਾ ਵੀ ਸ਼ਿੰਗਾਰ ਲਾਜ਼ਮੀ ਵਧਾਏਗੀ। ਰੂਪ ਪੱਖੋਂ ਪੰਜਾਬੀ ਸਵੈ-ਜੀਵਨੀ ਸਾਹਿਤ ਵਿਚ 'ਮੀਡੀਆ ਆਲੋਚਕ ਦੀ ਆਤਮਕਥਾ' ਆਉਣ ਵਾਲੇ ਸਮੇਂ ਵਿਚ ਛਪਣ ਵਾਲੀ ਸਵੈ-ਜੀਵਨੀਆਂ ਅੱਗੇ ਇੱਕ ਨਵਾਂ ਮਾਡਲ ਲੈ ਕੇ ਆਈ ਹੈ ਅਤੇ ਵਸਤੂ ਪੱਖੋਂ ਇਹ ਸਮਕਾਲੀ ਪਾਠਕ ਦੀਆਂ ਰੁਚੀਆਂ ਨੂੰ ਧਿਆਨ ਵਿਚ ਰੱਖਦਿਆਂ ਲੇਖਕ ਦੇ ਜੀਵਨ ਦਾ ਸ਼ੀਸ਼ਾ ਪਾਠਕ ਨੂੰ ਦਿਖਾ ਕੇ ਪਾਠਕ ਦੀ ਜ਼ਿੰਦਗੀ ਵਿਚ ਨਵੀਂ ਊਰਜਾ ਭਰਨ ਦੀ ਸਮਰੱਥਾ ਰੱਖਦੀ ਹੈ।



# ਬੇਰੋਜ਼ਗਾਰੀ ਨੇ ਵਧਾਏ ਮਾਨਸਿਕ ਰੋਗੀ

## ਮਨੋਵਿਗਿਆਨ ਮਹੀਨਾ ਫਰਵਰੀ 2025

ਅਨਿਲ ਧੀਰ
ਬਰੈਂਟਪਨ, ਕੈਨੇਡਾ
647-853-5800
ਪੰਜਾਬ ਮੇਲUSA



**"ਮਾਨਸਿਕ ਪ੍ਰੇਸ਼ਾਨੀਆਂ ਪ੍ਰਤੀ ਜਾਗਰੂਕਤਾ ਲਈ ਮਾਨਸਿਕ ਮਹੀਨਾ ਸਾਲ 2025 ਦਾ ਥੀਮ ਹੈ – ਸਟੂਡੈਂਟ ਲਾਈਫ ਤੋਂ ਰਿਟਾਇਰ ਹੋਣ ਤੱਕ ਸਾਇੰਸ ਨਾਲ ਜੁੜੀਆਂ ਔਰਤਾਂ ਨੂੰ ਅਨੁਸਰਣ ਕਰਨ ਬਾਰੇ ਹੈ। ਅੱਜ ਬੇਰੋਜ਼ਗਾਰੀ ਮਾਨਸਿਕ ਰੋਗਾਂ ਦੀ ਜੜ੍ਹ ਬਣਦੀ ਜਾ ਰਹੀ ਹੈ। ਮਾਨਸਿਕ ਬਿਮਾਰੀਆਂ ਤੋਂ ਬਚਣ ਲਈ ਵਿਸ਼ਵ ਸਿਹਤ ਸੰਗਠਨ ਵੱਲੋਂ ਚਲਾਈ ਗਈ ਗਲੋਬਲ ਮੁਹਿਮ ਦਾ ਹਿੱਸਾ ਬਣਨ ਦੀ ਲੋੜ ਹੈ" ਅਨਿਲ ਧੀਰ ਕਾਲਮਨਿਸਟ**







ਮਨੋਵਿਗਿਆਨ ਮਹੀਨਾ 2025 ਦਾ ਥੀਮ ਹੈ- ਸਟੂਡੈਂਟ ਲਾਈਫ ਤੋਂ ਰਿਟਾਇਰ ਹੋਣ ਤੱਕ ਸਾਇੰਸ ਨਾਲ ਜੁੜੀਆਂ ਔਰਤਾਂ ਨੂੰ ਅਨੁਸਰਣ ਕਰਨ ਬਾਰੇ ਹੈ। ਵਿਸ਼ਵ ਭਰ 'ਚ ਮੌਜੂਦਾ ਹਾਲਾਤ ਯਾਨੀ ਬੇਰੁਜ਼ਗਾਰੀ ਨੇ ਹਰ ਦੂਜੇ ਵਿਅਕਤੀ ਨੂੰ ਮਾਨਸਿਕ ਰੋਗੀ ਬਣਾ ਦਿੱਤਾ ਹੈ। ਬੱਚਿਆਂ ਤੋਂ ਲੈ ਕੇ ਹਰ ਉਮਰ ਵਿਚ ਮਾਨਸਿਕ ਬਿਮਾਰੀਆਂ ਦਾ ਅੰਕੜਾ ਵੀ ਵੱਧਦਾ ਜਾ ਰਿਹਾ ਹੈ, ਜੋ ਕਿਸੇ ਵੀ ਰਾਸ਼ਟਰ ਦੇ ਵਿਕਾਸ ਲਈ ਖਤਰੇ ਤੋਂ ਘੱਟ ਨਹੀਂ ਹੈ। ਮਨੋਵਿਗਿਆਨ ਮਹੀਨੇ ਦੇ ਤੌਰ 'ਤੇ ਮਾਨਸਿਕ ਸਿਹਤ ਬਾਰੇ ਜਾਗਰੂਕਤਾ ਪੈਦਾ ਕਰਨ ਅਤੇ ਮਾਨਸਿਕ ਸਿਹਤ ਸਮੱਸਿਆਵਾਂ ਦਾ ਸਾਹਮਣਾ ਕਰ ਰਹੇ ਲੋਕਾਂ ਦੀ ਮਦਦ ਲਈ ਯਤਨਾਂ ਨੂੰ ਜੁਟਾਉਣ ਲਈ ਮਨਾਇਆ ਜਾ ਰਿਹਾ ਹੈ। ਅੱਜ ਹਰ ਤੀਸਰਾ ਆਦਮੀ ਮਾਨਸਿਕ ਸਮੱਸਿਆ ਤਣਾਅ ਯਾਨਿ ਸਟਰੈੱਸ ਦਾ ਸ਼ਿਕਾਰ ਹੋ ਚੁੱਕਾ ਹੈ। ਵਰਕ-ਪਲੇਸ ਸਟਰੈੱਸ 79%, ਆਰਥਿਕ ਤੰਗੀ 84%, ਸਿਹਤ-ਸੰਬੰਧੀ 78%, ਵਾਤਾਵਰਣ ਤਬਦੀਲੀ 59% ਦਾ ਅੰਕੜਾ ਦੇਖਣ ਨੂੰ ਮਿਲ ਰਿਹਾ ਹੈ। ਸਟਰੈੱਸ ਕਿਸੇ ਵੀ ਤਬਦੀਲੀ ਪ੍ਰਤੀ ਸਰੀਰ ਦੀ ਪ੍ਰਤੀਕ੍ਰਿਆ ਹੈ, ਜਿਸ ਲਈ ਵਿਵਸਥਾ ਦੀ ਜ਼ਰੂਰਤ ਹੁੰਦੀ ਹੈ। ਸਰੀਰ ਇਹ ਬਦਲਾਅ, ਤੇ ਸਰੀਰਕ, ਮਾਨਸਿਕ ਅਤੇ ਭਾਵਨਾਤਮਕ ਪ੍ਰਤੀਕ੍ਰਿਆਵਾਂ ਨਾਲ ਪ੍ਰਤੀਕ੍ਰਿਆ ਕਰਦਾ ਹੈ। ਤਣਾਅ ਜ਼ਿੰਦਗੀ ਦਾ ਇੱਕ ਆਮ ਹਿੱਸਾ ਹੁੰਦਾ ਹੈ। ਕੋਈ ਵੀ ਘਟਨਾ, ਦੁਰਘਟਨਾ, ਜਾਂ ਵਿਚਾਰ, ਗੁੱਸਾ, ਘਬਰਾਹਟ ਅਤੇ ਨਿਰਾਸ਼ਾ, ਸਟਰੈੱਸ ਦੇ ਸਕਦੀ ਹੈ। ਤੁਸੀਂ ਆਪਣੇ ਮਾਹੌਲ, ਆਪਣੇ ਸਰੀਰ ਅਤੇ ਵਿਚਾਰਾਂ ਦੁਆਰਾ ਸਟਰੈੱਸ ਮਹਿਸੂਸ ਕਰਦੇ ਹੋ। ਇੱਥੋਂ ਤੱਕ ਕਿ ਸਕਾਰਾਤਮਕ ਜ਼ਿੰਦਗੀ ਵੀ ਬਦਲ ਜਾਂਦੀ ਹੈ। ਜਿਵੇਂ ਤਰੱਕੀ ਅਤੇ ਬੱਚੇ ਦਾ ਜਨਮ ਵੀ ਤਨਾਅ ਪੈਦਾ ਕਰ ਦਿੰਦਾ ਹੈ। ਲੰਬੇ ਸਮੇਂ ਤੱਕ ਰਹਿਣ ਵਾਲਾ ਸਟਰੈੱਸ ਬਿਮਾਰੀਆਂ ਵੀ ਪੈਦਾ ਕਰ ਸਕਦਾ ਹੈ। ਜੀਵ-ਵਿਗਿਆਨ ਵਿਚ ਤਣਾਅ ਸਰੀਰਕ ਜਾਂ ਮਾਨਸਿਕ ਸਿਹਤ ਲਈ ਖਤਰਿਆਂ ਦੇ ਪ੍ਰਤੀ ਸਰੀਰ ਦੀ ਪ੍ਰਤੀਕ੍ਰਿਆ ਹੈ। ਗੰਭੀਰ ਤਣਾਅ ਕਾਰਡੀਓਵੈਸਕੁਲਰ ਬਿਮਾਰੀ, ਚਿੰਤਾ ਅਤੇ ਉਦਾਸੀ ਨਾਲ ਜੁੜ ਜਾਂਦੀ ਹੈ। ਘਰੇਲੂ ਹਿੰਸਾ 'ਤੇ ਲੜਾਈ ਨਾਲ ਜੁੜੀ ਘਟਨਾਵਾਂ ਦਾ ਸਟਰੈੱਸ ਅਤੇ ਸਦਮੇ ਤੋਂ ਬਾਅਦ ਪੀ.ਟੀ.ਐੱਸ.ਡੀ. ਦਾ ਕਾਰਨ ਬਣਦੇ ਹਨ। ਵਿਸ਼ਵ ਭਰ ਵਿਚ ਕਈ ਮਿਲੀਅਨ ਲੋਕ ਇਸ ਨਾਲ ਪ੍ਰਭਾਵਿਤ ਹਨ। ਵੱਧ ਤਣਾਅ ਦੀ ਹਾਲਤ ਵਿਚ ਵਿਅਕਤੀ ਦਾ ਵਿਵਹਾਰ ਸੰਵੇਦਨਸ਼ੀਲ ਹੋ ਜਾਣ ਨਾਲ ਨਸ਼ੀਲੇ ਪਦਾਰਥਾਂ ਦੀ ਲੱਤ ਲੱਗਣ ਦੀ ਸੰਭਾਵਨਾ ਵੀ ਵੱਧ ਜਾਂਦੀ ਹੈ। ਇਨਸਾਨ ਦੇ ਨਾਲ-ਨਾਲ ਪਾਲਤੂ ਜਾਨਵਰ ਕੁੱਤੇ-ਬਿੱਲੀਆਂ ਵਿਚ ਵੀ ਤਣਾਅ ਦੇ ਲੱਛਣ ਦੇਖੇ ਜਾਂਦੇ ਹਨ। ਸਟਰੈੱਸ ਦੀ ਹਾਲਤ ਵਿਚ ਜਾਨਵਰਾਂ ਦਾ ਵਿਵਹਾਰ ਬਦਲ ਜਾਂਦਾ ਹੈ।

ਸਟਰੈੱਸ ਦੇ ਆਮ ਕਾਰਨ, ਪੈਸਾ, ਕੰਮ, ਆਰਥਿਕਤਾ, ਪਰਿਵਾਰਕ ਜ਼ਿੰਮੇਵਾਰੀਆਂ, ਰਿਸ਼ਤੇ, ਨਿੱਜੀ ਸਿਹਤ ਦੇ ਮੁੱਦੇ, ਮਕਾਨ ਦੇ ਖਰਚੇ, ਜੌਬ ਦੀ ਚਿੰਤਾ, ਨਿੱਜੀ ਸੁਰੱਖਿਆ, ਪਰਿਵਾਰਕ ਸਿਹਤ ਸਮੱਸਿਆਵਾਂ ਨੂੰ ਮੰਨਿਆ ਗਿਆ ਹੈ। ਸੋਚਣ ਦਾ ਨੈਗੇਟਿਵ ਤਰੀਕਾ ਅਤੇ ਵੱਖ ਹੁਨਰ ਚਿੰਤਾ ਵਧਾ ਰਿਹਾ ਹੈ। ਮਾਡਰਨ ਲਾਈਫ ਸਟਾਇਲ ਵਿਚ ਇਨਸਾਨ ਸਰੀਰਕ ਤਣਾਅ- ਜਿਵੇਂ ਸੱਟ, ਇਨਫੈਕਸ਼ਨ, ਸਰਜਰੀ, ਦੂਸ਼ਿਤ ਵਾਤਾਵਰਣ, ਰੇਡੀਏਸ਼ਨ, ਵੱਧ ਰਿਹਾ ਸ਼ੋਰ, ਵਾਇਰਲ ਇਨਫੈਕਸ਼ਨ, ਥਕਾਵਟ, ਡਾਇਬਟੀਜ਼, ਹਾਰਮੋਨਲ ਬਦਲਾਅ, ਐਲਰਜੀ, ਸੰਵੇਦਨਸ਼ੀਲਤਾ, ਅਣਚਾਹੇ ਸਿਗਰੇਟ-ਇੰਡਸਟਰੀਅਲ ਧੂੰਏ ਦਾ ਅਸਰ, ਸਰੀਰ ਅੰਦਰ ਖੁਰਾਕੀ ਤੱਤਾਂ ਦੀ ਕਮੀ ਕਾਰਨ ਘੇਰੇ ਵਿਚ ਆ ਰਿਹਾ ਹੈ। ਮਨੋ-ਵਿਗਿਆਨਕ ਤਣਾਅ ਨਾਰਾਜ਼ਗੀ, ਡਰ, ਨਿਰਾਸ਼ਾ, ਉਦਾਸੀ, ਗੁੱਸਾ, ਬੌਧਿਕ ਤਣਾਅ, ਸਮੇਂ ਦੀ ਤੇਜ਼ ਰਫਤਾਰ, ਚਿੰਤਾ, ਸ਼ਰਮ, ਈਰਖਾ, ਵਿਰੋਧ, ਸਵੈ-ਆਲੋਚਨਾ, ਘਬਰਾਹਟ, ਕੰਟਰੋਲ ਤੋਂ ਬਾਹਰ ਹੋਣਾ, ਧੋਖਾਧੜੀ, ਹੋ ਜਾਣ ਨਾਲ ਦੇਖਿਆ ਜਾ ਰਿਹਾ ਹੈ। ਸਟਰੈੱਸ ਸਕਾਰਾਤਮਕ ਵੀ ਹੋ ਸਕਦਾ ਹੈ, ਜਿਵੇਂ ਕਿ ਡੈੱਡਲਾਈਨ ਨੂੰ ਪੂਰਾ ਕਰਨ ਅਤੇ ਸੰਭਾਵਿਤ ਖਤਰੇ ਤੋਂ ਬਚਣ ਲਈ ਮਦਦ ਵੀ ਕਰਦਾ ਹੈ।

### ਜਰੂਰੀ ਹੋ ਗਿਆ ਹੈ, ਮਨ ਨੂੰ ਫਿੱਟ ਰੱਖਣਾ:

- ਬੇਰੋਜ਼ਗਾਰੀ ਤੋਂ ਪ੍ਰੇਸ਼ਾਨ ਵਿਅਕਤੀ ਨੂੰ ਆਪਣਾ ਕਾਨਫੀਡੈਂਸ ਬਰਕਾਰਾਰ ਰੱਖਣ ਦੀ ਲੋੜ ਹੁੰਦੀ ਹੈ। ਕਿਉਂਕਿ ਸਰੀਰਕ-ਮਾਨਸਿਕ ਬਿਮਾਰੀਆਂ ਬਿਨ ਬੁਲਾਏ ਆ ਰਹੀਆਂ ਹਨ।
- ਅੱਜ ਵਿਦਿਆਰਥੀ ਨੂੰ ਆਪਣੇ ਅੰਦਰ ਹੈਂਡੀ ਸਕਿੱਲ ਪੈਦਾ ਕਰਨ ਦੀ ਲੋੜ ਹੈ। ਤਾਂਕਿ ਮੁਸ਼ਕਲ ਸਮੇਂ 'ਚ ਰੋਜ਼ੀ-ਰੋਟੀ ਚਲਦੀ ਰਹੇ।
- ਆਮ ਤਣਾਅ ਦੀ ਹਾਲਤ ਵਿਚ ਮਨ-ਪਸੰਦ ਸੰਗੀਤ ਯਾਨਿ ਨਵੇਂ-ਪੁਰਾਣੇ ਗੀਤ, ਗਜ਼ਲਾਂ, ਕਵਾਲੀਆਂ, ਇੰਸਟਰੂਮੈਂਟਲ ਸੰਗੀਤ ਸੁਣੋ। ਸਟਰੈੱਸ ਹਾਰਮੋਨ ਕੋਰਟੀਸੋਲ ਨੂੰ ਘਟਾ ਕੇ ਬਲੱਡ-ਪ੍ਰੈਸ਼ਰ ਨੂੰ ਘੱਟ ਕਰਕੇ ਸਰੀਰ ਨੂੰ ਰੀਲੈਕਸ ਕਰਦਾ ਹੈ। ਸਰੀਰ ਅਤੇ ਮਨ 'ਤੇ ਸਕਾਰਾਤਮਕ ਅਸਰ ਪਾਉਂਦਾ ਹੈ।
- ਸਟਰੈੱਸ ਰਹਿਣ ਦੀ ਹਾਲਤ ਵਿਚ ਆਪਣੇ ਚੰਗੇ ਦੋਸਤ-ਮਿੱਤਰਾਂ ਨਾਲ ਗੱਲਬਾਤ ਕਰੋ। ਜ਼ਿੰਦਗੀ ਵਿਚ ਚੰਗੇ ਦੋਸਤ ਬੜੇ ਮਹੱਤਵਪੂਰਣ ਹੁੰਦੇ ਹਨ, ਜੋ ਸਮੱਸਿਆ ਦੂਰ ਕਰਨ ਵਿਚ ਮਦਦ ਵੀ ਕਰਦੇ ਹਨ। ਘਰ ਵਿਚ ਪਰਿਵਾਰ ਦੇ ਮੈਂਬਰਾਂ ਨਾਲ ਆਪਣੀ ਟੈਨਸ਼ਨ ਬਾਰੇ ਮਸ਼ਵਰਾ ਕਰਨ ਨਾਲ ਰੀਲੈਕਸ ਮਹਿਸੂਸ ਕਰੋ।
- ਰੂਟੀਨ ਦੀ ਟੈਨਸ਼ਨ ਵਿਚ ਆਪਣੇ-ਆਪ ਨੂੰ ਸ਼ਾਂਤਮਈ ਸਮਾਂ ਦੇ ਕੇ ਵਿਚਾਰ ਕਰੋ, ਕੋਈ ਵੀ ਫੈਸਲਾ ਲੈਣ ਤੋਂ ਪਹਿਲਾਂ ਪਲੱਸ-ਮਾਈਨਸ ਬਾਰੇ ਗੌਰ ਕਰੋ। ਅਧੂਰੇ ਕੰਮ ਨੂੰ ਪੂਰਾ ਕਰਨ ਲਈ ਕੀ ਕਰਨਾ ਚਾਹੀਦਾ ਹੈ।
- ਮਾਨਸਿਕ ਅਤੇ ਸਰੀਰਕ ਤੰਦਰੁਸਤੀ ਲਈ ਪੌਸ਼ਟਿਕ ਖੁਰਾਕ ਲਵੋ। ਜੰਕ-ਫੂਡ, ਤੰਬਾਕੂ, ਸ਼ਰਾਬ ਤਣਾਅ ਵਧਾ ਸਕਦੀ ਹੈ। ਸ਼ੂਗਰ ਲੀਮਿਟ ਵਿਚ ਖਾਓ। ਤੰਦਰੁਸਤ ਦਿਮਾਗ ਲਈ ਭੋਜਨ ਵਿਚ ਓਮੇਗਾ 3, 6, 9 ਨੂੰ ਸ਼ਾਮਿਲ ਕਰੋ। ਵਿਟਾਮਿਨ ਸਪਲੀਮੈਂਟਸ, ਆਪਣੇ ਫੈਮਿਲੀ ਡਾਕਟਰ ਦੀ ਸਲਾਹ ਨਾਲ ਸ਼ੁਰੂ ਕਰੋ।
- ਚੰਗੇ ਕਾਮੇਡੀ ਸੀਰੀਅਲ ਵਾਚ ਕਰੋ। ਹੱਸਣ ਨਾਲ ਸਰੀਰ ਅੰਦਰ ਐਂਡਰੋਫਿਨ ਰੀਲੀਜ਼ ਹੋਣ ਨਾਲ ਤਣਾਅ ਪੈਦਾ ਕਰਨ ਵਾਲੇ ਹਾਰਮੋਨਸ ਕੋਰਟੀਸੋਲ ਅਤੇ ਐਡਰਨਾਲੀਨ ਦੇ ਪੱਧਰ ਨੂੰ ਘੱਟ ਹੋ ਜਾਣ ਨਾਲ ਤੁਹਾਡਾ ਮਨ ਆਰਾਮ ਮਹਿਸੂਸ ਕਰਦਾ ਹੈ।
- ਐਨਰਜ਼ੀ ਡ੍ਰਿੰਕਸ, ਕਾਫੀ, ਬਲੈਕ ਚਾਹ ਦੀ ਥਾਂ ਗ੍ਰੀਨ-ਟੀ ਪੀਣ ਦੀ ਆਦਤ ਪਾ ਲਵੋ। ਕਿਉਂਕਿ ਜ਼ਿਆਦਾ ਕੈਫੀਨ ਕੁੱਝ ਸਮੇਂ ਲਈ ਸਪਾਈ ਪੈਦਾ ਕਰਦੀ ਹੈ, ਜੋ ਹਾਈਪੋਥਲਮਿਕ - ਪੀਟੁਟਰੀ-ਐਡਰੀਨਲ ਧੁਰੇ ਨੂੰ ਓਵਰਡ੍ਰਾਈਵ ਵਿਚ ਜਾਣ ਦਾ ਕਾਰਨ ਵੀ ਬਣ ਸਕਦਾ ਹੈ। ਜਦਕਿ ਗ੍ਰੀਨ-ਟੀ ਅੰਦਰ ਮੌਜੂਦ ਐਂਟੀਆਕਸੀਡੈਂਟਸ ਤੇ ਅਮੀਨੋ ਐਸਿਡ ਤੰਤੂ ਪ੍ਰਣਾਲੀ ਨੂੰ ਰੀਲੈਕਸ ਕਰਦਾ ਹੈ।
- ਗਰਮ ਦੁੱਧ, ਤਾਜ਼ੇ ਫਲਾਂ ਦਾ ਰੱਸ, ਨਮਕੀਨ ਲੱਸੀ ਤੇ ਸ਼ਿਕੰਜਵੀ, ਮਿਕਸ ਵੈਜ਼ੀਟੇਬਲ, ਚਿਕਨ ਸੂਪ ਸਾਦਾ ਪਾਣੀ ਜ਼ਿਆਦਾ ਪੀ ਕੇ ਟੈਨਸ਼ਨ ਘਟਾਓ।
- ਡੇਲੀ ਰੂਟੀਨ ਵਿਚ ਵਰਕ-ਆਊਟ, ਯੋਗਾ, ਸੈਰ, ਦਿਮਾਗੀ ਕਸਰਤ, ਅਤੇ ਬਿਮਾਰੀ ਦੀ ਹਾਲਤ ਵਿਚ ਫਿਜ਼ੀਓ ਥੇਰਾਪਿਸਟ ਦੀ ਸਲਾਹ ਨਾਲ ਸ਼ੁਰੂ ਕਰੋ।
- ਕਾਂਟੀਨੈਂਟਲ ਸ਼ਿਫਟਾਂ ਨੇ ਵਰਕਰਾਂ ਦੀ ਨੀਂਦ ਖਰਾਬ ਕਰ ਦਿੱਤੀ ਹੈ। ਸਰੀਰ ਨੂੰ ਪੂਰੀ ਨੀਂਦ ਨਾ ਮਿਲਣ ਦੀ ਹਾਲਤ ਵਿਚ ਵਿਅਕਤੀ ਤਣਾਅ ਦੇ ਘੇਰੇ ਵਿਚ ਰਹਿੰਦਾ ਹੈ। ਦਿਮਾਗ ਨੂੰ ਪੂਰਾ ਆਰਾਮ ਨਹੀਂ ਮਿਲਦਾ। ਤੰਦਰੁਸਤ ਮਨ ਅਤੇ ਸਰੀਰ ਲਈ ਡੇਲੀ 8-10 ਘੰਟੇ ਦੀ ਨੀਂਦ ਲੈਣੀ ਜ਼ਰੂਰੀ ਹੈ।
- ਜੇ ਪਾਲਤੂ ਕੁੱਤੇ-ਬਿੱਲੀਆਂ ਦਾ ਵਿਵਹਾਰ ਬਦਲ ਜਾਵੇ, ਤਾਂ ਉਨ੍ਹਾਂ ਦੀ ਖੁਰਾਕ ਦੇ ਨਾਲ-ਨਾਲ ਡੇਲੀ ਉਨ੍ਹਾਂ ਨਾਲ ਖੇਡੋ, ਪਿਆਰ ਕਰੋ ਅਤੇ ਸੈਰ ਕਰਾਓ। ਲੰਮੇ ਸਮੇਂ ਤੱਕ ਪਾਲਤੂ ਜਾਨਵਰਾਂ ਦੇ ਖਰਾਬ ਵਿਵਹਾਰ ਲਈ ਵੈਟਨਰੀ ਸਲਾਹ ਲਵੋ।

ਨੋਟ: ਮਾਨਸਿਕ ਤੰਦਰੁਸਤੀ ਲਈ ਟੈਨਸ਼ਨ ਦੇ ਸ਼ਿਕਾਰ ਬੱਚੇ, ਸੀਨੀਅਰਸ ਅਤੇ ਗਰਭਵਤੀ ਔਰਤਾਂ ਦਾ ਖਾਸ ਧਿਆਣ ਰੱਖੋ। ਮਨ ਅਤੇ ਸਰੀਰ ਦੀ ਬਿਮਾਰੀ ਦੀ ਹਾਲਤ ਵਿਚ ਡਾਕਟਰੀ ਇਲਾਜ ਨਾਲ ਸਟਰੈੱਸ ਕੰਟਰੋਲ ਕਰਨਾ ਚਾਹੀਦਾ ਹੈ। ਦਿਲ ਦੀ ਆਮ ਸਮੱਸਿਆ ਦੇ ਲੱਛਣ ਸਾਹ ਚੜ੍ਹਨਾ, ਛਾਤੀ ਵਿਚ ਦਰਦ, ਅਨਿਯਮਿਤ ਧੜਕਨ ਅਤੇ ਚੱਕਰ ਆਉਣ ਦੀ ਸ਼ਿਕਾਇਤ ਵਿਚ ਤੁਹਾਡਾ ਫੈਮਿਲੀ ਡਾਕਟਰ ਸਟਰੈੱਸ ਟੈਸਟ ਦੇ ਨਾਲ ਕਈ ਹੋਰ ਜਾਂਚ ਲਈ ਵੀ ਕਹਿ ਸਕਦੇ ਹਨ।






## ਧੱਕੇ ਨਾਲ

ਸਿਰ 'ਤੇ ਨਾ ਚੁੱਕੀਏ ਹੰਕਾਰ ਵਾਲੀ ਪੰਡ ਜੀ।
ਜਦੋਂ ਮਾਰੂ, ਮਾਰਦਾ ਏ ਬੰਦੇ ਨੂੰ ਘੁਮੰਡ ਜੀ।

ਚੰਗੀ ਤਰ੍ਹਾਂ ਜੰਮਦੀ ਨਾ ਕੋਈ ਵੀ ਫਸਲ ਹੁੰਦੀ,
ਬਾਰਿਸ਼ਾਂ ਦੇ ਨਾਲ ਜਦੋਂ ਜਾਂਦੀ ਏ ਕਰੰਡ ਜੀ।

ਮਾਪਿਆਂ ਦੇ ਦਿਲ ਉੱਤੇ ਉਦੋਂ ਬੁਰੀ ਬੀਤਦੀ ਏ,
ਸਕਿਆਂ ਭਰਾਵਾਂ ਵਿਚ ਪੈਂਦੀ ਜਦੋਂ ਵੰਡ ਜੀ।

ਦਾਨ ਦੇਣਾ ਹੋਵੇ ਦੇਵੋ, ਨਿਮਰਤਾ ਦੇ ਵਿਚ ਰਹਿਕੇ,
ਲੋਕਾਂ ਵਿਚ ਐਵੇਂ ਬਹੁਤੀ ਪਾਈਦੀ ਨੀਂ ਡੰਡ ਜੀ।

ਲੋਲੋ-ਪੋਪੋ ਕਰਕੇ ਨਾ ਸਿਰ 'ਤੇ ਚੜ੍ਹਾਈਏ ਬਹੁਤਾ,
ਰੰਬਾ ਅਤੇ ਧੀਆਂ-ਪੁੱਤ ਰੱਖੀਦੇ ਆ ਚੰਡ ਜੀ।

ਦਿਲ ਵਿਚ ਕੂੜ ਅਤੇ ਪਾਪ ਪਾਲ਼ੀ ਬੈਠੇ ਕਈ,
ਬਾਣਾ ਪਾ ਕੇ ਧਰਮਾਂ ਦਾ ਕਰਦੇ ਪਖੰਡ ਜੀ।

ਬੜਾ ਔਖਾ 'ਨਾਗਰਾ' ਏ ਦਾਨ-ਪੁੰਨ ਕਰਨਾ,
ਧੱਕੇ ਨਾਲ ਰੱਬ ਤਾਂ ਭਰਾ ਦਿੰਦਾ ਦੰਡ ਜੀ।

-ਜਸਪਾਲ ਸਿੰਘ ਨਾਗਰਾ
'ਮਹਿੰਦਪੁਰੀ', ਯੂਬਾ ਸਿਟੀ
ਫੋਨ:+1-360-448-1989



## ਵਿਦੇਸ਼ਾਂ ਦੀ ਚਮਕ

ਕੰਮਕਾਰ ਸਭ ਮੰਦੇ ਹੋ ਗਏ, ਫੇਲ੍ਹ ਹੋਈ ਨੀਤੀ-ਸਰਕਾਰ,
ਜਿਧਰ ਦੇਖੋ ਗਭਰੂ ਘੁੰਮਦੇ, ਪੜ੍ਹੇ-ਲਿਖੇ ਹਨ ਬੇਰੁਜ਼ਗਾਰ।
ਜੀਣਾ ਚੰਗਾ ਹਰੇਕ ਲੋਚਦਾ, ਨ ਭਵਿੱਖ ਘੋਰ ਅੰਧਿਆਰ,
ਤੁਰ ਪਏ ਸਭ ਵੱਲ ਬਿਦੇਸ਼ਾਂ, ਲੈ ਕੇ ਸੁਫ਼ਨੇ ਦਿਲ ਹਜ਼ਾਰ।

ਮੁੱਛ-ਫੁੱਟ ਲੂਟੇ ਬੜੇ ਕਾਹਲੇ, ਕਰੀ ਆਈਲੈਟਸ ਬੇਕਰਾਰ,
ਕੁੜੀਆਂ ਵੀ ਨ੍ਹੀਂ ਘੱਟ ਕਿਤੇ, ਬੰਨ੍ਹੀਂ ਫਿਰਦੀਆਂ ਨੇ ਕਤਾਰ।
ਛੱਡ ਨੈਤਿਕ ਕਦਰ-ਕੀਮਤਾਂ, ਜਾਹਲੀ ਵਿਆਹ ਬੇਸ਼ੁਮਾਰ,
ਪਰਾਈ ਧਰਤੀ ਲੋਕ ਪਰਾਏ, ਨੱਠਦੀਆਂ ਨੇ ਮਾਰ ਉਡਾਰ।

ਪਹੁੰਚ ਵਿਦੇਸ਼ੀਂ ਭੱਜੇ ਫਿਰਦੇ, ਜਿਉਂ ਚਾਬੀ ਦੇ ਛੱਡੀ ਕਾਰ,
ਦਿਨੇ ਕਾਲਜ ਰਾਤ ਫੈਕਟਰੀ, ਉਨੀਂਦਰੇ ਧੱਕੇ ਖਾਂਦੇ ਯਾਰ।
ਲੂਰ ਲੂਰ ਕਰਦੇ ਭੋਲ਼ੇ ਚੇਹਰੇ, ਚੇਤੇ ਕਰਦੇ ਮਾਪੇ, ਪਿਆਰ,
ਫਿਰ ਨਾਨੀ ਹੈ ਯਾਦ ਆਂਵਦੀ, ਹੁੰਦੇ ਜਦੋਂ ਖੱਜਲ ਖੁਆਰ।

ਬੇਬੇ ਬਾਪੂ ਵਤਨੀਂ ਛੱਡ 'ਕੱਲੇ, ਸੋਚੇ ਖ਼ੁਆਬ ਹੋਣ ਸਾਕਾਰ,
ਵਾਂਗ ਮੋਮਬੱਤੀ ਜਲੇ ਦੋ ਕੰਨੀਂ, ਨਾਲ਼ ਮੁਸ਼ੱਕਤਾਂ ਬੇੜਾ ਪਾਰ।
ਖੇਡਣ ਦੀ ਉਮਰੇ ਪਏ ਮਾਮਲੇ, ਲਾਹੁੰਣੇ ਕਰਜ਼ੇ ਸਿਰੋਂ ਭਾਰ,
ਕੱਚ-ਕੁਆਰੇ ਰਿਸ਼ਤੇ ਟੁੱਟ'ਗੇ, ਡੁੱਬੇ ਸੋਹਣੀ ਜਿਉਂ ਮੰਝਧਾਰ।

ਨਾ ਕੋਈ ਛੱਡੇ ਦੇਸ਼ ਪਿਆਰਾ, ਜੇ ਕੰਮ-ਧੰਧੇ ਦੇਵੇ ਸਰਕਾਰ,
ਨਾਂਹੀ ਬੁਢਾਪਾ ਰੁਲ਼ੇ ਬੇਕਦਰਾ, ਹੱਸਦਾ ਵਸਦਾ ਹੋਵੇ ਪ੍ਰਵਾਰ।
ਨਾਲ਼ ਇੱਜ਼ਤ ਹੋਣ ਕਮਾਈਆਂ, ਨਾ ਸਹਿਣਾ ਪਵੇ ਤ੍ਰਿਸਕਾਰ,
ਸਭ ਮਜਬੂਰੀਆਂ ਦੀ ਹੈ ਚੂਰੀ, ਖਾਣੀ ਪਵੇ
ਸਦਾ ਮਨ ਮਾਰ।

-ਸੇਵਾ ਸਿੰਘ "ਨੂਰਪੁਰੀ"



## ਜੱਗ ਵਿਚ ਮਹਿਮਾਂ ਹੋਵੇ ਬਾਬੇ ਰਵਿਦਾਸ ਦੀ

ਰੱਬੀ ਨੂਰ ਧਰਤੀ 'ਤੇ ਆਪ ਚੱਲ ਆਇਆ ਏ
ਦੁਨੀਆਂ 'ਚ ਆ ਕੇ ਸਾਰਾ ਜੱਗ ਰੁਸ਼ਨਾਇਆ ਏ
ਮਾਤਾ ਦੇਵੀ ਕਲਸਾਂ ਪਿਤਾ ਸੰਤੋਖ ਦਾਸ ਜੀ
ਜੱਗ ਵਿਚ ਮਹਿਮਾਂ ਹੋਵੇ ਬਾਬੇ ਰਵਿਦਾਸ ਦੀ।

ਲੋਕਾਂ ਦੀ ਨਜ਼ਰ ਵਿਚ ਜੁੱਤੀਆਂ ਹੈ ਗੰਢਦਾ
ਸੰਸਾਰ ਤਾਈਂ ਨਾਮ ਦੀਆਂ ਦਾਤਾਂ ਸਦਾ ਵੰਡਦਾ
ਹਿਰਦੇ 'ਚ ਉਹਦੇ ਭਗਵਾਨ ਦਾ ਹੈ ਵਾਸ ਜੀ।
ਜੱਗ ਵਿਚ ਮਹਿਮਾਂ ਹੋਵੇ--------।

ਪੰਡਤਾਂ ਨੂੰ ਦਮੜੀ ਦੀ ਭੇਟਾ ਜੋ ਫੜਾਈ ਸੀ
ਗੰਗਾ ਮਾਤਾ ਹੱਥ ਬਾਹਰ ਕੱਢ ਲੈਣ ਆਈ ਸੀ
ਚੂੜਾ ਬਾਂਹ 'ਚੋਂ ਲਾਹਕੇ ਭੇਜੀ ਗੰਗਾ ਨੇ ਸੌਗਾਤ ਸੀ।
ਜੱਗ ਵਿਚ ਮਹਿਮਾਂ ਹੋਵੇ--------।

ਮੀਰਾਂ ਬਾਈ, ਝਾਲਾਂ ਰਾਣੀ, ਪੀਪਾ ਰਾਜਾ ਤਾਰਿਆ
ਲੱਖਾਂ ਦੁਖੀ ਲੋਕਾਂ ਦੇ ਸੀ ਦੁਖਾਂ ਨੂੰ ਨਿਵਾਰਿਆ
ਭਗਤਾਂ ਦੀ ਕਰੀ ਪੂਰੀ ਹੋਵੇ ਅਰਦਾਸ ਜੀ।
ਜੱਗ ਵਿਚ ਮਹਿਮਾਂ ਹੋਵੇ--------।

ਗੁਰੂ ਗ੍ਰੰਥ ਸਾਹਿਬ 'ਚ ਦਰਜ ਗੁਰਬਾਣੀ ਹੈ
ਚਿੱਤ ਲਾਕੇ ਪੜ੍ਹੇ ਸੁਣੇ ਤਰ ਜਾਂਦਾ ਪ੍ਰਾਣੀ ਹੈ
ਜਨਮ ਤੁਮਾਰੇ ਲੇਖੇ ਮਾਧੋ ਬਾਣੀ ਆਖਦੀ।
ਜੱਗ ਵਿਚ ਮਹਿਮਾਂ ਹੋਵੇ--------।

ਸ਼ਰਧਾ ਦੇ ਨਾਲ ਸਾਰੇ ਸੀਸ ਪਏ ਝੁਕਾਉਂਦੇ ਨੇ
ਗਿੱਲ ਮਲਕੀਤ ਜਿਹੇ ਸੋਭਾ ਅੱਜ ਗਾਉਂਦੇ ਨੇ
ਕਾਰਜ ਹਮੇਸ਼ਾ ਹੁੰਦੇ ਸੰਗਤਾਂ ਦੇ ਰਾਸ ਜੀ।
ਜੱਗ ਵਿਚ ਮਹਿਮਾਂ ਹੋਵੇ--------।

-ਮਲਕੀਤ ਸਿੰਘ ਗਿੱਲ (ਭੱਠਲਾਂ)
ਸੰਪਰਕ : 94174-90943



## ਨਕਲੀ ਚਿਹਰੇ

ਨਕਲੀ ਚਿਹਰੇ ਵਿੱਚੋਂ ਹੋਰ
ਠਿੱਬੀ ਲਾਉਣ ਨੂੰ ਲਾਉਂਦੇ ਜ਼ੋਰ
ਸਾਹਮਣੇ ਕਰਨ ਉਹ ਜੈ ਜੈਕਾਰ
ਪਿੱਛੋਂ ਕਰਨ ਹੋਰ ਦੀ ਹੋਰ

ਮੂੰਹ ਦੇ ਮਿੱਠੜੇ ਕਲਾਵੇ ਲੈਣ
ਦਿਲ ਦੇ ਵਿਚ ਕੋਈ ਖੋਟ ਹੋਰ
ਕਹਿਣ ਭਾਵੇਂ ਉਹ ਅਸੀਂ ਹਾਂ ਤੇਰੇ
ਅੰਦਰੋਂ ਨੇ ਉਹ ਵੱਡੇ ਚੋਰ

ਮੁਖੌਟਾ ਲਾ ਕੇ ਵਿਚਰਨ ਉਹ
ਕੀਤਾ ਨਾ ਕਦੇ ਇਸ 'ਤੇ ਗੌਰ
ਭੇਤ ਨ ਪਵੇ ਕਦੇ ਕਿਸੇ ਦਾ
ਲਾ ਲਓ ਭਾਵੇਂ ਜਿੰਨਾ ਜ਼ੋਰ
'ਰੰਧਾਵਾ' ਨਹੀਂ ਹੈ ਇੱਡਾ ਭੋਲਾ
ਰਹਿੰਦਾ ਹਰ ਦਮ ਆਪਣੀ ਟੌਰ
ਦੁਨੀਆਂ ਦੇਖੀ ਹੰਡੀ ਵਰਤੀ
ਤੂੰ ਨਹੀਂ ਤਾਂ ਬਥੇਰੇ ਹੋਰ

-ਗੁਰਜਤਿੰਦਰ ਸਿੰਘ ਰੰਧਾਵਾ
ਸੈਕਰਾਮੈਂਟੋ, ਕੈਲੀਫੋਰਨੀਆ
ਫੋਨ: +1 (916) 320-9444



## ਪਰਖ

ਨਾ ਸਾਰੇ ਲੋਕ ਹੀ ਚੰਗੇ ਹੁੰਦੇ,
'ਤੇ ਨਾ ਹੁੰਦੇ ਸਾਰੇ ਮਾੜੇ,
ਇਹ ਤਾਂ ਲੋਕੋ ਆਪਣੀ ਆਪਣੀ,
ਸਮਝ ਦੇ ਹੀ ਨੇ ਪੁਆੜੇ।

ਕਿਹੜਾ ਕਿਸ ਦੇ ਕਿਹੜੇ ਪੱਖੋਂ,
ਸਿਫਤਾਂ ਦੇ ਪੁਲ ਬੰਨ੍ਹੇ,
ਕਿਹੜਾ ਆਪਣੀ ਭੈੜੀ ਨੀਤ ਨਾਲ,
ਨਿੱਤ ਕਿਸੇ ਨੂੰ ਤਾੜੇ।

ਕਿਸੇ ਨੂੰ ਤਾਂ ਮਾਂਹ ਵਾਦੀ ਕਰਦੇ,
ਕਿਸੇ ਨੂੰ ਹੋਣ ਮੁਫਾਦੀ,
ਕੋਈ ਖਾਵੇ ਕੌੜ ਕਰੇਲੇ ਵੀ,
ਲਾ ਲਾ ਕੇ ਚਟਕਾਰੇ।

ਆਪਣੇ ਆਪਣੇ ਗਜ਼ ਨਾਲ ਮਾਪਣ,
ਸਾਰੇ ਇੱਕ ਦੂਜੇ ਨੂੰ,
ਇਸੇ ਲਈ ਵਖਰੇਵੇਂ ਦੇ ਹਰ ਦਿਨ,
ਵਧਦੇ ਜਾਵਣ ਪਾੜੇ।

ਜੇ ਕੋਈ ਕਿਸੇ ਦੇ ਸੌ ਕੰਮ ਸਾਰੇ,
ਪਰ ਇੱਕ ਸਾਰ ਨਾ ਸਕੇ,
ਲੋਕੀ ਸੌ ਵੀ ਝੱਟ ਭੁੱਲ ਜਾਂਦੇ,
'ਤੇ ਉਪਕਾਰੀ ਜਾਂਦੇ ਲਿਤਾੜੇ।

ਨਾਇਕ ਤੋਂ ਖਲਨਾਇਕ ਬਣਾ ਕੇ,
ਦੁਨੀਆਂ ਨੇ ਕਈ ਛੱਡੇ,
ਇਸ ਦੁਨੀਆਂ ਨੇ ਬੇਗਿਣਤ ਹੀ,
ਵਸਦੇ ਰਹਿਬਰ ਉਜਾੜੇ।

ਮਨੁੱਖਤਾ ਨੂੰ ਪਰਖਣ ਦੇ ਵਿਚ,
ਮਨੁੱਖ ਹੀ ਕਰਦਾ ਧੋਖਾ,
ਹੈ ਕੋਈ ਐਸਾ ਸੱਚਾ ਇਨਸਾਫੀ,
ਜੋ ਦੁੱਧ 'ਤੇ ਪਾਣੀ ਨਿਤਾਰੇ?

-ਰਵਿੰਦਰ ਸਿੰਘ ਕੁੰਦਰਾ
ਕੋਵੈਂਟਰੀ, ਯੂ.ਕੇ.



## ਵੋਟ

ਗੱਲ ਜ਼ਰੂਰੀ ਸਭਨਾਂ ਨੂੰ ਜਾ ਕੇ ਸਮਝਾਉਣੀ ਏ
ਇੱਕ ਜੂਨ ਨੂੰ ਸਭ ਤੋਂ ਪਹਿਲਾਂ ਵੋਟ ਹੀ ਪਾਉਣੀ ਏ

ਖ਼ਤਮ ਭ੍ਰਿਸ਼ਟਾਚਾਰ ਜੇ ਕਰਨਾ
ਪਾੜ ਅਮੀਰ ਗਰੀਬ ਦਾ ਭਰਨਾ
ਵੇਖੀਂ ਵੋਟ ਨੇ ਜਾਦੂ ਕਰਨਾ
ਫੇਰ ਨਾ ਕਿਧਰੇ ਲੱਗਣਾ ਧਰਨਾ
ਬੇਰੁਜ਼ਗਾਰੀ ਦੀ ਜੇ ਚਾਹੁੰਦੇ ਅਲਖ ਮਿਟਾਉਣੀ ਏ
ਤਾਂ ਇੱਕ ਜੂਨ ਨੂੰ ਸਭ ਤੋਂ ਪਹਿਲਾਂ ਵੋਟ ਹੀ
ਪਾਉਣੀ ਏ

ਮਾਵਾਂ ਦੇ ਪੁੱਤ ਉਮਰ ਹੰਢਾਵਣ
ਉੱਦਮੀ ਬਣਨ ਭਵਿੱਖ ਸਜਾਵਣ
ਚਿੱਟੇ ਵਾਲੀ ਦਲਦਲ ਵਿਚੋਂ
ਹਿੰਮਤ ਕਰਕੇ ਬਾਹਰ ਆਵਣ
ਨਸ਼ਿਆਂ ਦੇ ਦਰਿਆ ਨੂੰ ਜੇਕਰ ਰੋਕ ਲਗਾਉਣੀ
ਏ
ਤਾਂ ਇੱਕ ਜੂਨ ਨੂੰ ਸਭ ਤੋਂ ਪਹਿਲਾਂ ਵੋਟ ਹੀ
ਪਾਉਣੀ ਏ

ਚਾਹੁੰਦੇ ਜੇ ਬਦਲਾਵ ਲਿਆਉਣਾ
ਸਹੀ ਨਿਜ਼ਾਮ ਅਸਾਂ ਜੇ ਪਾਉਣਾ
ਦੁਨੀਆਂ ਵਾਲੇ ਨਕਸ਼ੇ ਉੱਤੇ
ਭਾਰਤ ਦਾ ਜੇ ਨਾਂ ਚਮਕਾਉਣਾ
ਸ਼ਾਨ ਤਿਰੰਗੇ ਦੀ ਜੇ ਜੱਗ 'ਤੇ ਹੋਰ ਵਧਾਉਣੀ ਏ
ਤਾਂ ਇੱਕ ਜੂਨ ਨੂੰ ਸਭ ਤੋਂ ਪਹਿਲਾਂ ਵੋਟ ਹੀ
ਪਾਉਣੀ ਏ

ਧਰਮ ਜਾਤ ਨੂੰ ਨਾ ਭੜਕਾਈਏ
ਦੇਸ਼ ਦੀ ਖਾਤਰ ਫਰਜ਼ ਨਿਭਾਈਏ
ਹਿੰਸਾ ਖ਼ੂਨ ਖ਼ਰਾਬੇ ਛੱਡ ਕੇ
ਸ਼ਾਂਤਮਈ ਚੋਣਾਂ ਕਰਵਾਈਏ
ਲੋਕਤੰਤਰੀ ਢੰਗ ਨਾਲ ਗੁੱਥੀ ਹਰ ਸੁਲਝਾਉਣੀ ਏ
ਤਾਂ ਇੱਕ ਜੂਨ ਨੂੰ ਸਭ ਤੋਂ ਪਹਿਲਾਂ ਵੋਟ ਹੀ
ਪਾਉਣੀ ਏ

- ਨਿਰਮਲ ਸਿੰਘ ਰੱਤਾ।
84270-07623

## ਜ਼ਿੰਦਗੀ

ਮਾਣ ਕਰੀ ਨਾ ਉੱਚਿਆਂ ਅਹੁਦਿਆਂ ਦਾ
ਇੱਥੇ ਸਦਾ ਨਾ ਚੜ੍ਹਤਾਂ, ਰਹਿਣੀਆਂ ਨੇ
ਹੂੰਗੇ ਵੱਜਣੇ ਅੰਤ ਨੂੰ ਮੰਜਿਆਂ 'ਤੇ
ਜੁੱਸੇ ਵਿਚ ਨਾ ਬੜਕਾਂ, ਰਹਿਣੀਆਂ ਨੇ

ਬਿਲ਼ੀ ਅੱਖ ਨੇ ਸਦਾ ਨੀ ਵਾਰ ਕਰਨੇ
ਨਾ ਇਹ ਸੋਹਣੀਆਂ ਘੜਤਾਂ, ਰਹਿਣੀਆਂ ਨੇ
ਗੋਰੇ ਰੰਗ ਦੀ ਸਦਾ ਨੀ ਟਹਿਕ ਰਹਿਣੀ
ਤੋਰਾਂ ਵਿਚ ਨਾ ਮੜਕਾਂ, ਰਹਿਣੀਆਂ ਨੇ

ਡਾਇਨਾਸੋਰ ਦੇ ਪਿੰਜਰ ਕਹਿਣ ਸਭ ਨੂੰ
ਇੱਥੇ ਸਦਾ ਨਾ ਧਰਤਾਂ ਰਹਿਣੀਆਂ ਨੇ
ਆਉਣ ਜ਼ਲਜ਼ਲੇ ਅਤੇ ਤੂਫ਼ਾਨ ਚੜ੍ਹਕੇ
ਸਾਰੇ ਸ਼ਿਖਰ ਤੇ ਚੋਟੀਆਂ, ਢਹਿਣੀਆਂ ਨੇ

ਖੜਦੇ ਖੜਦੇ, ਗੋਡਿਆਂ ਖੜ ਜਾਣਾ
ਹੱਡਾਂ ਵਿਚ ਨਾ, ਰੜਕਾਂ ਰਹਿਣੀਆਂ ਨੇ
ਪੈਰਾਂ ਵਿਚ ਨਾ ਸਦਾ ਰਫਤਾਰ ਰਹਿਣੀ
ਜੁੱਤੀਆਂ ਵਿਚ ਨਾ, ਜੜਕਾਂ ਰਹਿਣੀਆਂ ਨੇ

ਤੇਰੀ ਜੀਭ ਤੋਂ ਪਾਣੀ ਨੀ ਮੰਗ ਹੋਣਾ
ਬੋਲਾਂ ਵਿਚ ਨਾ ਗੜਕਾਂ ਰਹਿਣੀਆਂ ਨੇ
ਡਾਣਸੀਵਾਲੀਆ ਨਬਜ਼ਾਂ ਖੜ ਜਾਣਾ
ਦਿਲਾਂ ਵਿਚ ਨਾ ਧੜਕਾਂ, ਰਹਿਣੀਆਂ ਨੇ

-ਕੁਲਵੀਰ ਸਿੰਘ ਡਾਨਸੀਵਾਲ,
ਸਰੀ, ਬੀ.ਸੀ. ਕੈਨੇਡਾ
778-863-2472





RE/MAX
RE/MAX
Outstanding Agents
Outstanding Results
DRE Lic. # 01215931 (Broker)

# Gurjatinder S. Randhawa

REALTOR CA DRE licence # 01490567



Gurjatinder S. Randhawa
REALTOR CA DRE licence # 01490567

## FOR SALE & PURCHASE OF ANY KIND OF PROPERTY

ਕੈਲੀਫੋਰਨੀਆ ਵਿਚ ਘਰ ਖਰੀਦਣ ਜਾਂ ਵੇਚਣ ਲਈ ਸੰਪਰਕ ਕਰੋ।

**Gurjatinder S. Randhawa**

**916-320-9444**

web: www.RealtorRandhawa.com

garysingh123@yahoo.com